Punjabi Parwaz

# ਪੰਜਾਬੀ ਪਰਵਾਜ਼

ਅੰਕ 68ਵਾਂ (ਸ਼ਿਕਾਗੋ): 20 ਦਸੰਬਰ 2025 ਤੋਂ 2 ਜਨਵਰੀ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


**ਪੇਂਡੂ ਖੇਤਰਾਂ 'ਤੇ ਇੱਕ ਹੋਰ ਵਾਰ**

## ਕੇਂਦਰ ਵੱਲੋਂ 'ਮਨਰੇਗਾ' ਸਕੀਮ ਖਤਮ ਕਰਨ ਦੀ ਤਿਆਰੀ

### 'ਜੀ ਰਾਮ ਜੀ' ਸਕੀਮ ਲਿਆਉਣ ਦੀ ਤਿਆਰੀ

**ਜਸਵੀਰ ਸਿੰਘ ਸ਼ੀਰੀ**

ਜਾਪਦਾ ਹੈ ਪੰਜਾਬ ਅਤੇ ਕੇਂਦਰ ਸਰਕਾਰ ਪੰਜਾਬ ਦੇ ਪੇਂਡੂ ਖੇਤਰ ਨਾਲ ਜੁੜੇ ਬੰਦੇ ਅਤੇ ਆਰਥਕਤਾ ਨੂੰ ਤਹਿਸ-ਨਹਿਸ਼ ਕਰਨ 'ਤੇ ਤੁਲੀ ਹੋਈ ਹੈ। ਸਾਡੇ ਰੂਲਿੰਗ ਐਲੀਟ ਨੂੰ ਪੂੰਜੀ ਅਤੇ ਵਿਕਸਤ ਤਕਨੀਕ ਆਧਾਰਤ ਪੱਛਮ ਦੇ ਵਿਕਾਸ ਮਾਡਲ ਨੇ ਅੰਨ੍ਹਾ ਕੀਤਾ ਹੋਇਆ ਹੈ, ਜਿਸ ਵਿੱਚ ਬੰਦਾ ਮਸ਼ੀਨ ਦੇ ਮਾਤਹਿਤ ਹੋ ਗਿਆ ਹੈ। ਇਸ ਸਿਸਟਮ ਦੀ ਚੌਥੀ ਕ੍ਰਾਂਤੀ (ਆਟੋਮੇਸ਼ਨ ਆਧਾਰਤ) ਤਾਂ ਮਨੁੱਖ ਨੂੰ ਆਰਥਕਤਾ, ਵਿਕਾਸ ਅਤੇ ਰੁਜ਼ਗਾਰ ਦੇ ਖੇਤਰ ਵਿੱਚੋਂ ਬਾਹਰ ਕਰਨ ਵੱਲ ਵਧ ਰਹੀ ਹੈ।

ਇਸ ਦਾ ਹੱਲ ਪੱਛਮੀ/ਅਮਰੀਕਨ ਬੁੱਧੀਜੀਵੀਆਂ ਨੇ ਇਹ ਲੱਭਿਆ ਹੈ ਕਿ ਕੰਮ ਤੋਂ ਵਿਹਲੇ ਹੋਣ ਵਾਲੇ ਲੋਕਾਂ ਨੂੰ ਇੱਕ ਘੱਟੋ-ਘੱਟ ਆਮਦਨ (ਯੂਨੀਵਰਸਲ ਇਨਕਮ) ਯਕੀਨੀ ਬਣਾਈ ਜਾਵੇ; ਪਰ ਇਸ ਦਰਮਿਆਨ ਇਹ ਵੀ ਚਰਚਾ ਚੱਲ ਰਹੀ ਹੈ ਕਿ ਵਿਹਲੀ ਅਬਾਦੀ ਲਈ ਘੱਟੋ-ਘੱਟ ਆਮਦਨ ਉਨ੍ਹਾਂ ਦੇ ਰੁਜ਼ਗਾਰ ਦਾ ਬਦਲ ਨਹੀਂ ਬਣ ਸਕਦੀ। ਰੁਜ਼ਗਾਰ/ਕਿਰਤ ਵਿੱਚ ਕਾਮਿਆਂ ਦੀ ਊਰਜਾ ਦਾ ਤਬਾਦਲਾ (ਟਰਾਂਸਫਰਮੇਸ਼ਨ) ਵੀ ਹੁੰਦਾ ਹੈ, ਜਿਹੜਾ ਅਗਾਂਹ ਇਨ੍ਹਾਂ ਕਾਮਿਆਂ ਦੀ ਆਤਮ ਸ਼ਕਤੀ ਨੂੰ ਨਵਿਆਉਣ ਲਈ ਚੰਗੀ ਖੁਰਾਕ ਦੀ ਮੰਗ ਕਰਦਾ ਹੈ। ਇਸ ਦੇ ਉਲਟ ਅਣਕਮਾਇਆ ਪੈਸਾ ਆਮ ਕਾਮਿਆਂ ਨੂੰ ਵੀ ਲੰਪਨ ਐਲੀਮੈਂਟ ਵਿੱਚ ਬਦਲਣ ਦਾ ਸਬੱਬ ਬਣਦਾ ਹੈ।

ਸਾਡੇ ਇੱਥੇ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਪੇਂਡੂ ਕਾਮਿਆਂ ਲਈ ਘੱਟੋ-ਘੱਟ 100 ਦਿਨ ਦਾ ਰੁਜ਼ਗਾਰ ਪ੍ਰਦਾਨ ਕਰਨ ਦਾ ਕੀਤਾ ਗਿਆ ਯਤਨ ਯੂਨੀਵਰਸਲ ਇਨਕਮ ਦੇ ਸੰਕਲਪ ਤੋਂ ਬਿਲਕੁਲ ਵੱਖਰਾ ਸੀ। ਇਸ ਵਿੱਚ ਕੇਂਦਰ ਵੱਲੋਂ ਕਾਮਿਆਂ ਨੂੰ ਦਿੱਤੇ ਜਾਣ ਵਾਲੇ ਪੈਸੇ ਨੂੰ ਰੁਜ਼ਗਾਰ ਨਾਲ ਜੋੜਿਆ ਗਿਆ ਹੈ, ਯੂਨੀਵਰਸਲ ਆਮਦਨ ਦੇ ਸੰਕਲਪ ਵਾਂਗ ਇਹ ਖਰਾਇਤ ਨਹੀਂ ਹੈ। 100 ਦਿਨ ਦਾ ਲਾਜ਼ਮੀ ਰੁਜ਼ਗਾਰ ਇੱਕ ਪਾਸੇ ਕਾਮਾ ਆਪਣੀ ਮਰਜ਼ੀ ਨਾਲ ਚੁਣ ਸਕਦਾ ਹੈ, ਦੂਜੇ ਪਾਸੇ ਇਸ ਕਿਰਤ ਸ਼ਕਤੀ ਨੂੰ ਪੇਂਡੂ ਵਿਕਾਸ 'ਤੇ ਖਰਚ ਕੇ ਦੂਹਰਾ ਫਾਇਦਾ ਲਿਆ ਜਾ ਸਕਦਾ ਹੈ। ਮਨਰੇਗਾ ਸਕੀਮ ਦਾ ਉਪਰੇਸ਼ਨ ਮੁੱਖ ਤੌਰ 'ਤੇ ਪੰਚਾਇਤਾਂ ਅਤੇ ਸਰਪੰਚਾਂ ਦੇ ਅਧੀਨ ਸੀ। ਇੰਜ ਪੰਚਾਇਤਾਂ ਇਸ ਪੈਸੇ ਨੂੰ ਆਪਣੀਆਂ ਲੋੜਾਂ ਅਤੇ ਪ੍ਰਾਥਮਿਕਤਾ ਦੇ ਆਧਾਰ 'ਤੇ ਖਰਚ ਸਕਦੀਆਂ ਹਨ। ਮਨਰੇਗਾ ਰਾਹੀਂ ਪੇਂਡੂ ਖੇਤਰ ਦੀ ਕਿਰਤ ਸ਼ਕਤੀ ਦੀ ਵਰਤੋਂ ਕਰਕੇ ਬਰਸਾਤਾਂ ਵਿੱਚ ਪਾਣੀ ਦੇ ਵਹਾਅ ਨੂੰ ਰੋਕਣ ਵਾਲੇ ਸਾਈਫਨ ਵਗੈਰਾ ਸਾਫ ਕਰਵਾਏ ਜਾ ਸਕਦੇ ਹਨ। ਜਿਨ੍ਹਾਂ ਥਾਵਾਂ 'ਤੇ ਬਰਸਾਤੀ ਪਾਣੀ ਨੂੰ ਡਾਫ ਲੱਗਦੀ ਹੈ, ਉਨ੍ਹਾਂ ਨੂੰ ਅਗਾਊਂ ਦਰੁਸਤ ਕਰਵਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਦਰਿਆਵਾਂ ਦੇ ਕੰਢਿਆਂ ਨੂੰ ਬਰਸਾਤ ਤੋਂ ਪਹਿਲਾਂ ਮਜਬੂਤ ਕਰਵਾਇਆ ਜਾ ਸਕਦਾ ਹੈ। ਸਕੂਲਾਂ ਅਤੇ ਪੰਚਾਇਤਾਂ ਨਾਲ ਸੰਬੰਧਤ ਖੇਡ ਗਰਾਊਂਡਾਂ ਅਤੇ ਸਟੇਡੀਅਮ ਵਗੈਰਾ ਦੀ ਸਾਂਭ-ਸੰਭਾਲ ਕੀਤੀ ਜਾ ਸਕਦੀ ਹੈ।

ਯਾਦ ਰਹੇ, ਪੰਜਾਬ ਦਾ ਮਸ਼ੀਨੀਕਰਨ ਹੋ ਜਾਣ ਕਾਰਨ ਪੰਜਾਬ ਦੇ ਪੇਂਡੂ ਮਜ਼ਦੂਰਾਂ ਲਈ ਖੇਤੀ ਵਿੱਚ ਰੁਜ਼ਗਾਰ ਬਹੁਤ ਘਟ ਗਿਆ ਹੈ। ਇਸ ਲਈ ਮਨਰੇਗਾ ਨੂੰ 200 ਦਿਨਾਂ ਤੱਕ ਵੀ ਵਧਾਇਆ ਜਾ ਸਕਦਾ ਸੀ; ਪਰ ਮੌਜੂਦਾ ਕੇਂਦਰ ਸਰਕਾਰ ਇਸ ਦੇ ਉਲਟ ਤੁਰ ਪਈ ਹੈ। ਕੇਂਦਰ ਸਰਕਾਰ ਵੱਲੋਂ ਮਨਰੇਗਾ ਨੂੰ ਆਪਣੀ ਨਵੀਂ ਸਕੀਮ 'ਜੀ ਰਾਮ ਜੀ' ਨਾਲ ਤਬਦੀਲ ਕੀਤਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਤਿਆਰ ਕੀਤੇ ਗਏ ਬਿਲ ਵਿੱਚ ਪੇਂਡੂ ਕਾਮਿਆਂ ਲਈ ਰੁਜ਼ਗਾਰ ਤਾਂ ਭਾਵੇਂ 100 ਤੋਂ ਵਧਾ ਕੇ 125 ਦਿਨਾਂ ਲਈ ਕਰ ਦਿੱਤਾ ਗਿਆ ਹੈ, ਪਰ ਕੇਂਦਰ ਇਹਦੇ ਲਈ ਸਾਰਾ ਪੈਸਾ ਆਪਣੇ ਕੋਲੋਂ ਨਹੀਂ ਦੇਵੇਗਾ। ਜਦਕਿ ਮਨਰੇਗਾ ਵਿੱਚ ਦਿੱਤੇ ਜਾਣ ਵਾਲੇ ਰੁਜ਼ਗਾਰ ਦਾ 100 ਫੀਸਦੀ ਪੈਸਾ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਂਦਾ ਸੀ। ਨਵੀਂ ਸਕੀਮ ਵਿੱਚ ਦੋ ਉਪਬੰਧ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਪਹਿਲੇ ਵਿੱਚ ਉੱਤਰ ਪੂਰਬ ਸਮੇਤ ਸਮੁੱਚੇ ਹਿਮਾਲੀਅਨ/ਪਹਾੜੀ ਖੇਤਰ ਆਉਂਦੇ ਹਨ, ਜਿਨ੍ਹਾਂ ਨੂੰ 90 ਫੀਸਦੀ ਪੈਸਾ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਣਾ ਹੈ, ਜਦਕਿ 10 ਫੀਸਦੀ ਰਾਜਾਂ ਵੱਲੋਂ ਪਾਇਆ ਜਾਣਾ ਹੈ। ਦੂਜੇ ਪਾਸੇ ਪੰਜਾਬ-ਹਰਿਆਣਾ ਵਰਗੇ ਮੈਦਾਨੀ ਅਤੇ ਗੈਰ-ਪਹਾੜੀ ਖੇਤਰ ਆਉਂਦੇ ਹਨ, ਜਿਨ੍ਹਾਂ ਵਿੱਚ 60 ਫੀਸਦੀ ਪੈਸਾ ਕੇਂਦਰ ਸਰਕਾਰ ਦੇਵੇਗੀ ਅਤੇ 40 ਫੀਸਦੀ ਰਾਜਾਂ ਵੱਲੋਂ ਪਾਇਆ ਜਾਣਾ। ਇਹ ਸਕੀਮ ਬਣਾਉਂਦਿਆਂ ਰਾਜਾਂ ਦੀ ਨੈਟ ਟੈਕਸ ਆਮਦਨ, ਕਰਜ਼ੇ ਅਤੇ ਹੋਰ ਦੇਣਦਾਰੀਆਂ ਦਾ ਵੀ ਧਿਆਨ ਨਹੀਂ ਰੱਖਿਆ ਗਿਆ। ਪੰਜਾਬ ਵਰਗੇ ਰਾਜ ਜਿਹੜੇ ਵਾਲ-ਵਾਲ ਕਰਜ਼ੇ ਨਾਲ ਵਿੰਨ੍ਹੇ ਹੋਏ ਹਨ ਅਤੇ ਜਿਨ੍ਹਾਂ ਦੇ ਟੈਕਸ ਦਾ ਮੋਟਾ ਹਿੱਸਾ ਕੇਂਦਰ ਆਪ ਹੜੱਪ ਜਾਂਦਾ ਹੈ, ਉਹ ਇਹ 40% ਪੈਸਾ ਕਿੱਥੋਂ ਪਾਉਣਗੇ? ਯੂ.ਪੀ., ਰਾਜਸਥਾਨ, ਹਰਿਆਣਾ, ਪੱਛਮੀ ਬੰਗਾਲ, ਬਿਹਾਰ ਅਤੇ ਮਹਾਰਾਸ਼ਟਰ ਦੀ ਹਾਲਤ ਵੀ ਪੰਜਾਬ ਤੋਂ ਬਹੁਤੀ ਵੱਖਰੀ ਨਹੀਂ ਹੈ।

ਜਦੋਂ ਰੁਜ਼ਗਾਰ ਲਗਾਤਾਰ ਘਟ ਰਹੇ ਹਨ, ਕੇਂਦਰ ਦੇ ਟੈਕਸਾਂ ਦਾ ਹਿੱਸਾ ਵਧ ਰਿਹਾ ਹੈ ਅਤੇ ਰਾਜਾਂ ਦੀ ਆਮਦਨ ਲਗਾਤਾਰ ਘਟ ਰਹੀ ਹੈ, ਰਾਜ ਦੇ ਫੈਡਰਲ ਅਸੂਲਾਂ ਨੂੰ ਵੀ ਤਾਕ 'ਤੇ ਰੱਖਿਆ ਜਾ ਰਿਹਾ ਹੈ ਤਾਂ ਰਾਜਾਂ ਤੋਂ 40 ਫੀਸਦੀ ਆਮਦਨ ਦੀ ਆਸ ਕਰਨੀ ਮਨਰੇਗਾ ਨੂੰ ਖਤਮ ਕਰਨ ਦੇ


***⇒ ਬਾਕੀ ਸਫਾ 5 ਉਤੇ ਪੜ੍ਹੋ***


## ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਮੁੜ ਚਰਚਾ 'ਚ

**ਸਾਬਕਾ ਮੁੱਖ ਸਕੱਤਰ ਰੂਪ ਸਿੰਘ ਸਮੇਤ 16 ਖਿਲਾਫ ਕੇਸ ਦਰਜ*

**ਸਾਬਕਾ ਹਜ਼ੂਰੀ ਰਾਗੀ ਬਲਦੇਵ ਸਿੰਘ ਵਡਾਲਾ ਨੇ ਕਰਵਾਈ ਸ਼ਿਕਾਇਤ ਦਰਜ*

**ਪੰਜਾਬੀ ਪਰਵਾਜ਼ ਬਿਊਰੋ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਆਚ ਗਏ 328 ਸਰੂਪਾਂ ਦੇ ਮਾਮਲੇ ਵਿੱਚ ਅੰਮ੍ਰਿਤਸਰ ਪੁਲਿਸ ਵੱਲੋਂ 16 ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਏ ਜਾਣ ਪਿੱਛੋਂ ਇਹ ਮਾਮਲਾ ਮੁੜ ਚਰਚਾ 'ਚ ਆ ਗਿਆ ਹੈ। ਜਿਨ੍ਹਾਂ ਵਿਅਕਤੀਆਂ ਖਿਲਾਫ਼ ਇਹ ਮਾਮਲਾ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਚਾਰਟਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਵੀ ਸ਼ਾਮਲ ਹਨ। ਯਾਦ ਰਹੇ, ਉਸ ਸਮੇਂ ਸ੍ਰੀ ਕੋਹਲੀ ਬਾਦਲ ਪਰਿਵਾਰ ਦੇ ਕਾਫੀ ਨਜ਼ਦੀਕ ਮੰਨੇ ਜਾਂਦੇ ਸਨ। ਇਹ ਸ਼ਿਕਾਇਤ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ। ਇੱਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਅੰਤਰਿੰਗ ਕਮੇਟੀ ਦੀ ਇੱਕ ਹੰਗਾਮੀ ਮੀਟਿੰਗ ਵਿੱਚ ਮਤਾ ਪਾਸ ਕਰਕੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਸਿੱਖ ਮਸਲਿਆਂ ਵਿੱਚ ਦਖਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਦੋ ਸੀਨੀਅਰ ਆਗੂਆਂ ਦਾ ਸ਼ਿਕਾਇਤ ਦਰਜ ਕਰਵਾਉਣ ਵੇਲੇ ਮੌਜੂਦ ਹੋਣਾ ਦਰਸਾਉਂਦਾ ਹੈ ਕਿ ਇਹ ਘਟਨਾਕ੍ਰਮ ਰਾਜਨੀਤੀ ਤੋਂ ਪ੍ਰੇਰਤ ਹੈ; ਜਦਕਿ ਸਰੂਪਾਂ ਦੇ ਗੁਆਚਣ ਦੇ ਮਸਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ਾਂ 'ਤੇ ਪਹਿਲਾਂ ਹੱਲ ਕੀਤਾ ਜਾ ਚੁੱਕਾ ਹੈ ਅਤੇ ਜ਼ਿੰਮੇਵਾਰ ਮੁਲਾਜ਼ਮਾਂ ਖਿਲਾਫ ਕਾਰਵਾਈ ਵੀ ਕੀਤੀ ਗਈ ਹੈ।

ਯਾਦ ਰਹੇ, ਇਸੇ ਮਾਮਲੇ ਵਿੱਚ ਇਨਸਾਫ ਹਾਸਲ ਕਰਨ ਲਈ ਭਾਈ ਬਲਦੇਵ ਸਿੰਘ ਵਡਾਲਾ ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਵਿਰਾਸਤੀ ਮਾਰਗ 'ਤੇ ਪਿਛਲੇ ਲੰਮੇ ਸਮੇਂ ਤੋਂ ਧਰਨਾ ਦੇ ਰਹੇ ਹਨ। ਤਾਜ਼ਾ ਕੇਸ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਵੱਲੋਂ ਤਿਲੰਗਾਨਾ ਹਾਈਕੋਰਟ ਦੇ ਇੱਕ ਵਕੀਲ ਈਸ਼ਰ ਸਿੰਘ ਦੀ ਅਗਵਾਈ ਵਿੱਚ ਬਣਾਈ ਗਈ ਪੜਤਾਲੀਆ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਕੇਸ ਦਰਜ ਕਰਵਾਉਣ ਸਮੇਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਮੌਜੂਦ ਸਨ। ਇਸ ਮੌਕੇ ਬੋਲਦਿਆਂ ਸ੍ਰੀ ਸੰਧਵਾਂ ਨੇ ਕਿਹਾ ਕਿ "ਸਾਡੀ ਸਰਕਾਰ ਕਿਸੇ ਵੀ ਧਰਮ ਦੀ ਬੇਅਦਬੀ ਬਰਦਾਸ਼ਤ ਨਹੀਂ ਕਰੇਗੀ।"

ਜਿਨ੍ਹਾਂ 16 ਵਿਅਕਤੀਆਂ ਖਿਲਾਫ ਕੇਸ ਦਰਜ ਕਰਵਾਇਆ ਗਿਆ ਹੈ, ਉਨ੍ਹਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਰੂਪ ਸਿੰਘ, ਸਾਬਕਾ ਸਕੱਤਰ ਮਨਜੀਤ ਸਿੰਘ, ਗੁਰਬਚਨ ਸਿੰਘ, ਸਤਿੰਦਰ ਸਿੰਘ, ਨਿਸ਼ਾਨ ਸਿੰਘ, ਪਰਮਜੀਤ ਸਿੰਘ, ਗੁਰਮੁਖ ਸਿੰਘ, ਜੁਝਾਰ ਸਿੰਘ, ਬਾਜ ਸਿੰਘ, ਦਲਬੀਰ ਸਿੰਘ, ਕਮਲਜੀਤ ਸਿੰਘ, ਕੁਲਵੰਤ ਸਿੰਘ, ਜਸਪ੍ਰੀਤ ਸਿੰਘ ਅਤੇ ਅਮਰਜੀਤ ਸਿੰਘ ਆਦਿ ਸ਼ਾਮਲ ਹਨ। ਇਹ ਕੇਸ ਆਈ.ਪੀ.ਸੀ. ਦੀ ਧਾਰਾ 295, ਧਾਰਾ 295-ਏ, ਧਾਰਾ 409, 465 ਅਤੇ 120-ਬੀ ਦੇ ਤਹਿਤ ਅੰਮ੍ਰਿਤਸਰ ਪੁਲਿਸ ਕਮਿਸ਼ਨਰੇਟ ਦੇ ਥਾਣਾ ਡਵੀਜ਼ਨ-ਸੀ ਵਿੱਚ ਦਰਜ ਕੀਤਾ ਗਿਆ ਹੈ।

ਪਾਵਨ ਸਰੂਪਾਂ ਦੇ ਲਾਪਤਾ ਹੋਣ ਬਾਰੇ ਇਹ ਕੇਸ


***⇒ ਬਾਕੀ ਸਫਾ 5 ਉਤੇ ਪੜ੍ਹੋ***








# ਪੰਜਾਬ ਵਿੱਚ ਲੀਡਰਸ਼ਿੱਪ ਦਾ ਸੰਕਟ ਹੋਰ ਗਹਿਰਾ ਹੋਇਆ

**ਜਸਵੀਰ ਸਿੰਘ ਮਾਂਗਟ**

## *ਅਕਾਲੀਆਂ ਲਈ ਸੰਕਟ ਭਰੋਸੇਯੋਗਤਾ ਦਾ *ਕਾਂਗਰਸੀਆਂ ਦੀ ਪਾਟੋਧਾੜ ਜਾਰੀ

ਪੰਜਾਬ ਵਿੱਚ ਕੇਂਦਰ ਦੀ ਡੋਰ ਨਾਲ ਬੱਝੇ ਪੁਤਲਿਆਂ ਦਾ 'ਸਿਆਸੀ ਖੇਲ' ਲਗਾਤਾਰ ਚਲ ਰਿਹਾ ਹੈ। ਪੰਜਾਬ ਦੇ ਲੋਕਾਂ ਦੀ ਕਿਸਮਤ ਲਈ ਲੜੀ ਜਾਣ ਵਾਲੀ ਫੈਸਲਾਕੁੰਨ ਲੜਾਈ ਦੇ ਕਿਰਦਾਰ ਪੰਜਾਬ ਦੇ ਸਿਆਸੀ ਦ੍ਰਿਸ਼ ਤੋਂ ਭਾਵੇਂ ਹਾਲ ਦੀ ਘੜੀ ਨਾਦਾਰਦ ਹਨ, ਪਰ ਪੁਤਲਿਆਂ ਦੇ ਖੇਲ੍ਹ ਨੇ ਅਖਾੜਾ ਮਘਾਇਆ ਹੋਇਆ ਹੈ। ਪੰਜਾਬ ਦੀ ਸਮਾਜਿਕ ਬਣਤਰ ਤੇ ਸੱਭਿਆਚਾਰਕ ਹਸਤੀ ਦੀ ਰਾਖੀ, ਆਰਥਿਕ-ਸਿਆਸੀ ਪੁਨਰ ਉਥਾਨ ਦਾ ਕੋਈ ਵੀ ਭਵਿੱਖ-ਖਾਕਾ (ਬਲੂ ਪਰਿੰਟ) ਪੱਲੇ ਨਾ ਹੋਣ ਦੇ ਬਾਵਜੂਦ ਸਿਆਸੀ ਪੁਤਲਿਆਂ ਨੇ ਆਪਣੀ ਸਰਗਰਮੀ ਨਾਲ ਗਾਹ ਪਾਇਆ ਪਿਆ ਹੈ।

ਸਿਆਸੀ ਪੁਤਲਿਆਂ ਦੀ ਉਡਾਈ ਇਸ ਧੂੜ ਨੂੰ ਵੇਖ ਕੇ ਕਈ ਵਾਰ ਲੋਕਾਂ ਲਈ ਇਹ ਬੁਝਾਰਤ ਗੁੰਝਲਦਾਰ ਬਣ ਜਾਂਦੀ ਹੈ ਕਿ ਇਸ ਘਮਸਾਨ ਵਿੱਚ ਉਨ੍ਹਾਂ ਦੀਆਂ ਰੀਝਾਂ/ਹਸਰਤਾਂ ਨੂੰ ਖੰਭ ਲਾਉਣ ਵਾਲਾ ਕੋਈ ਨਾਇਕ ਵੀ ਮੌਜੂਦ ਹੈ ਜਾਂ ਨਹੀਂ? ਇਸ ਭੰਬਲਭੂਸੇ ਵਿੱਚ ਲੋਕ ਪੰਜਾਬ ਦੇ ਹਿੱਤਾਂ ਦਾ ਸਭ ਤੋਂ ਸੋਹਣਾ ਰੋਣਾ ਰੋਣ ਵਾਲੇ ਨੂੰ ਆਪਣਾ ਨਾਇਕ ਚੁਣ ਲੈਂਦੇ ਹਨ। ਪਰ ਅਖੀਰ ਨੂੰ ਇਨ੍ਹਾਂ ਖਿਡਾਉਣਿਆਂ ਦੀ ਅਸਲੀਅਤ ਪੰਜਾਬ ਦੇ ਲੋਕਾਂ ਦੇ ਪੱਲੇ ਨਿਰਾਸ਼ਾ ਹੀ ਪਾਉਂਦੀ ਹੈ। ਇੰਝ ਅਸੀਂ ਕਹਿ ਸਕਦੇ ਹਾਂ ਕਿ ਪੰਜਾਬ ਦਾ ਸੰਕਟ ਮੂਲ ਰੂਪ ਵਿੱਚ ਯੋਗ ਸਿਆਸੀ ਅਗਵਾਈ ਦਾ ਸੰਕਟ ਹੀ ਹੈ; ਕਿਉਂਕਿ ਸਮੁੱਚੇ ਰੂਪ ਵਿੱਚ ਕਿਸੇ ਕੌਮੀਅਤ ਦੇ ਹਿੱਤਾਂ ਨੂੰ ਭਰੋਸੇਯੋਗ ਸਿਆਸਤ ਨੇ ਹੀ ਅਗਵਾਈ ਦੇਣੀ ਹੁੰਦੀ ਹੈ।

ਪੰਜਾਬ ਲਈ ਇਹ ਸੰਕਟ 1947 ਤੋਂ ਬਾਅਦ ਆਮ ਕਰਕੇ ਅਤੇ 1990 ਤੋਂ ਬਾਅਦ ਖਾਸ ਕਰਕੇ ਬੇਹੱਦ ਡੂੰਘਾ ਹੋ ਗਿਆ ਹੈ। 1980-81 ਤੋਂ 1992 ਤੱਕ ਪੰਜਾਬ ਵਿੱਚ ਚੱਲੀ ਖਾੜਕੂ ਸਿੱਖ ਲਹਿਰ ਨੂੰ ਦਬਾਉਣ ਲਈ ਕੇਂਦਰ ਨੇ ਪੰਜਾਬ ਪੁਲਿਸ ਅਤੇ ਕੇਂਦਰੀ ਸੁਰੱਖਿਆ ਦਸਤਿਆਂ 'ਤੇ ਜੋ ਪੈਸਾ ਖਰਚਿਆ, ਉਹ ਲੋਕਾਂ ਦੀ ਸੁਰੱਖਿਆ ਦੇ ਬਹਾਨੇ ਪੰਜਾਬ ਦੇ ਸਿਰ ਹੀ ਪਾ ਦਿੱਤਾ ਗਿਆ ਸੀ। ਇਸ ਕਰਜ਼ੇ ਨੇ ਆਜ਼ਾਦੀ ਤੋਂ ਬਾਅਦ ਸਰਪਲੱਸ ਵਿੱਚ ਰਹੀ ਪੰਜਾਬ ਦੀ ਆਰਥਿਕਤਾ ਨੂੰ ਗੈਰ-ਉਪਜਾਊ ਕਰਜ਼ੇ ਦੇ ਭਾਰ ਹੇਠ ਦੱਬਿਆ। ਇਸ ਤੋਂ ਬਾਅਦ ਪੰਜਾਬ ਵਿੱਚ ਪੰਜਾਬ ਦੇ ਵਿਕਾਸ ਦਾ ਰੋਣਾ-ਰੋਅ ਕੇ ਕਈ ਅਕਾਲੀ-ਕਾਂਗਰਸੀ (ਹੁਣ 'ਆਪ' ਦੀ) ਸਰਕਾਰਾਂ ਹੋਂਦ ਵਿੱਚ ਆਈਆਂ। ਆਪਣੇ ਇਸ ਪਿੱਟ ਸਿਆਪੇ ਦੀ ਓਟ ਵਿੱਚ ਇਨ੍ਹਾਂ ਦੇ ਭ੍ਰਿਸ਼ਟ ਅਤੇ ਨਾਲਾਇਕ ਆਗੂਆਂ ਨੇ ਆਪਣੇ ਨਿੱਜੀ ਹਿੱਤ ਤਾਂ ਸਾਧੇ ਅਤੇ ਕੱਖਾਂ ਤੋਂ ਕਰੋੜਾਂ-ਅਰਬਾਂ ਦੇ ਮਾਲਕ ਹੋ ਗਏ, ਪਰ ਪੰਜਾਬ ਗਰੀਬ ਹੁੰਦਾ ਰਿਹਾ, ਰਾਜ ਦੇ ਸਿਰ ਲਗਾਤਾਰ ਕਰਜ਼ਾ ਚੜ੍ਹਦਾ ਰਿਹਾ। ਜਿਹੜਾ ਹੁਣ ਸਾਢੇ ਚਾਰ ਲੱਖ ਕਰੋੜ ਦੇ ਕਰੀਬ ਹੋ ਚੁੱਕਾ ਹੈ। ਪੰਜਾਬ ਲੋਕਾਂ ਦੀ ਆਰਥਿਕ, ਸਮਾਜਿਕ, ਮਨੋਵਿਗਿਆਨਕ (ਖੁਦਕਸ਼ੀਆਂ, ਨਸ਼ੇ, ਉਦਾਸੀ ਰੋਗ) ਅਤੇ ਸੱਭਿਆਚਾਰਕ ਹਸਤੀ ਕਮਜ਼ੋਰ ਹੁੰਦੀ ਗਈ। ਕੌਮੀਅਤਾਂ ਜਾਂ ਕੌਮੀ ਬਣਤਰਾਂ ਵਿੱਚ ਧਰਮ ਦੀ ਭੂਮਿਕਾ ਹਮੇਸ਼ਾ ਮਹੱਤਵਪੂਰਨ ਹੁੰਦੀ ਹੈ, ਪਰ ਇਹ ਸਮੁੱਚੇ ਤੌਰ 'ਤੇ ਸੱਭਿਆਚਾਰਕ ਹਸਤੀ ਦਾ ਹਿੱਸਾ ਜਾਂ ਕਹੋਂ ਇਸ ਦਾ ਆਧਾਰ ਹੁੰਦੀ ਹੈ। ਇਸ ਲਈ ਸਾਡੇ ਲੋਕਾਂ ਵਿੱਚ ਧਾਰਮਿਕ ਅਤੇ ਇਖਲਾਕੀ ਗਿਰਾਵਟ ਉਪਰੋਕਤ ਸਮੁੱਚੇ ਵਰਤਾਰੇ ਦਾ ਹੀ ਅੰਗ ਹੈ, ਜਿਸ ਵਿੱਚ ਪੰਜਾਬ ਕੇਂਦਰ ਸਰਕਾਰ ਦੀ ਇੱਕ ਬਸਤੀ ਦਾ ਹੀ ਰੂਪ ਧਾਰਦਾ ਜਾ ਰਿਹਾ ਹੈ।

ਦੋ ਕੁ ਸਾਲ ਪਹਿਲਾਂ ਪੰਜਾਬ ਵਿੱਚ ਅੰਮ੍ਰਿਤਪਾਲ ਸਿੰਘ ਦੀ ਸਰਗਰਮੀ ਨਾਲ ਮਾਹੌਲ ਵਿੱਚ ਗਰਮੀ ਆਉਣ ਲੱਗੀ ਸੀ, ਪਰ ਕੇਂਦਰ ਅਤੇ ਰਾਜ ਸਰਕਾਰ ਨੇ ਇਸ ਨਾਲ ਜੁੜੇ ਕਥਿੱਤ ਤੌਰ 'ਤੇ ਅਣਚਾਹੇ ਸਿਆਸੀ ਅਨਸਰਾਂ ਨੂੰ ਪੰਜਾਬ ਵਿੱਚੋਂ ਚੁੱਕ ਕੇ ਡਿਬਰੂਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਸੀ। ਅੰਮ੍ਰਿਤਪਾਲ ਦੀ ਟੀਮ ਦੇ ਕੁਝ ਸਰਗਰਮ ਸਾਥੀ ਵੀ ਉਸ ਦੇ ਨਾਲ ਹੀ ਜੇਲ੍ਹ ਵਿੱਚ ਬੰਦ ਹਨ। ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਣ ਵਿਰੁਧ ਉੱਠੀ ਪੰਜਾਬ ਦੇ ਵਿਦਿਆਰਥੀ ਨੌਜਵਾਨਾਂ ਦੀ ਆਵਾਜ਼ ਕੇਂਦਰ ਸਰਕਾਰ ਦੇ ਪੈਰ ਪਿੱਛੇ ਖਿੱਚੇ ਜਾਣ ਪਿੱਛੋਂ ਹਾਲ ਦੀ ਘੜੀ ਮੱਧਮ ਪੈ ਗਈ ਹੈ। ਕਿਸਾਨਾਂ ਅਤੇ ਵਿਦਿਆਰਥੀਆਂ ਵੱਲੋਂ ਪੰਜਾਬ/ਕਿਸਾਨਾਂ ਦੇ ਹਿੱਤਾਂ ਹੱਕਾਂ ਲਈ ਲੜੇ ਗਏ ਸੰਘਰਸ਼ ਦਾ ਪੰਜਾਬ ਦੀ ਰਾਜਨੀਤਿਕ ਮਾਨਸਿਕਤਾ 'ਤੇ ਲਾਜ਼ਮੀ ਹੀ ਦੂਰ-ਰਸ ਅਸਰ ਰਹੇਗਾ, ਪਰ ਇਨ੍ਹਾਂ ਸੰਘਰਸ਼ਾਂ ਵਿੱਚੋਂ ਉਸ ਲੀਡਰਸ਼ਿਪ ਦੇ ਝਲਕਾਰੇ (ਗਲਿੰਪਸਸ) ਜ਼ਰੂਰ ਮਿਲੇ ਹਨ, ਜਿਸ ਕਿਸਮ ਦੀ ਸਿਆਸੀ ਲੀਡਰਸ਼ਿੱਪ ਦੀ ਪੰਜਾਬ ਨੂੰ ਲੋੜ ਹੈ; ਪਰ ਤਤਕਾਲੀ ਸਿਆਸੀ ਦ੍ਰਿਸ਼ ਉਤੇ ਇਨ੍ਹਾਂ ਸਹੀ ਰਾਜਨੀਤਿਕ ਕਿਰਦਾਰਾਂ ਦੀ ਗੈਰ-ਮੌਜੂਦਗੀ ਪੰਜਾਬ ਦੇ ਲੋਕਾਂ ਦੀ ਉਡੀਕ/ਉਮੀਦ ਨੂੰ ਲੰਮੀ ਜ਼ਰੂਰ ਕਰ ਰਹੀ ਹੈ। ਇੱਥੋਂ ਤੱਕ ਕਿ 'ਆਪ' ਦੀ ਪੰਜਾਬ ਵਿੱਚ ਬੇਹੱਦ ਨਿਗੁਣੀ ਜਿਹੀ ਪੜਤ ਰਹਿ ਜਾਣ ਦੇ ਬਾਵਜੂਦ ਵਿਰੋਧੀ ਪਾਰਟੀਆਂ ਕੋਲ ਉਨ੍ਹਾਂ ਨਾਲ ਨਿਪਟਣ ਲਈ ਕੋਈ ਪੰਜਾਬ ਦੇ ਲੋਕਾਂ ਵਿੱਚ ਮਕਬੂਲ ਅਤੇ ਧੜੱਲੇਦਾਰ ਲੀਡਰਸ਼ਿੱਪ ਮੌਜੂਦ ਨਹੀਂ ਹੈ। ਆਪਣੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਦੇ ਬਾਵਜੂਦ 1947 ਤੋਂ ਬਾਅਦ ਪ੍ਰਤਾਪ ਸਿੰਘ ਕੈਰੋਂ, ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਕੋਲ ਆਪਣੇ ਲੋਕਾਂ ਨੂੰ ਨਾਲ ਤੋਰਨ ਦੀ ਇੱਕ ਸਮਰੱਥਾ ਸੀ। ਮਤਲਬ ਕੇਂਦਰ ਸਰਕਾਰ ਦੇ ਤਾਬੇਦਾਰ ਹੋਣ ਦੇ ਬਾਵਜੂਦ ਉਨ੍ਹਾਂ ਕੋਲ




ਲੋਕਾਂ ਨੂੰ ਆਪਣੇ ਨਾਲ ਜੋੜ ਕੇ ਰੱਖਣ ਦਾ ਵੱਲ ਸੀ। ਇਹ ਦਵੱਲੀ ਸਿਆਸੀ ਹੇਰਾ-ਫੇਰੀ ਹੀ ਉਨ੍ਹਾਂ ਦੀ ਤਾਕਤ ਸੀ; ਪਰ ਪੰਜਾਬ ਵਿੱਚ ਅੱਜ ਮੌਜੂਦ ਵੱਖ-ਵੱਖ ਪਾਰਟੀਆਂ ਦੇ ਆਗੂਆਂ ਵਿੱਚ ਇਸ ਕਿਸਮ ਦੀ ਸਮਰੱਥਾ ਵੀ ਨਹੀਂ ਹੈ। ਇਸ ਦੇ ਬਾਵਜੂਦ ਕਾਂਗਰਸ ਦਾ ਹਰ ਦਿਸਦਾ ਲੀਡਰ ਮੁੱਖ ਮੰਤਰੀ ਬਣਨਾ ਚਹੁੰਦਾ ਹੈ। ਸੁਖਬੀਰ ਸਿੰਘ ਬਾਦਲ ਨੇ ਆਪਣੀ ਪਾਰਟੀ ਵਿੱਚ ਆਪਣਾ ਕੋਈ ਸ਼ਰੀਕ ਰਹਿਣ ਹੀ ਨਹੀਂ ਦਿੱਤਾ ਹੈ, ਜਦਕਿ 'ਆਪ' ਵਿੱਚ ਭਗਵੰਤ ਮਾਨ ਆਪਣੀ ਪਹਿਲਾਂ ਵਾਲੀ ਭਰੋਸੇਯੋਗਤਾ ਗਵਾ ਚੁੱਕਾ ਹੈ। ਬਾਕੀ ਪੰਜਾਬੀ ਆਗੂਆਂ ਵਿੱਚੋਂ ਕੋਈ ਵੀ ਅਜਿਹਾ ਨਹੀਂ ਦਿਸਦਾ, ਜਿਸ ਦੀ ਪੰਜਾਬ ਦੇ ਸਾਰੇ ਤਬਕਿਆਂ ਵਿੱਚ ਅਪੀਲ ਹੋਵੇ। ਪਾਰਟੀ ਦੀ ਕਾਰਗੁਜ਼ਾਰੀ ਪੰਜਾਬ ਵਿੱਚ ਚੰਗੀ ਰਹਿੰਦੀ ਤਾਂ 'ਆਪ' ਦੇ ਦੂਜੇ ਪੰਜਾਬੀ ਲੀਡਰਾਂ ਵਿੱਚੋਂ ਵੀ ਕੋਈ ਇਸ ਹਾਲਤ ਦਾ ਲਾਹਾ ਲੈ ਕੇ ਉਭਰ ਸਕਦਾ ਸੀ; ਪਰ ਹੁਣ ਇਹ ਵੀ ਨਹੀਂ ਹੈ। ਕਾਂਗਰਸੀ ਆਗੂਆਂ ਵਿੱਚ ਆਪਣੇ ਅੰਦਰ ਹੀ ਧਮੱਚੜ ਮੱਚਿਆ ਹੋਇਆ ਹੈ। ਜਿੱਥੇ ਕੈਪਟਨ ਅਮਰਿੰਦਰ ਸਿੰਘ ਭਾਜਪਾ ਵਿੱਚੋਂ ਬਦਜਨ ਹੋ ਕੇ ਮੁੜ ਕਾਂਗਰਸ ਪਾਰਟੀ ਦੀ ਅਗਵਾਈ ਕਰਨ ਲਈ ਆਪਣਾ ਪੱਤਾ ਅੱਗੇ ਵਧਾ ਰਹੇ ਹਨ, ਉਥੇ ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਵੀ ਦੌੜ ਵਿੱਚ ਹਨ। ਚਰਨਜੀਤ ਸਿੰਘ ਚੰਨੀ, ਪ੍ਰਗਟ ਸਿੰਘ ਵੀ ਇਸ ਰੇਸ ਵਿੱਚ ਬਹੁਤੀ ਦੂਰ ਨਹੀਂ ਹਨ। ਸਭ ਤੋਂ ਜ਼ਿਆਦਾ ਕਾਹਲਾ ਨਵਜੋਤ ਸਿੰਘ ਸਿੱਧੂ ਦਾ ਟੱਬਰ ਹੈ। ਉਸ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਪਿਛਲੇ ਦਿਨੀਂ ਦੋਸ਼ ਲਾਏ ਕਿ ਮੁੱਖ ਮੰਤਰੀ ਦੀ ਗੱਦੀ ਹਾਸਲ ਕਰਨ ਲਈ 500 ਕਰੋੜ ਦੀ ਥੈਲੀ ਦੇਣੀ ਪੈਂਦੀ ਹੈ, ਪਰ ਉਨ੍ਹਾਂ ਕੋਲ ਕਾਲਾ ਧਨ ਨਹੀਂ ਹੈ। ਉਨ੍ਹਾਂ ਕਿਹਾ, "ਅਸੀਂ ਤਾਂ ਪੰਜਾਬ ਦੇ ਹਾਲਤ ਸੁਧਾਰਨ ਵਿੱਚ ਹੀ ਆਪਣੀ ਕਾਰਗੁਜ਼ਾਰੀ ਵਿਖਾ ਸਕਦੇ ਹਾਂ।" ਡਾ. ਨਵਜੋਤ ਕੌਰ ਸਿੱਧੂ ਨੇ ਤਾਂ ਪੰਜਾਬ ਕਾਂਗਰਸ ਦੇ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੋਰਾਂ ਦੀ ਕਤਾਰ ਵਿੱਚ ਖੜ੍ਹੇ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੁਖਜਿੰਦਰ ਸਿੰਘ ਰੰਧਾਵਾ ਨੇ ਰਾਜਸਥਾਨ ਵਿੱਚ ਪੈਸੇ ਲੈ ਕੇ ਟਿਕਟਾਂ ਵੰਡੀਆਂ ਅਤੇ ਇਹ ਸਮਗਲਿੰਗ ਦਾ ਧੰਦਾ ਕਰਦਾ ਹੈ। ਉਸ ਨੇ ਕਿਹਾ ਕਿ ਉਹ ਇਸ ਕਿਸਮ ਦੇ ਚੋਰਾਂ ਨਾਲ ਨਹੀਂ ਤੁਰ ਸਕਦੇ। ਵੜਿੰਗ ਨੇ ਬੀਬੀ ਸਿੱਧੂ ਨੂੰ ਜਦੋਂ ਲੀਗਲ ਨੋਟਿਸ ਭੇਜਿਆ ਤਾਂ ਨਵਜੋਤ ਕੌਰ ਸਿੱਧੂ ਨੇ ਰਾਜਾ ਵੜਿੰਗ ਨੂੰ ਆਪਣਾ ਆਗੂ ਮੰਨਣੋਂ ਵੀ ਇਨਕਾਰ ਕਰ ਦਿੱਤਾ। ਯਾਦ ਰਹੇ, ਕੁਝ ਦਿਨ ਪਹਿਲਾਂ ਨਵਜੋਤ ਕੌਰ ਸਿੱਧੂ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਨਵਜੋਤ ਸਿੰਘ ਸਿੱਧੂ ਤਦ ਹੀ ਕਾਂਗਰਸ ਪਾਰਟੀ ਵਿੱਚ ਸਰਗਰਮ ਹੋਣਗੇ, ਜੇ ਉਨ੍ਹਾਂ ਨੂੰ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਚਿਹਰਾ ਬਣਾਇਆ ਜਾਵੇਗਾ। ਇਹ ਬੋਲਬਾਣੀ ਸਾਬਤ ਕਰਦੀ ਹੈ ਕਿ ਪੰਜਾਬ ਕਾਂਗਰਸ ਦੇ ਅੰਦਰਲੇ ਪ੍ਰਮੁੱਖ ਆਗੂਆਂ ਦਾ ਕਲੇਸ਼ ਨਾ ਮੁੱਕਦਾ ਵੇਖ ਕੇ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਕਾਂਗਰਸ ਦੀ ਅਗਵਾਈ ਲਈ ਫਿਰ ਆਪਣੀ ਦਾਅਵੇਦਾਰੀ ਪੇਸ਼ ਕਰਨ ਲੱਗੇ ਹਨ। ਕਾਂਗਰਸ ਹਾਈਕਮਾਂਡ ਕੈਪਟਨ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਲਈ ਰਾਜ਼ੀ ਹੋ ਜਾਵੇ ਅਤੇ ਆਵਾਜ਼ ਮਾਰ ਲਵੇ ਤਾਂ ਉਹ ਬਿੰਦ ਨਹੀਂ ਲਾਉਣਗੇ। ਨਵਜੋਤ ਸਿੰਘ ਸਿੱਧੂ ਦਾ ਗੁਣਾ ਪੈਣਾ ਤਾਂ ਹੋਰ ਵੀ ਆਸਾਨ ਹੈ, ਪਰ ਪੰਜਾਬ ਕਾਂਗਰਸ ਪਾਰਟੀ ਦੀ ਮੌਜੂਦਾ ਲੀਡਰਸ਼ਿੱਪ ਇਸ ਕਿਸਮ ਦੀ ਤਬਦੀਲੀ ਨੂੰ ਕਿੰਨਾ ਕੁ ਸਵੀਕਾਰ ਕਰਦੀ ਹੈ, ਇਹ ਵੇਖਣ ਵਾਲਾ ਮਾਮਲਾ ਹੋਵੇਗਾ। ਉਂਝ ਕੈਪਟਨ ਨੇ ਆਪਣੇ ਲਈ ਸਾਰੀਆਂ ਸੰਭਾਵਨਾਵਾਂ ਖੁੱਲ੍ਹੀਆਂ ਰੱਖੀਆਂ ਹੋਈਆਂ ਹਨ। ਉਹ ਸੋਨੀਆ ਗਾਂਧੀ ਦੇ ਸੁਨੇਹੇ ਦੀ ਉਡੀਕ ਵਿੱਚ ਵੀ ਹੈ। ਸੁਖਬੀਰ ਸਿੰਘ ਬਾਦਲ ਨਾਲ ਗਾਟ੍ਹੀ ਪਾਉਣ ਲਈ ਵੀ ਤਿਆਰ ਹੈ ਅਤੇ ਭਾਜਪਾ ਵੱਲੋਂ ਅੱਗੇ ਵਧਣ ਲਈ ਵੀ ਰਾਜ਼ੀ ਹੈ, ਬਸ਼ਰਤੇ ਮੁੱਖ ਮੰਤਰੀ ਦਾ ਅਹੁਦਾ ਉਹਦੇ ਲਈ ਰੱਖਵਾਂ ਹੋਵੇ। ਇੰਜ ਪੰਜਾਬ ਦੇ ਹਰ ਸਿਰ ਕੱਢਵੇਂ ਆਗੂ ਦੀ 'ਮੈਂ' ਸਰਬਵਿਅਕ ਹੋ ਗਈ ਹੈ, ਜਿਸ ਨੂੰ ਸਿਰਫ ਮੁੱਖ ਮੰਤਰੀ ਦੀ ਕੁਰਸੀ ਦਿਸਦੀ ਹੈ, ਬਾਕੀ ਸਾਰੇ ਪੰਜਾਬ ਦੀਆਂ ਗਲੀਆਂ ਭਾਵੇਂ ਸੁੰਨੀਆਂ ਕਿਉਂ ਨਾ ਹੋ ਜਾਣ!

# ਅਮਰ ਕਾਰਪੈਟ ਇੰਕ ਨੂੰ 'ਬਿਜ਼ਨਸਰੇਟ ਬੈਸਟ ਆਫ 2025' ਅਵਾਰਡ


**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਅਮਰ ਕਾਰਪੈਟ ਇੰਕ (2423 ਵੈਸਟ ਦੀਵਾਨ ਐਵੇਨਿਊ, ਸ਼ਿਕਾਗੋ, ਇਲੀਨਾਏ 60659) ਨੂੰ ਗੂਗਲ ਸਮੀਖਿਆ ਡੇਟਾ ਦੇ ਆਧਾਰ 'ਤੇ 'ਬਿਜ਼ਨਸਰੇਟ ਬੈਸਟ ਆਫ 2025' ਅਵਾਰਡ ਮਿਲਿਆ ਹੈ। ਗੂਗਲ ਸਮੀਖਿਆ ਡੇਟਾ ਦੇ ਬਿਜ਼ਨਸਰੇਟ ਸਟਾਫ ਵੱਲੋਂ ਜਾਰੀ ਪੱਤਰ ਅਨੁਸਾਰ ਅਮਰ ਕਾਰਪੈਟ ਇੰਕ ਨੂੰ 2025 ਲਈ ਸ਼ਿਕਾਗੋ ਵਿੱਚ ਸਭ ਤੋਂ ਵਧੀਆ ਕਾਰਪੈਟ ਸਟੋਰ ਲਈ ਮਾਨਤਾ ਦਿੱਤੀ ਗਈ ਹੈ।

ਇਸ ਪ੍ਰਾਪਤੀ 'ਤੇ ਖੁਸ਼ੀ ਜਾਹਰ ਕਰਦਿਆਂ ਅਮਰ ਕਾਰਪੈਟ ਇੰਕ ਦੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਦੱਸਿਆ ਕਿ ਗੂਗਲ ਸਮੀਖਿਆ ਡੇਟਾ ਦੇ ਬਿਜ਼ਨਸਰੇਟ ਸਟਾਫ ਵੱਲੋਂ ਜਾਰੀ ਪੱਤਰ ਵਿੱਚ ਵਧਾਈ ਦਿੰਦਿਆਂ ਲਿਖਿਆ ਗਿਆ ਹੈ, "ਤੁਹਾਨੂੰ ਇਹ ਦੱਸਦੇ ਹੋਏ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਅਮਰ ਕਾਰਪੈਟ ਇੰਕ ਨੂੰ ਕਾਰਪੈਟ ਸਟੋਰ ਸ਼੍ਰੇਣੀ ਵਿੱਚ ਅਧਿਕਾਰਤ ਤੌਰ 'ਤੇ 2025 ਦੇ ਸ਼ਿਕਾਗੋ ਅਵਾਰਡ ਜੇਤੂ ਵਜੋਂ ਮਾਨਤਾ ਦਿੱਤੀ ਗਈ ਹੈ - ਇਹ ਸਨਮਾਨ ਗੂਗਲ ਸਮੀਖਿਆਵਾਂ ਤੋਂ ਪ੍ਰਮਾਣਿਤ ਡੇਟਾ 'ਤੇ ਆਧਾਰਤ ਹੈ, ਜਿਵੇਂ ਕਿ ਬਿਜ਼ਨਸਰੇਟ (BusinessRate) ਦੁਆਰਾ ਵਿਸ਼ਲੇਸ਼ਣ ਅਤੇ ਪ੍ਰਮਾਣਿਤ ਕੀਤਾ ਗਿਆ ਹੈ।"

ਪੱਤਰ ਵਿੱਚ ਅੱਗੇ ਹੋਰ ਲਿਖਿਆ ਗਿਆ ਹੈ, "ਇਹ ਮਾਨਤਾ 'BusinessRate BEST of 2025' ਅਵਾਰਡਾਂ ਦਾ ਹਿੱਸਾ ਹੈ, ਜੋ ਜਨਤਕ ਤੌਰ 'ਤੇ ਉਪਲਬਧ ਗੂਗਲ ਸਮੀਖਿਆ ਡੇਟਾ ਦੀ ਵਰਤੋਂ ਕਰਕੇ ਗਾਹਕ ਸੰਤੁਸ਼ਟੀ, ਬ੍ਰਾਂਡ ਪ੍ਰਤਿਸ਼ਠਾ ਅਤੇ ਸੇਵਾ ਉੱਤਮਤਾ ਵਿੱਚ ਸਥਾਨਕ ਨੇਤਾਵਾਂ ਦੀ ਪਛਾਣ ਕਰਦੇ ਹਨ। ਇਹ ਵਿਆਪਕ ਰੇਟਿੰਗ ਦਰਸਾਉਂਦੀ ਹੈ ਕਿ ਤੁਹਾਡਾ ਕਾਰੋਬਾਰ ਸਥਾਨਕ ਪ੍ਰਤੀਯੋਗਤਾਵਾਂ ਦੇ ਮੁਕਾਬਲੇ ਕਿਵੇਂ ਦਰਜਾ ਰੱਖਦਾ ਹੈ।

ਇਸ ਸ਼ਾਨਦਾਰ ਪ੍ਰਾਪਤੀ 'ਤੇ ਦੁਬਾਰਾ ਵਧਾਈਆਂ - ਅਰਜ਼ੀ ਜਾਂ ਨਾਮਜ਼ਦਗੀ ਦੁਆਰਾ ਨਹੀਂ, ਸਗੋਂ ਤੁਹਾਡੇ ਆਪਣੇ ਗਾਹਕਾਂ ਦੇ ਪ੍ਰਮਾਣਿਕ ਫੀਡਬੈਕ ਦੁਆਰਾ ਪ੍ਰਾਪਤ ਕੀਤਾ ਗਿਆ। ਤੁਹਾਡੇ ਉਦਯੋਗ ਵਿੱਚ ਉੱਤਮਤਾ ਦੀ ਨੁਮਾਇੰਦਗੀ ਕਰਨ ਲਈ ਤੁਹਾਡਾ ਧੰਨਵਾਦ।

ਨਿੱਘਾ ਸਤਿਕਾਰ, ਬਿਜ਼ਨਸਰੇਟ ਸਟਾਫ।"



ਸ. ਅਮਰੀਕ ਸਿੰਘ ਸ਼ਿਕਾਗੋ

Google Reviews ★★★★★




ਇੱਥੇ ਜ਼ਿਕਰਯੋਗ ਹੈ ਕਿ ਸ. ਅਮਰੀਕ ਸਿੰਘ ਪਿਛਲੇ ਲੰਮੇ ਸਮੇਂ ਤੋਂ ਸ਼ਿਕਾਗੋ ਵਿੱਚ ਕਾਰਪੈਟ ਦਾ ਬਿਜ਼ਨਸ ਕਰ ਰਹੇ ਹਨ ਅਤੇ ਉਨ੍ਹਾਂ ਆਪਣੀਆਂ ਸੇਵਾਵਾਂ ਸ਼ਿਕਾਗੋਲੈਂਡ ਤੋਂ ਇਲਾਵਾ ਨੇੜਲੀਆਂ ਸਟੇਟਾਂ ਵਿੱਚ ਵੀ ਪ੍ਰਦਾਨ ਕੀਤੀਆਂ ਹਨ। ਸ. ਅਮਰੀਕ ਸਿੰਘ ਨੇ ਮਾਣ ਨਾਲ ਦੱਸਿਆ ਕਿ ਉਨ੍ਹਾਂ ਆਪਣੇ ਭਾਈਚਾਰੇ ਅਤੇ ਹੋਰਨਾਂ ਭਾਈਚਾਰਿਆਂ ਦੇ ਗਾਹਕਾਂ ਵਿੱਚ ਕੰਮ ਸਬੰਧੀ ਤਸੱਲੀਬਖਸ਼ ਸੇਵਾਵਾਂ ਦੇ ਜ਼ਰੀਏ ਨਾਂ ਕਮਾਇਆ ਹੈ ਤੇ ਥਾਂ ਬਣਾਈ ਹੈ।

ਉਨ੍ਹਾਂ ਕਿਹਾ ਕਿ ਘਰਾਂ ਅਤੇ ਕਾਰੋਬਾਰੀ ਥਾਵਾਂ 'ਤੇ ਕਾਰਪੈਟ/ਰਗ ਆਦਿ ਸਬੰਧੀ ਉਨ੍ਹਾਂ ਬਹੁਤ ਹੀ ਵਾਜਬ ਰੇਟ ਉਤੇ ਕੰਮ ਕੀਤਾ ਤੇ ਕਦੇ ਕੁਆਲਿਟੀ ਨਾਲ ਸਮਝੌਤਾ ਨਹੀਂ ਕੀਤਾ। ਕਈ ਧਾਰਮਿਕ/ਸਮਾਜਿਕ ਥਾਵਾਂ 'ਤੇ ਕਾਰਪੈਟ ਸਬੰਧੀ ਉਨ੍ਹਾਂ ਸੇਵਾ ਵਜੋਂ ਵੀ ਕੰਮ ਕੀਤਾ।

# ਆਸਟਰੇਲੀਆ ਦੀ ਬੌਂਦੀ ਬੀਚ ’ਤੇ ਅਤਿਵਾਦੀ ਹਮਲਾ

## *15 ਵਿਅਕਤੀਆਂ ਦੀ ਮੌਤ, 30 ਜ਼ਖਮੀ *ਅਹਿਮਦ-ਅਲ-ਅਹਿਮਦ ਬੰਦੂਕਧਾਰੀਆਂ ਨਾਲ ਉਲਝਣ ਕਾਰਨ ਬਣਿਆ ਨਾਇਕ

ਦੁਨੀਆਂ ਭਰ ਵਿੱਚ ਵਧੇਰੇ ਸੁਰੱਖਿਅਤ ਮੁਲਕਾਂ ਵਿੱਚ ਗਿਣੇ ਜਾਂਦੇ ਆਸਟਰੇਲੀਆ ਦੇ ਸਿਡਨੀ ਸ਼ਹਿਰ ਦੀ ਬੌਂਦੀ ਬੀਚ ‘ਤੇ ਬੀਤੇ ਐਤਵਾਰ ਪਾਕਿਸਤਾਨੀ ਮੂਲ ਦੇ ਇੱਕ ਪਿਓ-ਪੁੱਤਰ ਵੱਲੋਂ ਯਹੂਦੀ ਭਾਈਚਾਰੇ ਦੇ ਲੋਕਾਂ ‘ਤੇ ਹਥਿਆਰਬੰਦ ਹਮਲਾ ਕਰ ਦਿੱਤਾ ਗਿਆ। ਇਨ੍ਹਾਂ ਦੋ ਬੰਦੂਕਧਾਰੀਆਂ ਵੱਲੋਂ ਕੀਤੇ ਗਏ ਇਸ ਹਮਲੇ ਵਿੱਚ 15 ਵਿਅਕਤੀਆਂ ਦੀ ਮੌਤ ਹੋ ਗਈ ਦੱਸੀ ਜਾਂਦੀ ਹੈ। ਇਸ ਤੋਂ ਇਲਾਵਾ 30 ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਬੰਦੂਕਧਾਰੀਆਂ ਨਾਲ ਹੱਥੋਪਾਈ ਹੋਣ ਵਾਲਾ ਸੀਰੀਆਈ ਮੂਲ ਦਾ ਅਹਿਮਦ-ਅਲ-ਅਹਿਮਦ ਵੀ ਜ਼ਖਮੀ ਹੋਣ ਪਿੱਛੋਂ ਹਸਪਤਾਲ ਵਿੱਚ ਦਾਖਲ ਹੈ। ਇੱਕ ਹਮਲਾਵਰ ਵੀ ਗੰਭੀਰ ਜ਼ਖਮੀ ਹੋਣ ਕਾਰਨ ਹਸਪਤਾਲ ਵਿੱਚ ਦਾਖਲ ਹੈ।

ਪੁਲਿਸ ਅਧਿਕਾਰੀਆਂ ਅਨੁਸਾਰ ਇੱਕ ਫਲਾਂ ਦੇ ਦੁਕਾਨਦਾਰ ਅਹਿਮਦ -ਅਲ-ਅਹਿਮਦ ਵੱਲੋਂ ਇੱਕ ਬੰਦੂਕਧਾਰੀ ਤੋਂ ਜ਼ਬਰਦਸਤੀ ਝਪਟ ਕੇ ਬੰਦੂਕ ਨਾ ਖੋਹੀ ਗਈ ਹੁੰਦੀ ਤਾਂ ਮੌਤਾਂ ਦੀ ਗਿਣਤੀ ਵਧੇਰੇ ਹੋ ਸਕਦੀ ਸੀ। ਇਸ ਘਟਨਾ ਤੋਂ ਬਾਅਦ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਨਥੋਨੀ ਅਲਬਨੀਜ਼ ਵੱਲੋਂ ਤੁਰੰਤ ਸੱਦੀ ਗਈ ਨੈਸ਼ਨਲ ਸੁਰੱਖਿਆ ਕੌਂਸਲ ਦੀ ਮੀਟਿੰਗ ਵਿੱਚ ਹਮਲੇ ਦੀ ਨਿੰਦਾ ਕੀਤੀ ਗਈ। ਆਸਟਰੇਲੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਅਜਿਹਾ ਹਮਲਾ ਕਿਆਸ ਤੋਂ ਬਾਹਰ ਦੀ ਘਟਨਾ ਹੈ। ਉਨ੍ਹਾਂ ਕਿਹਾ ਕਿ ਯਹੂਦੀ ਤਿਉਹਾਰ ਹਨੂਕਾਹ ਮੌਕੇ ਆਸਟਰੇਲੀਅਨ ਯਹੂਦੀ ਭਾਈਚਾਰੇ ‘ਤੇ ਕੀਤਾ ਗਿਆ ਇਹ ਹਮਲਾ ਸ਼ੈਤਾਨੀਅਤ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਨੇਰੇ ਪਲਾਂ ਵਿੱਚ ਸਾਡੀਆਂ ਸੁਰੱਖਿਆ ਏਜੰਸੀਆਂ ਉਨ੍ਹਾਂ ਵਿਅਕਤੀਆਂ ਦੀ ਨਿਸ਼ਨਦੇਹੀ ਕਰਨ ਲਈ ਸਖਤ ਮਿਹਨਤ ਕਰ ਰਹੀਆਂ ਹਨ, ਜਿਨ੍ਹਾਂ ਦੀ ਇਸ ਹਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਭਾਗੇਦਾਰੀ ਹੈ।

ਇਸ ਦੌਰਾਨ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਆਸਟਰੇਲੀਆ ਦੀ ਮੌਜੂਦਾ ਸਰਕਾਰ ਦੀ ਸਖਤ ਆਲੋਚਨਾ ਕਰਦਿਆਂ ਕਿਹਾ ਕਿ ਸਾਮੀਵਾਦ ਦੇ ਖਿਲਾਫ ਇਹ ਹਮਲਾ ਆਸਟਰੇਲੀਅਨ ਸਰਕਾਰ ਵੱਲੋਂ ਫਲਿਸਤੀਨ ਨੂੰ ਮਾਨਤਾ ਦੇਣ ਅਤੇ ਹਮਾਸ ਦੇ ਅਤਿਵਾਦੀਆਂ ਖਿਲਾਫ ਅਪਣਾਈ ਗਈ ਨਰਮ ਪਹੁੰਚ ਦਾ ਨਤੀਜਾ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਘਟਨਾ ਦਾ ਬਦਲਾ ਲਿਆ ਜਾਵੇਗਾ।

ਨਵੀਦ ਅਕਰਮ ਅਤੇ ਸਜਾਦ ਅਕਰਮ ਨਾਂ ਦੇ ਦੋ ਪਿਓ-ਪੁੱਤਰਾਂ ਵੱਲੋਂ ਯਹੂਦੀ ਭੀੜ ‘ਤੇ ਕੀਤੀ ਗਈ ਇਸ ਅੰਨ੍ਹੇਵਾਹ ਫਾਇਰਿੰਗ ਨੂੰ ਆਪਣੇ ਲਾਇਸੰਸੀ ਹਥਿਆਰਾਂ ਨਾਲ ਅੰਜ਼ਾਮ ਦਿੱਤਾ ਗਿਆ। 24 ਸਾਲਾ ਨਵੀਦ ਅਕਰਮ ਨੂੰ ਘਟਨਾ ਮੌਕੇ ਪੁਲਿਸ ਵੱਲੋਂ ਜ਼ਖਮੀ ਹਾਲਤ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਇਸ ਦੌਰਾਨ ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਅਤੇ ਹਸਪਤਾਲ ਵਿੱਚ ਦਾਖਲ ਹੈ; ਜਦਕਿ ਉਸ ਦੇ ਪਿਤਾ ਸਾਜਿਦ ਅਕਰਮ (50) ਦੀ ਇਸ ਹਮਲੇ ਦੌਰਾਨ ਸੁਰੱਖਿਆ ਮੁਲਾਜ਼ਮਾਂ ਨਾਲ ਹੋਈ ਝੜਪ ਵਿੱਚ ਮੌਤ ਹੋ ਗਈ।

ਸੁਰੱਖਿਆ ਅਧਿਕਾਰੀਆਂ ਦਾ ਆਖਣਾ ਹੈ ਕਿ ਨਵੀਦ ਅਕਰਮ ‘ਤੇ ਪੁਲਿਸ ਪਿਛਲੇ ਕੁਝ ਸਮੇਂ ਤੋਂ ਨਜ਼ਰ ਰੱਖ ਰਹੀ ਸੀ, ਪਰ ਉਸ ਤੋਂ ਫੌਰੀ ਕਿਸੇ ਖਤਰੇ ਦੀ ਉਮੀਦ ਨਹੀਂ ਸੀ ਕੀਤੀ ਜਾ ਰਹੀ। ਉਸ ਦੇ ਪਿਤਾ ਸਾਜਿਦ ਅਕਰਮ ਦੇ ਨਾਂ ‘ਤੇ 6 ਹਥਿਆਰਾਂ ਦੇ ਲਾਈਸੈਂਸ ਸਨ। ਇੱਕ ਰਾਈਫਲ ਅਤੇ ਸ਼ੂਟ ਗੰਨ ਸਮੇਤ, ਇਨ੍ਹਾਂ ਵਿੱਚੋਂ ਚਾਰ ਵਾਰਦਾਤ ਮੌਕੇ ਹੀ ਬਰਾਮਦ ਕਰ ਲਏ ਗਏ, ਜਦਕਿ ਬਾਕੀ ਦੱਖਣ ਪੱਛਮੀ ਸਿਡਨੀ ਦੇ ਕੈਂਪਾਈਜ਼ ਵਿੱਚ ਮੌਜੂਦ ਹਮਲਾਵਰਾਂ ਦੇ ਘਰ ‘ਤੇ ਪੁਲਿਸ ਵੱਲੋਂ ਕੀਤੀ ਗਈ ਰੇਡ ਵਿੱਚ ਬਰਾਮਦ ਕੀਤੇ ਗਏ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਅਨੁਸਾਰ ਨਵੀਦ ਮਕਾਨ ਉਸਾਰੀ ਦਾ ਕੰਮ ਕਰਦਾ ਸੀ ਅਤੇ ਇਸਲਾਮਿਕ ਸਟੇਟ ਦੇ ਇੱਕ ਸੈਲ ਨਾਲ ਉਸ ਦੀ ਵਾਕਫੀਅਤ ਕਾਰਨ ਅਕਤੂਬਰ 2019 ਵਿੱਚ ਉਸ ਕੋਲੋਂ ਆਸਟਰੇਲੀਅਨ ਇੰਟੈਲੀਜੈਂਸ ਸਿਕਿਉਰਿਟੀ ਆਰਗੇਨਾਈਜੇਸ਼ਨ ਵੱਲੋਂ ਪੁੱਛ-ਪੜਤਾਲ ਕੀਤੀ ਗਈ ਸੀ।

ਨਿਊ ਸਾਊਥ ਵੇਲਜ਼ ਦੇ ਪੁਲਿਸ ਕਮਿਸ਼ਨਰ ਲਲੇਨਿਓਨ ਨੇ ਕਿਹਾ ਕਿ ਦੋ ਹੋਰ ਵਿਅਕਤੀ ਜਿਹੜੇ ਪੱਛਮੀ ਸਿਡਨੀ ਵਿੱਚ ਰਹਿੰਦੇ ਹਨ, ਤੋਂ ਪੁਲਿਸ ਵੱਲੋਂ ਪੁੱਛ-ਪੜਤਾਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਮਲਾ ਕਰਨ ਵਾਲੇ ਦੋਸ਼ੀਆਂ ਦੀ ਕਾਰ ਵਿੱਚੋਂ ਇਸਲਾਮਿਕ ਸਟੇਟ ਦਾ ਝੰਡਾ ਵੀ ਬਰਾਮਦ ਹੋਇਆ ਹੈ। ਇਸ ਘਟਨਾ ਤੋਂ ਬਾਅਦ ਆਸਟਰੇਲੀਅਨ ਸਰਕਾਰ ਲਾਈਸੈਂਸੀ ਹਥਿਆਰਾਂ ਦੀ ਸਪਲਾਈ ਨੂੰ ਸੀਮਤ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ। ਆਸਟਰੇਲੀਆ ਦੇ ਗ੍ਰਹਿ ਮੰਤਰੀ ਟੋਨੀ ਬੁਰਕ ਨੇ ਕਿਹਾ ਕਿ ਨਵੀਦ ਅਕਰਮ ਆਸਟਰੇਲੀਆ ਦਾ ਜੰਮਪਲ ਸ਼ਹਿਰੀ ਸੀ, ਜਦਕਿ ਉਸ ਦਾ ਪਿਤਾ ਸਾਜਿਦ ਅਕਰਮ 1998 ਵਿੱਚ ਸਟਡੀ ਵੀਜ਼ੇ ‘ਤੇ ਪਾਕਿਸਤਾਨ ਤੋਂ ਆਸਟਰੇਲੀਆ ਆਇਆ ਸੀ। ਘਟਨਾ ਮੌਕੇ ਬੰਦੂਕਧਾਰੀ ਨਾਲ ਉਲਝਣ ਵਾਲੇ ਅਹਿਮਦ-ਅਲ-ਅਹਿਮਦ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਨਿਹੱਥੇ ਲੋਕਾਂ ਨੂੰ ਮਰਦੇ ਨਾ ਵੇਖ ਸਕਣ ਕਾਰਨ ਹੀ ਅਹਿਮਦ ਨੇ ਬੰਦੂਕਧਾਰੀਆਂ ਨਾਲ ਉਲਝਣ ਦਾ ਖਤਰਾ ਮੁੱਲ ਲਿਆ। ਨਿਊ ਸਾਊਥ ਵੇਲਜ਼ ਦੇ ਮੁੱਖ ਮੰਤਰੀ ਕਰਿਸ ਮਿਨਸ ਨੇ ਉਸ ਦਾ ਹਸਪਤਾਲ ਵਿੱਚ ਹਾਲ-ਚਾਲ ਪੁੱਛਿਆ ਅਤੇ ਉਸ ਨੂੰ ਅਸਲੀ ਹੀਰੋ ਕਰਾਰ ਦਿੱਤਾ। ਇਸ ਤੋਂ ਇਲਾਵਾ ਅਮਰੀਕਾ ਦੇ ਰਾਸ਼ਟਰਪਤੀ, ਇੰਗਲੈਂਡ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀਆਂ ਨੇ ਵੀ ਅਹਿਮਦ ਨੂੰ ਅਸਲ ਜ਼ਿੰਦਗੀ ਦਾ ਨਾਇਕ ਕਰਾਰ ਦਿੱਤਾ ਹੈ।

ਨਿਸ਼ਚਤ ਹੀ ਬੌਂਦੀ ਬੀਚ ਵਿਖੇ ਆਸਟਰੇਲੀਆ ਦੇ ਯਹੂਦੀ ਨਾਗਰਿਕਾਂ ਉੱਪਰ ਕੀਤਾ ਗਿਆ ਹਮਲਾ ਅਤਿ ਨਿੰਦਣਯੋਗ ਹੈ, ਪਰ ਨਾਲ ਹੀ ਜਿਸ ਮੁਸਲਮਾਨ ਨੇ ਬੰਦੂਕਧਾਰੀਆਂ ਵਿੱਚੋਂ ਇੱਕ ਨਾਲ ਹੱਥੋਪਾਈ ਹੋ ਕੇ ਹਥਿਆਰ ਖੋਹਿਆ, ਉਸ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਇਹ ਘਟਨਾ ਸਾਬਤ ਕਰਦੀ ਹੈ ਕਿ ਕਿਸੇ ਇੱਕ ਘਟਨਾ ਕਰਕੇ ਕਿਸੇ ਸਮੁੱਚੇ ਧਾਰਮਿਕ ਭਾਈਚਾਰੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। 7 ਅਕਤੂਬਰ 2023 ਨੂੰ ਹਮਾਸ ਵੱਲੋਂ ਕੀਤੇ ਗਏ ਹਮਲੇ ਪਿੱਛੋਂ ਫਲਿਸਤੀਨ ‘ਤੇ ਹਮਲਾ ਕਰਨ ਵੇਲੇ ਇਜ਼ਰਾਇਲ ਨੇ ਸਮੁੱਚੇ ਫਲਿਸਤੀਨੀਆਂ ਨੂੰ ਦੋਸ਼ੀ ਠਹਿਰਾਇਆ ਸੀ। ਇਸ ਕਿਸਮ ਦੇ ਵਿਚਾਰ ਨੇਤਨਯਾਹੂ ਨੇ ਸੰਯੁਕਤ ਰਾਸ਼ਟਰ ਦੀ ਕਾਨਫਰੰਸ ਵਿੱਚ ਵੀ ਪ੍ਰਗਟ ਕੀਤੇ ਸਨ। ਉਪਰੋਕਤ ਨੀਤੀ ਤਹਿਤ ਫਲਿਸਤੀਨ ‘ਤੇ ਇਜ਼ਰਾਇਲੀ ਫੌਜ ਦੇ ਹਮਲੇ ਦੌਰਾਨ ਲਗਪਗ ਸਾਰਾ ਫਲਿਸਤੀਨ ਤਬਾਹ ਕਰ ਦਿੱਤਾ ਗਿਆ। ਇੱਥੇ ਹੀ ਬੱਸ ਨਹੀਂ, ਜੰਗਬੰਦੀ ਦੇ ਚਲਦੇ ਵੀ ਇਜ਼ਰਾਇਲ ਗਾਜ਼ਾ ਵਿੱਚ ਫਲਿਸਤੀਨੀਆਂ ਲਈ ਮਾੜੀ ਮੋਟੀ ਪਨਾਹ ਵਾਸਤੇ ਬਚਦੀਆਂ ਇਮਾਰਤਾਂ ਨੂੰ ਢਾਹੀ ਜਾ ਰਿਹਾ ਹੈ। ਹਾਲ ਹੀ ਵਿੱਚ ਇੱਕ ਵੱਡੇ ਹਮਲੇ ਵਿੱਚ ਇਜ਼ਰਾਇਲੀ ਫੌਜ ਨੇ ਹਮਾਸ ਦੇ ਇੱਕ ਪ੍ਰਮੁੱਖ ਆਗੂ ਦੀ ਹੱਤਿਆ ਕੀਤੀ।

ਇੱਕ ਸੂਚਨਾ ਅਨੁਸਾਰ 10 ਅਕਤੂਬਰ ਨੂੰ ਜੰਗਬੰਦੀ ਸ਼ੁਰੂ ਹੋਣ ਤੋਂ ਬਾਅਦ ਇਜ਼ਰਾਇਲ ਗਾਜ਼ਾ ਪੱਟੀ ਦੇ ਹਮਾਸ ਦੇ ਅਧਿਕਾਰ ਵਿਚਲੇ ਖੇਤਰ ‘ਤੇ 738 ਹਮਲੇ ਕਰ ਚੁੱਕਾ ਹੈ। ਇਸ ਦੌਰਾਨ ਇਜ਼ਰਾਇਲ ਵੱਲੋਂ ਫਲਿਸਤੀਨੀ ਆਮ ਨਾਗਰਿਕਾਂ ‘ਤੇ 205 ਵਾਰ ਫਾਇਰਿੰਗ ਕੀਤੀ ਗਈ ਹੈ। ਇਜ਼ਰਾਇਲ ਫੌਜ ਲਈ ਹੱਦਬੰਦੀ ਵਜੋਂ ਗਾਜ਼ਾ ਵਿੱਚ ਖਿੱਚੀ ਗਈ ਯੈਲੋ ਲਾਈਨ ਦੇ ਅੰਦਰ ਯਹੂਦੀ ਫੌਜ ਵੱਲੋਂ 37 ਵਾਰ ਹਮਲੇ ਕੀਤੇ ਗਏ ਹਨ। ਗਾਜ਼ਾ ‘ਤੇ 358 ਵਾਰ ਹਵਾਈ ਵਾਹਨਾਂ ਰਾਹੀਂ ਬੰਬ ਸੁੱਟੇ ਗਏ ਹਨ। ਜੰਗਬੰਦੀ ਦੇ ਬਾਅਦ ਲੋਕਾਂ ਦੀਆਂ ਜਾਇਦਾਦਾਂ ‘ਤੇ 138 ਹਮਲੇ ਅਤੇ 43 ਫਲਿਸਤੀਨੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਇੰਜ ਇਹ ਜੰਗ ਬੰਦੀ ਫਲਿਸਤੀਨੀਆਂ ਲਈ ਇੱਕ ਧੀਮੀ ਪਰ ਜਾਰੀ ਜੰਗ ਦਾ ਹੀ ਰੂਪ ਹੈ। ਅਜਿਹੇ ਹਾਲਤ ਵਿੱਚ ਕਿਸੇ ਮੁਸਲਿਮ ਵਿਅਕਤੀ ਦਾ ਭਾਵੁਕਤਾ ਅਤੇ ਬਦਲਾਖੋਰੀ ਦੇ ਤਹਿਤ ਕਿਸੇ ਹੋਰ ਦੇਸ਼ ਵਿੱਚ ਯਹੂਦੀ ਭਾਈਚਾਰੇ ‘ਤੇ ਹਮਲੇ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਕਿਸਮ ਦੀਆਂ ਘਟਨਵਾਂ ਹੋਰ ਮੁਲਕਾਂ ਵਿੱਚ ਵੀ ਵਾਪਰ ਸਕਦੀਆਂ ਹਨ।

ਪਿਛਲੀ ਸਦੀ ਦੇ ਪਹਿਲੇ ਅੱਧ ਵਿੱਚ ਜਰਮਨੀ ਵਿੱਚ ਨਸਲਕੁਸ਼ੀ ਦਾ ਸਾਹਮਣਾ ਕਰਨ ਵਾਲੇ ਯਹੂਦੀ ਫਲਿਸਤੀਨ ਵਿੱਚ ਇੰਨੀ ਬਰਬਰਤਾ ਨਾਲ ਨਸਲਕੁਸ਼ੀ ਕਰ ਸਕਦੇ ਹਨ, ਇਹ ਪੱਖ ਮਨੁੱਖੀ ਸਿਆਣਪ ਦੇ ਅੱਤਿ ਮਹੀਨ ਹਲਕਿਆਂ ਦੀ ਸਮਝ ਤੋਂ ਵੀ ਬਾਹਰ ਹੈ। ਇਸੇ ਲਈ ਸ਼ਾਇਦ ਇਰਾਨ ਨੇ ਕਿਹਾ ਹੈ ਕਿ ਫਲਿਸਤੀਨ ਵਿੱਚ ਆਪਣੀਆਂ ਕਰਤੂਤਾਂ ਨੂੰ ਜਾਇਜ਼ ਠਹਿਰਾਉਣ ਲਈ ਇਜ਼ਰਾਇਲ ਖੁਦ ਆਪ ਵੀ ਸਿਡਨੀ ਵਰਗੇ ਹਮਲੇ ਕਰਵਾ ਸਕਦਾ ਹੈ। ਇਹ ਫਲਿਸਤੀਨ ਦੇ ਹੱਕ ਵਿੱਚ ਉਠ ਰਹੀ ਆਵਾਜ਼ ਨੂੰ ਸਾਬੋਤਾਜ਼ ਕਰਨ ਦਾ ਤਰੀਕਾ ਵੀ ਹੈ। ਸਾਰੀ ਦੁਨੀਆਂ ਦੇ ਸਾਹਮਣੇ ਇਜ਼ਰਾਇਲ ਨੇ ਸਾਰਾ ਹੀ ਫਲਿਸਤੀਨ ਬੇਰਹਿਮੀ ਨਾਲ ਭੰਨ ਸੁੱਟਿਆ, ਸਮੂਹਿਕ ਕਤਲੇਆਮ ਕੀਤਾ। ਇੰਟਰਨੈਸ਼ਨਲ ਕੋਰਟ ਆਫ ਜਸਟਿਸ ਅਤੇ ਯੂ.ਐਨ.ਓ. ਪਹਿਲਾਂ ਹੀ ਇਸ ਨੂੰ ਨਸਲਕੁਸ਼ੀ ਕਰਾਰ ਦੇ ਚੁੱਕੇ ਹਨ। ਇਸ ਕਰਕੇ ਇਰਾਨ ਦੀ ਇਸ ਮੰਗ ਤੋਂ ਮੁੱਖ ਨਹੀਂ ਮੋੜਿਆ ਜਾਣਾ ਚਾਹੀਦਾ ਕਿ ਸਿਡਨੀ ਹਮਲੇ ਦੀ ਬਾਰੀਕੀ ਨਾਲ ਅਤੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ; ਕਿਉਂਕਿ ਇਜ਼ਰਾਇਲ ਖੁਦ ਵੀ ਐਸੇ ਹਮਲਿਆਂ ਨੂੰ ਅੰਜਾਮ ਦੇ ਸਕਦਾ ਹੈ।




# ਸਥਾਨਕ ਸੰਸਥਾਵਾਂ ਦੀਆਂ ਚੋਣਾਂ 'ਚ ਸਿਆਸੀ ਪਾਰਟੀਆਂ ਦਾ ਜ਼ੋਰ ਲੱਗਾ

***ਲੋਕਾਂ ਦੀ ਦਿਲਚਸਪੀ ਘਟੀ, 48 ਫੀਸਦੀ ਵੋਟਿੰਗ ਹੋਈ *347 ਜਿਲ੍ਹਾ ਪ੍ਰੀਸ਼ਦਾਂ ਅਤੇ 2838 ਬਲਾਕ ਸੰਮਤੀਆਂ ਲਈ ਪਈਆਂ ਵੋਟਾਂ**

**ਪੰਜਾਬੀ ਪਰਵਾਜ਼ ਬਿਊਰੋ**

ਤਰਨਤਾਰਨ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੀ ਐਨ ਪਿੱਠ ਭੂਮੀ ਵਿੱਚ ਪੰਜਾਬ ਵਿੱਚ ਜਿਲ੍ਹਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀਆਂ ਲਈ ਬੀਤੇ ਐਤਵਾਰ ਵੋਟਾਂ ਪੈ ਗਈਆਂ ਹਨ। ਪੰਜਾਬ ਚੋਣ ਕਮਿਸ਼ਨ ਦੀਆਂ ਸੂਚਨਾਵਾਂ ਅਨੁਸਾਰ ਕੁੱਲ ਮਿਲਾ ਕੇ 48 ਫੀਸਦੀ ਵੋਟਿੰਗ ਹੋਣ ਦੀ ਖ਼ਬਰ ਹੈ। ਯਾਦ ਰਹੇ, ਸਥਾਨਕ ਸੰਸਥਾਵਾਂ ਦੀਆਂ 2018 ਵਿੱਚ ਹੋਈਆਂ ਚੋਣਾਂ ਵਿੱਚ 58.1 ਫੀਸਦੀ ਵੋਟਾਂ ਪਈਆਂ ਸਨ। ਇਸ ਤਰ੍ਹਾਂ ਇਸ ਵਾਰ ਵੋਟਿੰਗ 10 ਫੀਸਦੀ ਘਟ ਗਈ ਹੈ। ਛਿਟਪੁਟ ਘਟਨਾਵਾਂ ਨੂੰ ਛੱਡ ਕੇ ਇਹ ਚੋਣ ਅਮਲ ਆਮ ਤੌਰ 'ਤੇ ਸ਼ਾਂਤਮਈ ਰਿਹਾ। ਆਮ ਲੋਕਾਂ ਨੇ ਇਨ੍ਹਾਂ ਚੋਣਾਂ ਵਿੱਚ ਘੱਟ ਦਿਲਚਸਪੀ ਵਿਖਾਈ। 17 ਦਸੰਬਰ ਨੂੰ ਵੋਟ ਗਿਣਤੀ ਦੇ ਚਲਦੇ ਇਸ ਰਿਪੋਰਟ ਦੇ ਛਪਣ ਤੋਂ ਪਹਿਲਾਂ ਚੋਣਾਂ ਦੇ ਨਤੀਜੇ ਵੀ ਆ ਚੁੱਕੇ ਹੋਣਗੇ।

ਉਂਝ ਵਿਰੋਧੀ ਪਾਰਟੀਆਂ ਵੱਲੋਂ ਪੰਜਾਬ ਸਰਕਾਰ ਉਤੇ ਕਈ ਥਾਈਂ ਬੂਥਾਂ 'ਤੇ ਕਬਜ਼ੇ ਕਰਨ ਦੇ ਦੋਸ਼ ਲਗਾਏ ਗਏ ਹਨ। ਇਸ ਤੋਂ ਇਲਾਵਾ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਵਿੱਚ 5 ਬੂਥਾਂ 'ਤੇ ਦੁਬਾਰਾ ਵੋਟਿੰਗ ਦੇ ਹੁਕਮ ਦਿੱਤੇ ਗਏ ਹਨ। ਪੱਟੀ, ਅੰਮ੍ਰਿਤਸਰ, ਬਰਨਾਲਾ ਤੇ ਫਿਰੋਜ਼ਪੁਰ ਵਿੱਚ ਬੂਥਾਂ 'ਤੇ ਕਬਜ਼ੇ ਅਤੇ ਭਾਜਪਾ ਆਗੂ 'ਤੇ ਹਮਲੇ ਦੀਆਂ ਖ਼ਬਰਾਂ ਹਨ। ਕੁਝ ਥਾਵਾਂ 'ਤੇ ਬੈਲਟ ਪੇਪਰ ਗਲਤ ਛਪ ਜਾਣ ਕਾਰਨ ਵੀ ਚੋਣ ਅਮਲੇ ਅਤੇ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਸ਼ੰਭੂ ਬਲੌਕ ਦੇ ਜਨਸੂਆ ਪਿੰਡ ਵਿੱਚ ਕੁਝ ਅਣਪਛਾਤੇ ਵਿਅਕਤੀਆਂ ਨੇ ਚੋਣ ਬੂਥ 'ਤੇ ਕਬਜ਼ਾ ਕਰਨ ਦਾ ਯਤਨ ਕੀਤਾ। ਕਾਂਗਰਸ ਦੇ ਉਮੀਦਵਾਰ ਇੰਦਰਜੀਤ ਸਿੰਘ ਨੇ ਦੋਸ਼ ਲਾਇਆ ਕਿ 'ਆਪ' ਵੱਲੋਂ ਇੱਥੇ 30-35 ਜਾਅਲੀ ਵੋਟਾਂ ਪਵਾਈਆਂ ਗਈਆਂ ਹਨ; ਪਰ ਚੋਣ ਅਧਿਕਾਰੀਆਂ ਅਨੁਸਾਰ ਇਸ ਕਿਸਮ ਦੀਆਂ ਵੋਟਾਂ ਕੈਂਸਲ ਕਰ ਦਿੱਤੀਆਂ ਗਈਆਂ ਹਨ।

ਯਾਦ ਰਹੇ, ਰਾਜ ਵਿੱਚ ਕੁੱਲ 347 ਜ਼ਿਲ੍ਹਾ ਪ੍ਰੀਸ਼ਦਾਂ ਅਤੇ 2838 ਬਲਾਕ ਸੰਮਤੀਆਂ ਲਈ ਵੋਟਾਂ ਪਈਆਂ ਹਨ। ਕੁੱਲ ਮਿਲਾ ਕੇ 19,000 ਪੋਲਿੰਗ ਬੂਥਾਂ 'ਤੇ 1.36 ਕਰੋੜ ਵੋਟਰ ਲੋਕਾਂ ਵਿੱਚੋਂ ਸਿਰਫ ਅੱਧਿਆਂ ਨੇ ਵੋਟਾਂ ਪਾਈਆਂ। 347 ਜ਼ਿਲ੍ਹਾ ਪ੍ਰੀਸ਼ਦ ਜੋਨਾਂ ਵਿੱਚ ਕੁੱਲ 1396 ਉਮੀਦਵਾਰਾਂ ਨੇ ਚੋਣ ਲੜੀ। ਕਾਂਗਰਸ ਨੇ 331, ਅਕਾਲੀ ਦਲ 298, ਭਾਰਤੀ ਜਨਤਾ ਪਾਰਟੀ 215, ਬਹੁਜਨ ਸਮਾਜ ਪਾਰਟੀ 50, ਅਕਾਲੀ ਦਲ (ਅ) ਨੇ 3 ਜੋਨਾਂ ਵਿੱਚ ਚੋਣ ਲੜੀ ਹੈ। 143 ਛੋਟੀਆਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨੇ ਚੋਣ ਲੜੀ। ਇਨ੍ਹਾਂ ਚੋਣਾਂ ਵਿੱਚ ਤਕਰੀਬਨ ਸਾਰੀਆਂ ਹੀ ਪਾਰਟੀਆਂ ਨੇ ਆਪੋ-ਆਪਣੀ ਸਮਰੱਥਾ ਮੁਤਾਬਕ ਹਿੱਸਾ ਲਿਆ। ਆਮ ਆਦਮੀ ਪਾਰਟੀ ਵੱਲੋਂ ਪੰਚਾਇਤ/ਬਲਾਕ ਸੰਮਤੀ ਜੋਨਾਂ ਲਈ 2771 ਉਮੀਦਵਾਰ ਖੜ੍ਹੇ ਕੀਤੇ ਗਏ। ਕਾਂਗਰਸ ਨੇ 2433, ਅਕਾਲੀ ਦਲ ਨੇ 1814, ਭਾਜਪਾ ਨੇ 1127, ਬਹੁਜਨ ਸਮਾਜ ਪਾਰਟੀ ਨੇ 195 ਉਮੀਦਵਾਰ ਖੜ੍ਹੇ ਕੀਤੇ। ਨਿੱਕੀਆਂ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੀ ਗਿਣਤੀ 686 ਰਹੀ, ਜਦਕਿ ਅਕਾਲੀ ਦਲ (ਮਾਨ) ਵੱਲੋਂ 3 ਉਮੀਦਵਾਰ ਖੜ੍ਹੇ ਕੀਤੇ ਗਏ ਸਨ।

ਪੇਂਡੂ ਖੇਤਰਾਂ ਦੀਆਂ ਇਨ੍ਹਾਂ ਮਹੱਤਵਪੂਰਣ ਚੋਣਾਂ ਦਾ ਵਿਧਾਨ ਸਭਾ ਅਤੇ ਲੋਕ ਸਭਾ ਲਈ ਹੋਣ ਵਾਲੀਆਂ ਚੋਣਾਂ ਨਾਲੋਂ ਫਰਕ ਇਹ ਹੈ ਕਿ ਇੱਥੇ ਵੋਟਾਂ ਬੈਲਟ ਪੇਪਰਾਂ 'ਤੇ ਪਈਆਂ ਹਨ। ਇਸ ਲਈ ਵੋਟ ਗਿਣਤੀ ਵਿੱਚ ਈ.ਵੀ.ਐਮ. ਮਸ਼ੀਨਾਂ ਰਾਹੀਂ ਹੋਣ ਵਾਲੀ ਹੇਰਾਫੇਰੀ ਦਾ ਦੋਸ਼ ਸਰਕਾਰ 'ਤੇ ਨਹੀਂ ਲਗਾਇਆ ਜਾ ਸਕੇਗਾ। ਭਾਵੇਂ ਕਿ ਇਨ੍ਹਾਂ ਚੋਣਾਂ ਵਿੱਚ ਵੀ ਪੰਜਾਬ ਸਰਕਾਰ ਨੇ ਰਾਜ ਦੇ ਸਾਧਨਾਂ, ਸੋਮਿਆਂ ਦੀ ਵਰਤੋਂ/ਕੁਵਰਤੋਂ ਆਪਣੇ ਹੱਕ ਵਿੱਚ ਕੀਤੀ ਹੈ। ਪਟਿਆਲਾ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਇਸ ਕਿਸਮ ਦੀ ਦੁਰਵਰਤੋਂ ਅਤੇ ਧੱਕੇ ਸ਼ਾਹੀ ਦੇ ਦੋਸ਼ ਅਕਾਲੀ ਦਲ ਅਤੇ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਲਾਏ ਵੀ ਹਨ। ਦੋਹਾਂ ਪਾਰਟੀਆਂ ਨੇ ਦੋਸ਼ ਲਾਏ ਕਿ ਆਮ ਆਦਮੀ ਪਾਰਟੀ ਨੇ ਪੁਲਿਸ ਅਤੇ ਰਾਜ ਦੀ ਧੱਕੇਸ਼ਾਹੀ ਦੇ ਜ਼ੋਰ ਨਾਲ ਇਨ੍ਹਾਂ ਚੋਣਾਂ ਵਿੱਚ ਜਾਅਲੀ ਵੋਟਾਂ ਪਵਾਈਆਂ ਹਨ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਨੇ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਨੂੰ ਜ਼ਬਰਦਸਤੀ ਜਿੱਤਣ ਲਈ ਜਾਅਲੀ ਵੋਟ ਪਵਾਏ ਹਨ। ਦੋਹਾਂ ਧਿਰਾਂ ਨੇ ਕਿਹਾ ਕਿ ਪੰਜਾਬ ਚੋਣ ਕਮਿਸ਼ਨ ਨਿਰਪੱਖ ਚੋਣਾਂ ਕਰਵਾਉਣ ਵਿੱਚ ਅਸਫਲ ਰਿਹਾ ਹੈ। ਅਕਾਲੀ ਦਲ ਵੱਲੋਂ ਚੋਣਾਂ ਦੇ ਮਾਮਲੇ ਵਿੱਚ ਪਟਿਆਲਾ ਦੇ ਐਸ.ਐਸ.ਪੀ. ਦੀ ਜਾਰੀ ਕੀਤੀ ਗਈ ਇਕ ਵਿਵਾਦਗ੍ਰਸਤ ਵੀਡੀਓ ਤੋਂ ਬਾਅਦ ਜ਼ਿਲ੍ਹੇ ਦੇ ਐਸ.ਐਸ.ਪੀ. ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ ਅਤੇ ਪਟਿਆਲਾ ਦਾ ਚਾਰਜ ਵੀ ਸੰਗਰੂਰ ਦੇ ਐਸ.ਐਸ.ਪੀ. ਨੂੰ ਦੇ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਵੀ ਸਰਕਾਰ 'ਤੇ ਦੋਸ਼ ਲਾਏ ਹਨ ਕਿ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੇ ਕਾਗਜ਼ ਦਾਖਲ ਕਰਨ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੇ ਅਮਲੇ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਦਿੱਕਤਾਂ ਖੜ੍ਹੀਆਂ ਕੀਤੀਆ ਗਈਆਂ। ਉਨ੍ਹਾਂ ਕਿਹਾ ਕਿ ਵੋਟਾਂ ਪਾਉਣ ਵੇਲੇ ਵੀ ਘਪਲੇਬਾਜ਼ੀ ਕੀਤੀ ਗਈ। ਉਨ੍ਹਾਂ ਕਿਹਾ ਕਿ ਰਾਜ ਚੋਣ ਕਮਿਸ਼ਨ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਨਿਰਪੱਖਤਾ ਨਾਲ ਕਰਵਾਉਣ ਵਿੱਚ ਅਸਫਲ ਰਿਹਾ ਹੈ। ਯਾਦ ਰਹੇ, ਬਲਾਕ ਸੰਮਤੀ ਲਈ ਖੜ੍ਹੇ 340 'ਆਪ' ਉਮੀਦਵਾਰ ਬਿਨਾ ਮੁਕਾਬਲਾ ਜਿੱਤ ਗਏ ਹਨ। ਅਕਾਲੀ ਅਤੇ ਕਾਂਗਰਸੀ ਆਗੂਆਂ ਦਾ ਦੋਸ਼ ਹੈ ਕਿ ਜਿਹੜੇ ਉਮੀਦਵਾਰ ਬਿਨਾ ਮੁਕਾਬਲਾ ਜਿੱਤੇ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਵਿਰੁਧ ਸਰਕਾਰੀ ਪ੍ਰਸ਼ਾਸਨ ਨੇ ਵਿਰੋਧੀ ਉਮੀਦਵਾਰਾਂ ਨੂੰ ਕਾਗਜ਼ ਹੀ ਦਾਖਲ ਨਹੀਂ ਕਰਨ ਦਿੱਤੇ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸ ਮਾਮਲੇ ਨੂੰ ਲੈ ਕੇ ਪੰਜਾਬ ਰਾਜ ਚੋਣ ਕਮਿਸ਼ਨ ਕੋਲ ਸ਼ਿਕਾਇਤ ਵੀ ਕੀਤੀ। ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਵੱਲੋਂ ਇੱਕ ਵੀਡੀਓ ਜਾਰੀ ਕਰਕੇ ਇਹ ਦੋਸ਼ ਲਗਾਏ ਗਏ ਕਿ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ 'ਆਪ' ਦੇ ਹਿੱਤ ਵਿੱਚ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਕਾਗਜ਼ ਦਾਖਲ ਕਰਨ ਤੋਂ ਰੋਕਿਆ। ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਅਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨਾਮਜ਼ਦਗੀ ਕਾਗਜ਼ ਦਾਖਲ ਕਰਨ ਤੋਂ ਰੋਕਣ ਦੇ ਮਾਮਲੇ ਨੂੰ ਲੈ ਕੇ ਹਾਈਕੋਰਟ ਵਿੱਚ ਚਲੇ ਗਏ। ਉਨ੍ਹਾਂ ਪੰਜਾਬ ਵਿੱਚ ਸਥਾਨਕ ਚੋਣਾਂ ਨੂੰ ਨਿਰਪੱਖ ਰੂਪ ਵਿੱਚ ਕਰਵਾਉਣ ਲਈ ਜੁਡੀਸ਼ੀਅਲ ਦਖਲ ਦੀ ਮੰਗ ਕੀਤੀ। ਦੋਹਾਂ ਆਗੂਆਂ ਵੱਲੋਂ ਨਾਮਜ਼ਦਗੀ ਪੇਪਰ ਦਾਖਲ ਕਰਨ ਦੀ ਤਾਰੀਕ ਅੱਗੇ ਵਧਾਉਣ ਦੀ ਵੀ ਮੰਗ ਕੀਤੀ ਗਈ। ਕਾਗਜ਼ ਦਾਖਲ ਕਰਨ ਦੀ ਤਰੀਕ 4 ਦਸੰਬਰ ਸੀ, ਪਰ ਅਦਾਲਤ ਵੱਲੋਂ ਇਸ ਨੂੰ ਅੱਗੇ ਵਧਾਉਣ ਦਾ ਕੋਈ ਹੁਕਮ ਨਾ ਦਿੱਤਾ ਗਿਆ।

ਹਾਈ ਕੋਰਟ ਵੱਲੋਂ ਰਾਜ ਚੋਣ ਕਮਿਸ਼ਨ ਨੂੰ ਨਿਰਦੇਸ਼ ਜਾਰੀ ਕੀਤੇ ਗਏ ਕਿ ਪੰਜਾਬ ਵਿੱਚ ਚੋਣ ਡਿਊਟੀ 'ਤੇ ਤਾਇਨਾਤ ਕੀਤੇ ਗਏ ਸਾਰੇ ਪੁਲਿਸ ਅਫਸਰਾਂ ਅਤੇ ਮੁਲਾਜ਼ਮਾਂ ਨੂੰ ਹੁਕਮ ਦਿੱਤੇ ਜਾਣ ਕਿ ਚੋਣ ਅਮਲ ਨੂੰ ਨਿਰਪੱਖਤਾ ਪੂਰਨ ਸਿਰੇ ਚਾੜ੍ਹਿਆ ਜਾਵੇ। ਉਚ ਅਦਾਲਤ ਦੇ ਹੁਕਮਾਂ ਤੋਂ ਬਾਅਦ ਪੰਜਾਬ ਚੋਣ ਕਮਿਸ਼ਨ ਨੇ ਪੰਜਾਬ ਦੇ ਪੁਲਿਸ ਮੁਖੀ ਨੂੰ ਚੋਣਾਂ ਆਜ਼ਾਦ ਅਤੇ ਨਿਰਪੱਖ ਰੂਪ ਵਿੱਚ ਕਰਵਾਉਣ ਦੇ ਨਿਰਦੇਸ਼ ਦਿੱਤੇ। ਰਾਜ ਚੋਣ ਕਮਿਸ਼ਨ ਨੇ ਪੁਲਿਸ ਮੁਖੀ ਨੂੰ ਲਿਖੇ ਆਪਣੇ ਪੱਤਰ ਵਿੱਚ ਕਿਹਾ ਕਿ "ਹਾਲ ਹੀ ਵਿੱਚ ਵਾਪਰੀਆਂ ਘਟਨਾਵਾਂ ਤਹਿਤ, ਜਿਨ੍ਹਾਂ ਵਿੱਚ ਪਟਿਆਲਾ ਪੁਲਿਸ ਮੁਖੀ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਨੇ ਚੋਣ ਅਮਲ ਵਿੱਚ ਪੁਲਿਸ ਪ੍ਰਸ਼ਾਸਨ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ 'ਤੇ ਸੁਆਲੀਆ ਚਿੰਨ੍ਹ ਲਗਾਏ ਹਨ। ਅਜਿਹੀਆਂ ਘਟਨਾਵਾਂ ਨਾਲ ਲੋਕਾਂ ਦਾ ਚੋਣ ਅਮਲ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਵਿੱਚੋਂ ਵਿਸ਼ਵਾਸ ਭੰਗ ਹੁੰਦਾ ਹੈ। ਇਸ ਲਈ ਸਰਕਾਰੀ ਚੋਣ ਮਸ਼ੀਨਰੀ ਵਿੱਚ ਲੋਕਾਂ ਦਾ ਵਿਸ਼ਵਾਸ ਬਣਾਈ ਰੱਖਣ ਲਈ ਵੱਡੇ ਯਤਨ ਕੀਤੇ ਜਾਣ।"

ਪਰ ਇਨ੍ਹਾਂ ਸਾਰੇ ਦੋਸ਼ਾਂ-ਪ੍ਰਤੀਦੋਸ਼ਾਂ ਅਤੇ ਅਦਾਲਤੀ ਦਖਲ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਸਰਕਾਰ ਵੱਲੋਂ ਚੋਣ ਅਮਲ ਵਿੱਚ ਦਖਲ-ਅੰਦਾਜ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕਥਿੱਤ ਸਰਕਾਰੀ ਦੋਸ਼ ਲਗਾ ਕੇ ਪੰਜਾਬ ਕਾਂਗਰਸ ਅਤੇ ਅਕਾਲੀ ਦਲ ਨੇ ਸਥਾਨਕ ਚੋਣਾਂ ਵਿੱਚ ਪਹਿਲਾਂ ਹੀ ਹਾਰ ਮੰਨ ਲਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬਿਨਾ ਮੁਕਾਬਲਾ ਚੁਣੇ ਗਏ ਉਮੀਦਵਾਰਾਂ ਵਿੱਚ ਆਜ਼ਾਦ ਅਤੇ ਵਿਰੋਧੀ ਪਾਰਟੀਆਂ ਦੇ ਉਮੀਦਵਾਰ ਵੀ ਹਨ। ਜੇ ਸਰਕਾਰ ਧੱਕੇਸ਼ਾਹੀ ਕਰ ਰਹੀ ਹੈ ਤਾਂ ਉਹ ਕਿਵੇਂ ਚੁਣੇ ਗਏ? ਉਂਜ ਹਕੀਕਤ ਇਹ ਹੈ ਕਿ ਬਿਨਾ ਮੁਕਾਬਲਾ ਚੁਣੇ ਗਏ ਉਮੀਦਵਾਰਾਂ ਵਿੱਚ ਵਿਰੋਧੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ। ਕੁੱਲ 340 ਵਿੱਚੋਂ ਤਿੰਨ ਕਾਂਗਰਸ ਉਮੀਦਵਾਰ ਅਤੇ 8 ਆਜ਼ਾਦ ਬਿਨਾ ਮੁਕਾਬਲਾ ਚੁਣੇ ਗਏ ਹਨ। ਮੁੱਖ ਮੰਤਰੀ ਨੇ ਇਹ ਵੀ ਦੋਸ਼ ਲਾਇਆ ਕਿ ਤਰਨਤਾਰਨ ਜ਼ਿਮਨੀ ਚੋਣ ਵਾਂਗ ਹੀ ਸਥਾਨਕ ਚੋਣਾਂ ਵਿੱਚ ਵੀ ਅਕਾਲੀ ਦਲ ਵੱਲੋਂ ਗੈਂਗਸਟਰਾਂ ਦੀ ਮਦਦ ਲਈ ਜਾ ਰਹੀ ਹੈ।

ਇੱਕ ਪਾਸੇ ਤਾਂ ਆਮ ਆਦਮੀ ਪਾਰਟੀ ਵੱਲੋਂ ਮੁਫਤ ਬਿਜਲੀ ਦੀ ਸਹੂਲਤ, ਨੌਕਰੀਆਂ ਦੇਣ, ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਅਤੇ ਮੁਹੱਲਾ ਕਲਿਨਿਕਾਂ ਖੋਲ੍ਹਣ ਦੇ ਆਧਾਰ 'ਤੇ ਵੋਟਾਂ ਮੰਗੀਆਂ ਗਈਆਂ, ਉਥੇ ਵਿਰੋਧੀ ਪਾਰਟੀਆਂ ਨੇ ਸਰਕਾਰ ਦੀਆਂ ਅਸਫਲਤਾਵਾਂ ਗਿਣਵਾ ਕਿ ਵੋਟਾਂ ਦੀ ਮੰਗ ਕੀਤੀ। ਇਸ ਵਾਰ ਪੰਚਾਇਤ/ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਰਾਜਨੀਤਿਕ ਪਾਰਟੀਆਂ ਦਾ ਆਮ ਚੋਣਾਂ ਜਿੰਨਾ ਹੀ ਜ਼ੋਰ ਲੱਗਾ। ਭਾਵੇਂ ਲੋਕ ਸਰਗਰਮ ਨਜ਼ਰ ਨਹੀਂ ਆਏ, ਫਿਰ ਵੀ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਚੋਣਾਂ ਸਰਕਾਰ ਦੇ ਹੱਕ ਜਾਂ ਵਿਰੋਧ ਵਿੱਚ ਲੋਕਾਂ ਦੇ ਮੌਜੂਦਾ ਮੂਡ ਦਾ ਨਿਰਣਾ ਕਰਨਗੀਆਂ। (ਵੋਟਿੰਗ ਘੱਟ ਹੋਣ ਕਾਰਨ ਭਾਵੇਂ ਅਜਿਹੇ ਅੰਦਾਜ਼ੇ ਲਗਾਉਣ ਵਿੱਚ ਵੀ ਹੁਣ ਦਿੱਕਤ ਆਏਗੀ।) ਇਸ ਦੇ ਆਧਾਰ 'ਤੇ ਹੀ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਨੀਤੀਆਂ ਪੈਂਤੜੇ ਘੜਨੇ ਹਨ। ਜੇ ਇਹ ਮੰਨ ਵੀ ਲਿਆ ਜਾਵੇ ਕਿ ਸਰਕਾਰ ਨੇ 340 ਉਮੀਦਵਾਰ ਧੱਕੇ ਨਾਲ ਜਿਤਵਾਏ ਹਨ ਤਾਂ ਵੀ ਬਾਕੀ ਸੀਟਾਂ 'ਤੇ ਹੋਣ ਵਾਲੇ ਮੁਕਾਬਲੇ ਤੋਂ ਲੋਕਾਂ ਦੇ ਰੁਖ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

## 'ਮਨਰੇਗਾ' ਸਕੀਮ ਖਤਮ ਕਰਨ ਦੀ ਤਿਆਰੀ

ਬਰਾਬਰ ਹੈ। ਇੱਕ ਚੰਗੀ-ਭਲੀ ਚਲਦੀ ਲੋਕ ਭਲਾਈ ਦੀ ਸਕੀਮ ਨੂੰ ਉਲੱਦ-ਪੁਲੱਦ ਕਰਨਾ ਕਿਵੇਂ ਵੀ ਠੀਕ ਨਹੀਂ। ਵੈਲਫੇਅਰ ਸਟੇਟਾਂ ਵਿੱਚ ਪੂੰਜੀਦਾਰਾਂ ਵੱਲੋਂ ਕਮਾਏ ਗਏ ਪੈਸੇ ਦਾ ਇੱਕ ਹਿੱਸਾ ਵੀ ਸੋਸ਼ਲ ਵੈਲਫੇਅਰ ਦੇ ਚੈਨਲ ਵਿੱਚ ਦੀ ਘੁੰਮਣਾ ਜ਼ਰੂਰੀ ਹੁੰਦਾ ਹੈ। ਇਸੇ ਤਰ੍ਹਾਂ ਆਰਥਿਕ ਖੇਤਰ ਵਿੱਚ ਵਧਣ ਵਾਲੀਆਂ ਇਜਾਰੇਦਾਰੀਆਂ 'ਤੇ ਕਾਬੂ ਪਾਇਆ ਜਾ ਸਕਦਾ ਹੈ। ਅਮਰੀਕਾ ਜਿਹੇ ਵਿਕਸਤ ਮੁਲਕ ਵੀ ਅਕਸਰ ਮਨਾਪਲੀਆਂ ਨੂੰ ਭੰਗ ਕਰਨ ਲਈ ਸਰਕਾਰੀ ਦਖਲ ਦਿੰਦੇ ਰਹਿੰਦੇ ਹਨ। ਬਿਲ ਕਲਿੰਟਨ ਨੇ ਆਪਣੇ ਕਾਰਜ ਕਾਲ ਦੌਰਾਨ ਕਈ ਆਰਥਕ ਮਨਾਪਲੀਆਂ ਤੋੜੀਆਂ ਸਨ। ਸਾਡੇ ਇੱਥੇ ਠੱਗ ਪੂੰਜੀਦਾਰਾਂ ਨੂੰ ਤਾਂ ਬੈਂਕਾਂ, ਜ਼ਮੀਨਾਂ ਸਮੇਤ ਸਾਰੇ ਸੋਮੇ ਲੁਟਾਏ ਜਾ ਰਹੇ ਹਨ, ਪਰ ਅਸਲ ਆਰਥਕਤਾ ਦਾ ਪਹੀਆ ਘੁੰਮਦਾ ਰੱਖਣ ਵਾਲੇ ਉਦਮੀਆਂ/ਕਾਮਿਆਂ ਨੂੰ ਨਪੀੜ ਕੇ ਰੱਖਣ ਦੀ ਨੀਤੀ ਅਪਣਾਈ ਜਾ ਰਹੀ ਹੈ। ਮਨਰੇਗਾ ਨੂੰ ਅੱਪਸੈਟ ਕੀਤੇ ਜਾਣ ਵਾਲੀ ਕੇਂਦਰ ਸਰਕਾਰ ਦੀ ਨੀਤੀ ਨੂੰ ਆਉਣ ਵਾਲੇ ਸਮੇਂ ਵਿੱਚ ਇਸੇ ਦ੍ਰਿਸ਼ਟੀ ਨਾਲ ਵੇਖਿਆ ਜਾਵੇਗਾ।

ਦੂਜਾ ਨੁਕਤਾ ਧਰਮ ਦਾ ਵੀ ਹੈ। ਪੰਜਾਬ ਵਾਲੇ ਇਸ ਸਕੀਮ ਨੂੰ ਗੁਰੂ ਨਾਨਕ ਦੇ ਨਾਮ 'ਤੇ ਕਿਉਂ ਨਹੀਂ ਰੱਖ ਸਕਦੇ? ਜੇ ਹਿੰਦੁਸਤਾਨ ਹਿੰਦੂ ਰਾਜ ਹੈ ਤਾਂ ਸਿੱਖਾਂ ਨੂੰ ਖਾਲਿਸਤਾਨ ਦੀ ਮੰਗ ਕਿਉਂ ਨਹੀਂ ਕਰਨੀ ਚਾਹੀਦੀ? ਹੋਰ ਧਰਮਾਂ ਵਾਲੇ ਆਪੋ-ਆਪਣੇ ਧਰਮਾਂ ਦੇ ਆਧਾਰ 'ਤੇ ਆਪੋ ਆਪਣਾ ਹਿੱਸਾ ਕਿਉਂ ਨਾ ਮੰਗਣ? ਸਾਰਾ ਭਾਰਤ ਹਿੰਦੂ ਨਹੀਂ ਹੈ। ਪੰਜਾਬ ਤੇ ਕਤੱਈ ਨਹੀਂ। ਸਿੱਖ ਧਰਮ ਇੱਕ ਵੱਖਰਾ, ਆਜ਼ਾਦ, ਸਮਾਨੰਤਰ ਅਤੇ ਨਿਆਰਾ ਧਰਮ ਹੈ। ਧਾਰਮ ਦਰਸ਼ਨ, ਜੀਵਨ ਦਰਸ਼ਨ ਅਤੇ ਰਹੁ ਰੀਤਾਂ ਵਿੱਚ ਦੋਹਾਂ ਵਿਚਕਾਰ ਜ਼ਮੀਨ ਆਸਮਾਨ ਦਾ ਫਰਕ ਹੈ। ਹਿੰਦੁਸਤਾਨੀ ਹਾਕਮਾਂ ਲਈ ਬਿਹਤਰ ਇਹੋ ਹੋਏਗਾ ਕਿ ਉਹ ਸਿੱਖਾਂ ਸਮੇਤ ਸਾਰੇ ਧਰਮਾਂ ਨੂੰ ਆਜ਼ਾਦ ਧਰਮ ਸਵੀਕਾਰ ਕਰਨ। ਖਾਹ-ਮ-ਖਾਹ ਕਿਸੇ ਦੂਜੇ ਧਰਮ ਵਿੱਚ ਘੁਸਪੈਠ ਕਰਨ ਦੇ ਯਤਨ ਛੱਡਣ। ਆਰ.ਐਸ.ਐਸ. ਅਤੇ ਭਾਜਪਾ ਦੀਆਂ ਅਜਿਹੀਆਂ ਨੀਤੀਆਂ ਕਲੇਸ਼ਾਂ ਦੀ ਜੜ੍ਹ ਹਨ। ਇਹ ਔਰੰਗਜ਼ੇਬੀ ਸ਼ਾਸਨ ਵਰਗੀ ਪਹੁੰਚ ਹੈ, ਜੋ ਆਉਣ ਵਾਲੇ ਸਮੇਂ ਵਿੱਚ ਬੇਹੱਦ ਘਾਤਕ ਸਿੱਧ ਹੋਵੇਗੀ।

ਗੁਜਰਾਤੀ ਠੱਗ ਪੂੰਜੀਪਤੀਆਂ ਦੀਆਂ ਮਨਾਪਲੀਆਂ ਕਾਇਮ ਕਰਨ ਦੀ ਥਾਂ ਕੇਂਦਰ ਸਰਕਾਰ ਨੂੰ ਆਪਹੁਦਰੀਆਂ ਮਨਾਪਲੀਆਂ ਤੋੜਨ ਅਤੇ ਉੱਦਮੀਆਂ ਵਿਚਕਾਰ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰਦੇਸਾਂ ਵਿੱਚੋਂ ਆਉਣ ਵਾਲਾ ਸਰਮਾਇਆ (ਫਾਰਨ ਇਨਵੈਸਟਮੈਂਟ) ਪਿੰਡਾਂ ਵਿੱਚ ਦੀ ਘੁੰਮ ਕੇ ਅੱਗੇ ਵਧਣਾ ਚਾਹੀਦਾ। ਵੱਡੇ ਹਾਈਵੇਜ਼ ਨੂੰ ਪੰਜਾਬ ਸਮੇਤ ਪੇਂਡੂ ਮਾਰਗਾਂ ਨਾਲੋਂ ਤੋੜਨ, ਸਥਾਨਕ ਲੋਕਾਂ ਦੀ ਰਾਏ ਲਏ ਬਿਨਾ ਮਨਮਰਜ਼ੀ ਨਾਲ ਹਾਈਵੇ ਕੱਢਣਾ ਅਤੇ ਪੂੰਜੀ ਨੂੰ ਕੁੱਝ ਠੱਗ ਸਰਮਾਇਆਕਾਰਾਂ ਦੇ ਹਵਾਲੇ ਕਰਨਾ ਆਦਿ ਇੱਕ ਤਾਨਾਸ਼ਾਹੀ ਫਾਸ਼ੀ ਰਾਜ ਵੱਲ ਜਾਂਦਾ ਰਾਹ ਹੈ, ਜਿਸ 'ਤੇ ਹਿੰਦੂਵਾਦ ਦੀ ਭੁਲੇਖਾਪਾਊ ਪਾਣ ਚੜ੍ਹੀ ਹੋਈ ਹੈ। ਪੈਸੇ ਦੀ ਸਮਾਜ ਵਿੱਚ ਜਾਇਜ਼ ਵੰਡ ਅਤੇ ਜਮਹੂਰੀਅਤ ਦਾ ਸੰਕਲਪ ਇੱਕ-ਦੂਜੇ ਨਾਲ ਬੱਝੇ ਹੋਏ ਹਨ। ਸਰਮਾਏ ਦਾ ਬੇਰੋਕ ਇਕੱਤਰੀਕਰਨ ਤਾਨਾਸ਼ਹੀ ਤੋਂ ਇਲਾਵਾ ਹੋਰ ਕੁਝ ਨਹੀਂ ਪੈਦਾ ਕਰ ਸਕਦਾ। ਇਹ ਸਮਾਜਵਾਦ ਅਤੇ ਸਰਮਾਏਦਾਰੀ ਸਿਸਟਮ ਦੇ ਵਿਚਕਾਰਲਾ ਰਾਹ ਹੈ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਇਸੇ ਦੀ ਵਕਾਲਤ ਕਰਦੇ ਹਨ। ਇਸੇ ਤਰ੍ਹਾਂ ਮਹਾਤਮਾ ਬੁੱਧ ਨੇ ਮੱਧ ਮਾਰਗ ਦੀ ਵਕਾਲਤ ਕੀਤੀ ਸੀ। ਹਿੰਦੋਸਤਾਨ ਵਿੱਚ ਇਹ ਦੋਨੋ ਧਰਮ ਇਨਸਾਫ ਆਧਾਰਤ ਅਸਲ ਜਮਹੂਰੀ ਰਾਜ ਸਿਰਜਣ ਲਈ ਮੁੱਖ ਭੂਮਿਕਾ ਅਦਾ ਕਰ ਸਕਦੇ ਹਨ।

## ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੀ ਗੁੰਮਸ਼ੁਦਗੀ ਦਾ ਮਾਮਲਾ ਮੁੜ ਚਰਚਾ 'ਚ

ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਜਿੱਥੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਕੀਤੀ ਜਾਂਦੀ ਹੈ, ਵਿਖੇ ਹੋਈ ਮਾੜੀ ਯੋਜਨਾਬੰਦੀ ਅਤੇ ਰਿਕਾਰਡ ਰੱਖਣ ਬਾਰੇ ਹੋਈਆਂ ਕੁਤਾਹੀਆਂ ਬਾਰੇ ਲੰਮੀ ਪੜਤਾਲ ਤੋਂ ਬਾਅਦ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਸਿਰਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਕਰ ਸਕਦੀ ਹੈ। ਸਿੱਖਇਜ਼ਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਦਜਾਗਤ-ਸ਼ਾਖਸਾਤ ਗੁਰੂ ਦਾ ਦਰਜਾ ਦਿੱਤਾ ਗਿਆ। ਇਸ ਸੰਬੰਧੀ ਰੱਟਾ ਅਸਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ, ਪਵਿੱਤਰਤਾ, ਦੇਖ-ਰੇਖ, ਸਾਂਭ ਸੰਭਾਲ, ਕਿਸੇ ਲੋੜਵੰਦ ਸੰਸਥਾ/ਵਿਅਕਤੀ ਨੂੰ ਸਰੂਪ ਸੌਂਪਣ ਅਤੇ ਇਸ ਦਾ ਬਾਕਾਇਦਾ ਰਿਕਾਰਡ ਰੱਖਣ ਨਾਲ ਸੰਬੰਧਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਲਾਪਤਾ ਹੋਣ ਦਾ ਮਾਮਲਾ ਉਦੋਂ ਰੋਸ਼ਨੀ ਵਿੱਚ ਆਇਆ ਸੀ, ਜਦੋਂ ਸਾਲ 2020 ਵਿੱਚ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਇਸ ਬਾਰੇ ਪੰਜਾਬ ਦੇ ਚੀਫ ਸਕੱਤਰ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇੱਕ ਪੱਤਰ ਲਿਖ ਕੇ ਪੜਤਾਲ ਦੀ ਮੰਗ ਕੀਤੀ ਸੀ। ਇਸ ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਦੇ ਪਦਮੁਕਤ ਹੋ ਰਹੇ ਇੱਕ ਮੁਲਾਜ਼ਮ ਕਮਲਜੀਤ ਸਿੰਘ ਨੇ ਦੋਸ਼ ਲਾਇਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 267 ਸਰੂਪਾਂ ਦਾ ਰਿਕਾਰਡ ਪਬਲੀਕੇਸ਼ਨ ਵਿਭਾਗ ਵਿੱਚੋਂ ਗਾਇਬ ਹੈ, ਪਰ ਪੜਤਾਲੀਆ ਕਮੇਟੀ ਵੱਲੋਂ 1000 ਪੰਨੇ ਦੀ ਆਪਣੀ ਰਿਪੋਰਟ ਦਰਜ ਕੀਤੀ ਗਈ ਤਾਂ ਪਤਾ ਲੱਗਾ ਕਿ 2013 ਤੋਂ 2015 ਦੇ ਦਰਮਿਆਨ ਸਟਾਫ ਦੀ ਅਣਗਹਿਲੀ ਕਾਰਨ 328 ਸਰੂਪ ਗੈਰ-ਉਪਲਬਧ ਪਾਏ ਗਏ ਹਨ। ਵਿਰੋਧ ਕਰ ਰਹੇ ਸਿੱਖ ਆਗੂਆਂ ਦਾ ਖਦਸ਼ਾ ਹੈ ਕਿ ਇਹ ਸਰੂਪ ਕਿਧਰੇ ਡੇਰਾ ਸਿਰਸਾ ਵਾਲਿਆਂ ਨੂੰ ਨਾ ਦੇ ਦਿੱਤੇ ਗਏ ਹੋਣ।

ਉਪਰੋਕਤ ਰਿਪੋਰਟ ਵਿੱਚ 19 ਮਈ 2016 ਨੂੰ ਗੁਰੂ ਗ੍ਰੰਥ ਸਾਹਿਬ ਵਿਭਾਗ ਵਿੱਚ ਲੱਗੀ ਅੱਗ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ; ਪਰ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਅਤੇ ਅਕਾਲੀ ਭਾਜਪਾ ਸਰਕਾਰ ਦੇ ਬਚਾਅ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਇਸ ਮਾਮਲੇ ਨੂੰ ਨੱਪ ਗਏ ਸਨ। ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਇਸ ਅਗਜ਼ਨੀ ਦੀ ਘਟਨਾ ਨੂੰ ਸਰੂਪ ਗਾਇਬ ਹੋਣ ਦੀ ਘਟਨਾ ਪਿੱਛੇ ਮੁਖ ਕਾਰਨ ਮੰਨਿਆ ਹੈ। ਪੜਤਾਲ ਰਿਪੋਰਟ ਦੇ ਆਧਾਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਨੇ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਦੇ ਤਤਕਾਲੀ ਜਥੇਦਾਰ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਮਾਮਲੇ ਵਿੱਚ ਐਫ.ਆਈ.ਆਰ. ਦਰਜ ਕਰਵਾਉਣ ਦਾ ਐਲਾਨ ਵੀ ਕੀਤਾ ਸੀ, ਪਰ ਬਾਅਦ ਵਿੱਚ ਬਾਹਰੀ ਦਖਲ ਵਧਣ ਦੇ ਮੱਦੇਨਜ਼ਰ ਉਹ ਇਸ ਤੋਂ ਪਿੱਛੇ ਹਟ ਗਏ ਸਨ। ਉਂਝ 27 ਅਗਸਤ 2020 ਨੂੰ ਸ਼੍ਰੋਮਣੀ ਕਮੇਟੀ ਨੇ 6 ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਸੀ; ਜਦਕਿ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸਮੇਤ 6 ਹੋਰਾਂ ਨੂੰ ਮੁਅੱਤਲ ਕਰ ਦਿੱਤਾ ਸੀ। ਇਸ ਤੋਂ ਇਲਾਵਾ ਵਿਵਾਦਗ੍ਰਸਤ ਚਾਰਟਡ ਅਕਾਊਂਟੈਂਟ ਸਤਿੰਦਰ ਸਿੰਘ ਕੋਹਲੀ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਸੀ।

ਹੁਣ ਇਹ ਮਸਲਾ ਉਸ ਸਮੇਂ ਚਰਚਾ ਵਿੱਚ ਲਿਆਂਦਾ ਗਿਆ ਹੈ, ਜਦੋਂ ਤਰਨਤਾਰਨ ਜ਼ਿਮਨੀ ਚੋਣ ਤੋਂ ਬਾਅਦ ਅਕਾਲੀ ਦਲ (ਬਾਦਲ) ਆਪਣੇ ਪੁਨਰਉਥਾਨ ਦੇ ਆਸਾਰ ਵੇਖ ਰਿਹਾ ਹੈ। ਤਰਨਤਾਰਨ ਚੋਣ ਵਿੱਚ ਭਾਵੇਂ ਅਕਾਲੀ ਦਲ ਦੀ ਉਮੀਦਵਾਰ ਦਸ ਕੁ ਹਜ਼ਾਰ ਵੋਟਾਂ ਨਾਲ ਹਾਰ ਗਈ, ਪਰ ਉਸ ਦੇ ਦੂਸਰੇ ਸਥਾਨ 'ਤੇ ਰਹਿ ਜਾਣ ਨੇ ਆਮ ਆਦਮੀ ਪਾਰਟੀ ਨੂੰ ਬੇਚੈਨ ਕਰ ਦਿੱਤਾ ਹੈ। ਭਾਵੇਂ ਕਿ ਤਰਨਤਾਰਨ ਦੀ ਜ਼ਿਮਨੀ ਚੋਣ ਦੇ ਸੰਕੇਤ ਅਕਾਲੀ ਦਲ ਦੇ ਪੁਨਰਉਥਾਨ ਦੇ ਮਾਮਲੇ ਵਿੱਚ ਇੰਨੇ ਸਾਫ ਨਹੀਂ ਹਨ, ਪਰ ਸੱਤਾ ਧਾਰੀ ਧਿਰ ਨਹੀਂ ਚਾਹੁੰਦੀ ਕਿ ਰਾਜ ਵਿੱਚ ਕੋਈ ਪਾਰਟੀ ਉਨ੍ਹਾਂ ਨੂੰ ਚੈਲਿੰਜ ਕਰਨ ਦੇ ਸਮਰੱਥ ਹੋਵੇ। ਇਸ ਸਮੇਂ ਕਾਂਗਰਸ ਦੀ ਲੀਡਰਸ਼ਿਪ ਕਮਜ਼ੋਰ ਅਤੇ ਪਾਟੋਧਾੜ ਦਾ ਸ਼ਿਕਾਰ ਹੀ ਨਹੀਂ ਹੈ, ਸਗੋਂ ਜਿਵੇਂ ਇਸ ਨੇ ਤਰਨਤਾਰਨ ਦੀ ਜ਼ਿਮਨੀ ਚੋਣ ਵੇਲੇ ਵਿਖਾਇਆ, ਆਤਮਘਾਤੀ ਵੀ ਹੈ। ਇਸ ਸਥਿਤੀ ਵਿੱਚ ਗੁਆਚੇ ਸਰੂਪਾਂ ਦੇ ਮਾਮਲੇ ਵਿੱਚ ਕੇਸ ਦਰਜ ਹੋਣਾ ਅਤੇ ਇਸ ਮੌਕੇ ਪੰਜਾਬ ਸਰਕਾਰ ਦੇ ਦੋ ਮੰਤਰੀਆਂ ਦਾ ਸ਼ਾਮਲ ਹੋਣਾ ਦਰਸਾਉਂਦਾ ਹੈ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦਿਆਂ ਪੰਜਾਬ ਸਰਕਾਰ ਅਕਾਲੀ ਦਲ ਨੂੰ ਨੱਪ ਕੇ ਰੱਖਣਾ ਚਾਹੁੰਦੀ ਹੈ। ਇਸ ਦੇ ਬਾਵਜੂਦ ਇਸ ਮਾਮਲੇ ਵਿੱਚ ਕੇਸ ਦਰਜ ਹੋਣ ਦੀ ਘਟਨਾ ਨੂੰ ਆਮ ਸਿੱਖ ਅਵਾਮ ਨੇ ਹਾਂ-ਮੁਖੀ ਢੰਗ ਨਾਲ ਵੇਖਿਆ ਹੈ ਅਤੇ ਅੰਮ੍ਰਿਤਸਰ ਦੇ ਇੱਕ ਕਾਂਗਰਸੀ ਆਗੂ ਨੇ ਮੰਗ ਕੀਤੀ ਹੈ ਕਿ ਭਗਵੰਤ ਮਾਨ ਸਰਕਾਰ ਜੇ ਸੁਹਿਰਦ ਹੈ ਤਾਂ ਇਸ ਕੇਸ ਦਾ ਆਪਣੇ ਕਾਰਜਕਾਲ ਵਿੱਚ ਹੀ ਨਬੇੜਾ ਕਰ ਕੇ ਜਾਵੇ। ਉਂਝ ਪੰਜਾਬ ਸਰਕਾਰ ਦੀ ਖੁਦ ਵੀ ਇਸੇ ਵਿੱਚ ਦਿਲਚਸਪੀ ਹੋਵੇਗੀ ਕਿ ਆਉਂਦੀਆਂ ਵਿਧਾਨ ਸਭਾ ਚੋਣਾਂ ਤੱਕ ਇਸ ਮੁੱਦੇ ਨੂੰ ਅਦਾਲਤੀ ਕਾਰਵਾਈ ਦੇ ਜ਼ਰੀਏ ਜ਼ਿੰਦਾ ਰੱਖਿਆ ਜਾਵੇ ਅਤੇ ਫਿਰ ਚੋਣਾਂ ਦੇ ਨਜ਼ਦੀਕ ਜਾ ਕੇ ਇਸ 'ਤੇ ਕੋਈ ਕਾਰਵਾਈ ਪਾਉਂਦਿਆਂ ਇਸ ਨੂੰ ਚੋਣ ਮੁੱਦਾ ਬਣਾਇਆ ਜਾਵੇ। ਇਸ ਨਾਲ ਆਮ ਆਦਮੀ ਪਾਰਟੀ ਘੱਟੋ ਘੱਟ ਆਪਣੇ ਇੱਕ ਰਾਜਸੀ ਵਿਰੋਧੀ ਨੂੰ ਤਾਂ ਨੱਥ ਮਾਰ ਹੀ ਸਕਦੀ ਹੈ!

# ‘ਸੁਧਾਰ’ ਦੇ ਨਾਮ ਉਤੇ ਕਿਰਤ ਅਧਿਕਾਰਾਂ ਦਾ ਘਾਣ

ਕੁਮਾਰੀ ਅਨਾਮਿਕਾ*

## ਭਾਰਤ ਦੇ ਨਵੇਂ ਲੇਬਰ ਕੋਡ: ਕਾਰਪੋਰੇਟ ਹਿੱਤਾਂ ਦੀ ਪੈਰਵੀ

ਭਾਰਤ ਸਰਕਾਰ ਵੱਲੋਂ ਪੇਸ਼ ਕੀਤੇ ਚਾਰ ਨਵੇਂ ਲੇਬਰ ਕੋਡਾਂ ਨੂੰ ਵੱਡੇ ਉਤਸ਼ਾਹ ਅਤੇ ਮਾਣ ਨਾਲ ਇਤਿਹਾਸਕ ਸੁਧਾਰਾਂ ਵਜੋਂ ਦੱਸਿਆ ਜਾ ਰਿਹਾ ਹੈ। ਇਨ੍ਹਾਂ ਨੂੰ ਆਧੁਨਿਕ ਭਾਰਤ ਦੀ ਰਣਨੀਤਕ ਨੀਂਹ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ; ਪਰ ਜਦੋਂ ਇਨ੍ਹਾਂ ਕੋਡਾਂ ਦੀ ਚਮਕਦਾਰ ਬਾਹਰੀ ਪਰਤ ਹਟਾ ਕੇ ਡੂੰਘਾਈ ਨਾਲ ਵਿਸ਼ਲੇਸ਼ਣ ਕੀਤਾ ਜਾਵੇ, ਤਾਂ ਇਹ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਇਹ ਅਸਲ ਵਿੱਚ ਕਿਰਤ ਅਧਿਕਾਰਾਂ ਦੇ ਘਾਣ ਅਤੇ ਕਾਰਪੋਰੇਟ ਸਰਦਾਰੀ ਦੀ ਸਥਾਪਨਾ ਦੀ ਨੀਤੀ ਨੂੰ ਰਸਮੀ ਜਾਇਜ਼ਤਾ ਪ੍ਰਦਾਨ ਕਰਦੇ ਹਨ।

‘ਸੁਧਾਰ’ ਅਤੇ ‘ਸਰਲੀਕਰਨ’ ਦੇ ਨਾਮ ’ਤੇ ਅਜਿਹਾ ਤੰਤਰ ਖੜ੍ਹਾ ਕੀਤਾ ਗਿਆ ਹੈ, ਜੋ ਦਹਾਕਿਆਂ ਪੁਰਾਣੇ ਕਿਰਤੀ ਸੰਘਰਸ਼ਾਂ ਅਤੇ ਉਨ੍ਹਾਂ ਦੇ ਸੁਰੱਖਿਆ ਅਧਿਕਾਰਾਂ ਨੂੰ ਤਬਾਹ ਕਰ ਕੇ ਪੂੰਜੀਪਤੀਆਂ ਦੀਆਂ ਸਹੂਲਤਾਂ ਨੂੰ ਤਰਜੀਹ ਦਿੰਦਾ ਹੈ। ਇਸ ਨੂੰ ਸਮਝਣ ਲਈ ਪਹਿਲਾਂ ਕੰਮ ਦੇ ਸਮੇਂ ਅਤੇ ਨੌਕਰੀ ਦੀ ਸਥਿਰਤਾ ਦੇ ਸੰਦਰਭ ਵਿੱਚ ਇਨ੍ਹਾਂ ਕੋਡਾਂ ਵਿੱਚ ਕੀਤੇ ਬਦਲਾਵਾਂ ’ਤੇ ਧਿਆਨ ਦੇਣਾ ਜ਼ਰੂਰੀ ਹੈ।

### ਕੰਮ ਦਾ ਸਮਾਂ ਅਤੇ ਛਾਂਟੀ ਨਾਲ ਜੁੜੇ ਨਿਯਮ

ਸਭ ਤੋਂ ਪਹਿਲਾਂ, ਕੰਮ ਦੇ ਘੰਟਿਆਂ ਨਾਲ ਸਬੰਧਤ ‘ਲਚਕੀਲਾਪਣ’ ਦਾ ਉਹ ਭਰਮ, ਜੋ ਇਨ੍ਹਾਂ ਕੋਡਾਂ ਵਿੱਚ ਪੇਸ਼ ਕੀਤਾ ਗਿਆ ਹੈ, ਅਸਲ ਵਿੱਚ ਕਾਮਿਆਂ ਦੀ ਪੀੜਾ ਨੂੰ ਵਧਾਉਣ ਵਾਲਾ ਹੈ। 12 ਘੰਟਿਆਂ ਦੇ ਕੰਮ ਦੇ ਸਮੇਂ ਨੂੰ ਲਾਗੂ ਕਰਨਾ ਅਸਲ ਵਿੱਚ ਉਨ੍ਹਾਂ ਨੂੰ ਉਦਯੋਗਿਕ ਕ੍ਰਾਂਤੀ ਦੇ ਪੁਰਾਣੇ ਯੁੱਗ ਵਿੱਚ ਵਾਪਸ ਲੈ ਜਾਣ ਵਰਗਾ ਹੈ, ਜਿੱਥੇ ਕਾਮਾ ਮਨੁੱਖ ਨਹੀਂ, ਸਗੋਂ ਉਤਪਾਦਨ ਮਸ਼ੀਨ ਸੀ। ਇਸ ਬਦਲਾਅ ਦਾ ਪ੍ਰਭਾਵ ਇਹ ਹੋਵੇਗਾ ਕਿ ਮਜ਼ਦੂਰਾਂ ਦੀ ਸਰੀਰਕ ਅਤੇ ਮਾਨਸਿਕ ਥਕਾਵਟ ਇੰਨੀ ਵਧੇਗੀ ਕਿ ਉਨ੍ਹਾਂ ਦੀ ਕੰਮਕਾਜੀ ਸਮਰੱਥਾ ਘਟਣ ਦੇ ਨਾਲ ਨਾਲ ਸਿਹਤ ਨਾਲ ਜੁੜੀਆਂ ਬੀਮਾਰੀਆਂ ਵੀ ਵਧਣ ਲੱਗਣਗੀਆਂ।

ਪਰ ਇਸ ਬਦਲਾਅ ਨੂੰ ਕਿਸੇ ਵੀ ਜਗ੍ਹਾ ’ਤੇ ਕਿਰਤੀਆਂ ਦੇ ਹਿੱਤਾਂ ਦੇ ਨਜ਼ਰੀਏ ਤੋਂ ਨਹੀਂ, ਸਗੋਂ ਪੂਰਾ ਫਾਇਦਾ ਉਦਯੋਗਪਤੀਆਂ ਨੂੰ ‘ਉਤਪਾਦਨ ਵਧਾਉਣ’ ਲਈ ਹੋਇਆ ਮੰਨਿਆ ਗਿਆ ਹੈ। ਲਚਕੀਲਾਪਣ ਦਾ ਇਹ ਅਰਥ ਹੈ ਕਿ ਮਾਲਕ ਕੋਈ ਵੀ ਵਧੇਰੇ ਕੰਮ ਦਾ ਬੋਝ ਪਾ ਸਕਦਾ ਹੈ, ਜਦਕਿ ਮਜ਼ਦੂਰਾਂ ਦੀ ਸਹਿਮਤੀ ਅਤੇ ਭਲਾਈ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।

ਹਾਲਾਂਕਿ ਕੰਮ ਦੇ ਸਮੇਂ ਦੀ ਇਹ ਸਮੱਸਿਆ ਗੰਭੀਰ ਹੈ, ਪਰ ਨਵੇਂ ਕਿਰਤ ਕੋਡਾਂ ਦਾ ਸਭ ਤੋਂ ਭਿਆਨਕ ਪਹਿਲੂ ‘ਛਾਂਟੀ’ ਦੇ ਨਿਯਮਾਂ ਵਿੱਚ ਕੀਤਾ ਗਿਆ ਬਦਲਾਅ ਹੈ। ਪਹਿਲਾਂ ਜਿੱਥੇ ਇੱਕ ਉਦਯੋਗ ਵਿੱਚ 100 ਤੋਂ ਵੱਧ ਕਰਮਚਾਰੀਆਂ ਨੂੰ ਬਿਨਾ ਸਰਕਾਰੀ ਇਜਾਜ਼ਤ ਤੋਂ ਕੱਢਣਾ ਸੰਭਵ ਨਹੀਂ ਸੀ, ਉੱਥੇ ਹੁਣ ਇਸ ਅੰਕੜੇ ਨੂੰ ਵਧਾ ਕੇ 300 ਕਰ ਦਿੱਤਾ ਗਿਆ ਹੈ। ਇਸ ਦਾ ਅਰਥ ਇਹ ਹੈ ਕਿ ਭਾਰਤ ਵਿੱਚ ਲਗਭਗ 80 ਫ਼ੀਸਦੀ ਉਦਯੋਗਿਕ ਇਕਾਈਆਂ ਵਿੱਚ ਮਾਲਕਾਂ ਨੂੰ ਬਿਨਾ ਕਿਸੇ ਕਾਨੂੰਨੀ ਰੁਕਾਵਟ ਤੋਂ ਇੱਛਾ ਅਨੁਸਾਰ ਕੰਮ ਕਰਨ ਅਤੇ ਕਰਮਚਾਰੀਆਂ ਨੂੰ ਨੌਕਰੀ ਤੋਂ ਬਾਹਰ ਕੱਢਣ ਦਾ ਅਧਿਕਾਰ ਮਿਲ ਗਿਆ ਹੈ।

ਇਸ ਇੱਕ ਬਦਲਾਅ ਨਾਲ ‘ਹਾਇਰ ਐਂਡ ਫਾਇਰ’ ਦੀ ਨਿਰੰਕੁਸ਼ ਨੀਤੀ ਨੂੰ ਮਜਬੂਤ ਸਹੂਲਤ ਮਿਲ ਗਈ ਹੈ। ਸਥਾਈ ਨੌਕਰੀਆਂ ਹੁਣ ਇਤਿਹਾਸ ਬਣ ਰਹੀਆਂ ਹਨ ਅਤੇ ਉਨ੍ਹਾਂ ਦੀ ਜਗ੍ਹਾ ਅਸਥਾਈ ਠੇਕਾ ਆਧਾਰਤ ਰੁਜ਼ਗਾਰ ਨੇ ਲੈ ਲਈ ਹੈ, ਜਿੱਥੇ ਮਜ਼ਦੂਰ ਅਨਿਸ਼ਚਿਤਤਾ ਅਤੇ ਆਰਥਿਕ ਅਸੁਰੱਖਿਆ ਦੇ ਦਾਇਰੇ ਵਿੱਚ ਆ ਜਾਂਦੇ ਹਨ।

ਇਸ ਵਿਵਸਥਾ ਦਾ ਡੂੰਘਾ ਅਸਰ ਕਾਮਿਆਂ ਦੇ ਆਤਮਸਨਮਾਨ ਅਤੇ ਸੰਘਰਸ਼ ਸਮਰੱਥਾ ’ਤੇ ਪੈਂਦਾ ਹੈ।

ਜਦੋਂ ਕਿਸੇ ਮਜ਼ਦੂਰ ਨੂੰ ਇਹ ਪਤਾ ਹੋਵੇ ਕਿ ਕੋਈ ਵੀ ਵਾਰ ਬਿਨਾ ਕਿਸੇ ਕਾਰਨ ਜਾਂ ਨੋਟਿਸ ਤੋਂ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ, ਤਾਂ ਉਹ ਨਾ ਸਿਰਫ਼ ਆਪਣਾ ਹੱਕ ਮੰਗਣ ਤੋਂ ਡਰੇਗਾ, ਸਗੋਂ ਸ਼ੋਸ਼ਣ ਵਿਰੁੱਧ ਆਵਾਜ਼ ਉਠਾਉਣ ਵਿੱਚ ਵੀ ਹਿਚਕਿਚਾਹਟ ਮਹਿਸੂਸ ਕਰੇਗਾ। ਇਹ ‘ਛਾਂਟੀ ਦਾ ਡਰ’ ਇੱਕ ਅਜਿਹੀ ਤਲਵਾਰ ਬਣ ਜਾਂਦਾ ਹੈ, ਜੋ ਹਮੇਸ਼ਾ ਉਸ ਦੇ ਸਿਰ ’ਤੇ ਲਟਕਦੀ ਰਹਿੰਦੀ ਹੈ, ਜਿਸ ਨਾਲ ਮਜ਼ਦੂਰ ਹਰ ਸਥਿਤੀ ਵਿੱਚ ਮਾਲਕ ਦੇ ਸਾਹਮਣੇ ਗੁਲਾਮ ਬਣ ਜਾਂਦਾ ਹੈ।

ਇਸ ਦੇ ਨਾਲ ਹੀ, ਨਵੀਆਂ ਕਿਰਤ ਨੀਤੀਆਂ ਟ੍ਰੇਡ ਯੂਨੀਅਨਾਂ ਅਤੇ ਹੜਤਾਲ ਦੇ ਅਧਿਕਾਰ ਨੂੰ ਵੀ ਅਜਿਹੀਆਂ ਗੁੰਝਲਦਾਰ ਅਤੇ ਸਖ਼ਤ ਸ਼ਰਤਾਂ ਵਿੱਚ ਬੰਨ੍ਹਦੀਆਂ ਹਨ ਕਿ ਮਜ਼ਦੂਰ ਜਥੇਬੰਦੀਆਂ ਦਾ ਲੋਕਤੰਤਰੀ ਵਿਰੋਧ ਕਰਨਾ ਲਗਭਗ ਅਸੰਭਵ ਹੋ ਗਿਆ ਹੈ। ਛਾਂਟੀ ਦਾ ਡਰ ਕਾਮਿਆਂ ਨੂੰ ਪੂਰੀ ਤਰ੍ਹਾਂ ਬੇਬਸ ਅਤੇ ਨਿਹੱਥੇ ਬਣਾ ਦਿੰਦਾ ਹੈ।

### ਗਿਗ ਵਰਕਰ ਅਧਿਕਾਰਾਂ ਤੋਂ ਵਾਂਝੇ

ਇਸੇ ਕੌੜੇ ਸੱਚ ਨੂੰ ਅਤੇ ਡੂੰਘਾ ਕਰਨ ਵਾਲਾ ਦੂਜਾ ਪਹਿਲੂ ਗਿਗ-ਅਰਥਵਿਵਸਥਾ ਅਤੇ ਪਲੈਟਫਾਰਮ-ਆਧਾਰਤ ਰੁਜ਼ਗਾਰ ਦਾ ਕਾਨੂੰਨੀ ਤੌਰ ’ਤੇ ਅਧਿਕਾਰਾਂ ਤੋਂ ਵਾਂਝਾ ਰਹਿ ਜਾਣਾ ਹੈ। ਲੱਖਾਂ ਗਿਗ ਮਜ਼ਦੂਰਾਂ ਨੂੰ ‘ਪਾਰਟਨਰ’ ਜਾਂ ‘ਆਜ਼ਾਦ ਠੇਕੇਦਾਰ’ ਵਰਗੇ ਭਰਮਾਉਣ ਵਾਲੇ ਟੈਗਾਂ ਦੇ ਪਿੱਛੇ ਲੁਕਾ ਦਿੱਤਾ ਗਿਆ ਹੈ, ਜਿਸ ਨਾਲ ਉਨ੍ਹਾਂ ਦੇ ਰਵਾਇਤੀ ਕਿਰਤ ਅਧਿਕਾਰ ਜਿਵੇਂ ਤਨਖਾਹ ਸੁਰੱਖਿਆ, ਸਮਾਜਿਕ ਸੁਰੱਖਿਆ, ਬੋਨਸ, ਛੁੱਟੀਆਂ ਅਤੇ ਹੜਤਾਲ ਦਾ ਅਧਿਕਾਰ ਪੂਰੀ ਤਰ੍ਹਾਂ ਖੋਹ ਲਿਆ ਗਿਆ ਹੈ।

ਇਨ੍ਹਾਂ ਕਾਮਿਆਂ ਦਾ ਰੁਜ਼ਗਾਰ ਡਿਜੀਟਲ ਪਲੈਟਫਾਰਮ ’ਤੇ ਨਿਰਭਰ ਹੈ, ਜਿੱਥੇ ‘ਫੇਸਲੈੱਸ ਅਸੈੱਸਮੈਂਟ’ ਦੀ ਤਕਨੀਕ ਦੀ ਵਰਤੋਂ ਕਰ ਕੇ ਉਨ੍ਹਾਂ ਦੇ ਕੰਮ ਦਾ ਮੁਲੰਕਣ ਬਿਨਾ ਕਿਸੇ ਮਨੁੱਖੀ ਦਖ਼ਲ ਤੋਂ ਕੀਤਾ ਜਾਂਦਾ ਹੈ।

ਇਸ ਦਾ ਨਤੀਜਾ ਇਹ ਹੋਇਆ ਹੈ ਕਿ ਜ਼ਮੀਨੀ ਜਾਂਚ, ਪਾਰਦਰਸ਼ਤਾ ਅਤੇ ਨਿਆਂ ਦੇ ਰਾਹ ਬੰਦ ਹੋ ਗਏ ਹਨ। ਮਜ਼ਦੂਰਾਂ ਦਾ ਸ਼ੋਸ਼ਣ ਡਿਜੀਟਲ ਪਰਦੇ ਦੇ ਪਿੱਛੇ ਲੁਕ ਗਿਆ ਹੈ, ਜਿਸ ਨੂੰ ਉਜਾਗਰ ਕਰਨਾ ਅਤੇ ਸੁਧਾਰ ਦੀ ਮੰਗ ਕਰਨਾ ਅਤਿ ਔਖਾ ਹੈ। ਇਨ੍ਹਾਂ ਸਾਰੀਆਂ ਸੋਧਾਂ ਨੂੰ ਸਰਕਾਰ ਨੇ ‘ਈਜ਼ ਆਫ਼ ਡੂਇੰਗ ਬਿਜ਼ਨੈੱਸ’ ਦੀ ਰਣਨੀਤੀ ਅਧੀਨ ਪੇਸ਼ ਕੀਤਾ ਹੈ, ਜਿਸ ਦਾ ਅਰਥ ਅਸਲ ਵਿੱਚ ‘ਈਜ਼ ਆਫ਼ ਐਕਸਪਲੋਇਟੇਸ਼ਨ’ ਯਾਨੀ ਸ਼ੋਸ਼ਣ ਦੀ ਸੁਖਾਲਤਾ ਬਣ ਗਿਆ ਹੈ।

ਸਰਕਾਰੀ ਨੀਤੀਆਂ ਇਹ ਸਪੱਸ਼ਟ ਕਰ ਰਹੀਆਂ ਹਨ ਕਿ ਕੰਪਨੀਆਂ ਦਾ ਮੁਨਾਫ਼ਾ ਅਤੇ ਵਪਾਰ ਦੀ ਆਜ਼ਾਦੀ ਕਾਮਿਆਂ ਦੀ ਜੀਵਿਕਾ ਅਤੇ ਅਧਿਕਾਰਾਂ ਤੋਂ ਕਿਤੇ ਵੱਧ ਮਹੱਤਵਪੂਰਨ ਮੰਨੀ ਜਾ ਰਹੀ ਹੈ। ਇਸ ਨਾਲ ਪੈਦਾ ਹੋਈ ਸਥਿਤੀ ਵਿੱਚ ਨਾ ਤਾਂ ਵਰਕਰਾਂ ਦੀ ਨੌਕਰੀ ਸੁਰੱਖਿਅਤ ਰਹਿੰਦੀ ਹੈ, ਨਾ ਉਨ੍ਹਾਂ ਦੀ ਯੋਗ ਸਾਂਭ-ਸੰਭਾਲ ਹੋ ਸਕਦੀ ਹੈ, ਸਗੋਂ ਉਹ ਬੇਰੁਜ਼ਗਾਰੀ ਅਤੇ ਅਸੁਰੱਖਿਆ ਦੇ ਡੂੰਘੇ ਦਲਦਲ ਵਿੱਚ ਧੱਕ ਦਿੱਤੇ ਜਾਂਦੇ ਹਨ।

### ਵਰਕਰਾਂ ਦੇ ਹਿੱਤ ’ਤੇ ਸਵਾਰ ਕਾਰਪੋਰੇਟ ਹਿੱਤ

ਕਿਰਤ ਸੁਧਾਰਾਂ ਦਾ ਇਹ ਸੁਰੂਪ ਵਪਾਰ ਦੇ ਅਜਿਹੇ ਮਾਹੌਲ ਦਾ ਨਿਰਮਾਣ ਕਰ ਰਿਹਾ ਹੈ, ਜਿੱਥੇ ਕਾਰਪੋਰੇਟ ਹਿੱਤ ਹੀ ਸਭ ਤੋਂ ਉਪਰ ਹਨ ਅਤੇ ਵਰਕਰਾਂ ਦੀਆਂ ਜਾਇਜ਼ ਮੰਗਾਂ ਨੂੰ ਦਬਾਅ ਦਿੱਤਾ ਜਾਂਦਾ ਹੈ। ਕਿਰਤ ਬਾਜ਼ਾਰ ਨੂੰ ਪੂਰੀ ਤਰ੍ਹਾਂ ਅਸੰਤੁਲਿਤ ਕਰ ਕੇ ਉਹ ਲਾਭ ਨਿੱਜੀਕਰਨ ਨੂੰ ਦੇ ਦਿੱਤਾ ਗਿਆ ਹੈ, ਜਦਕਿ ਸਮਾਜਿਕ ਅਤੇ ਆਰਥਿਕ ਜੋਖਮਾਂ ਦੀ ਸਾਰੀ ਜ਼ਿੰਮੇਵਾਰੀ ਕਾਮਿਆਂ ’ਤੇ ਸੁੱਟ ਦਿੱਤੀ ਗਈ ਹੈ। ਇਸ ਨਾਲ ਦੇਸ਼ ਵਿੱਚ ਸਮਾਜਿਕ ਅਸਮਾਨਤਾਵਾਂ ਡੂੰਘੀਆਂ ਹੋਣਗੀਆਂ, ਕਿਰਤੀ ਵਰਗ ਕਮਜ਼ੋਰ ਹੋਵੇਗਾ ਅਤੇ ਉਨ੍ਹਾਂ ਦਾ ਜੀਵਨ ਅਤਿ ਔਖਾ ਹੋ ਜਾਵੇਗਾ।

ਇਸ ਪ੍ਰਕਿਰਿਆ ਵਿੱਚ ਜੋ ‘ਸੁਧਾਰ’ ਦਿਖਾਏ ਗਏ ਹਨ, ਉਹ ਅਸਲ ਵਿੱਚ ਮਜ਼ਦੂਰ ਵਰਗ ਵਿਰੁੱਧ ਮੂਰਖਤਾਪੂਰਨ ਸਾਜ਼ਿਸ਼ਾਂ ਵਰਗੇ ਹਨ। ਜੇਕਰ ਭਾਰਤ ਨੂੰ ਇੱਕ ਸਮਤਾਵਾਦੀ ਅਤੇ ਨਿਆਂਸੰਗਤ ਸਮਾਜ ਬਣਾਉਣਾ ਹੈ, ਤਾਂ ਕਿਰਤ ਸੁਧਾਰਾਂ ਦੀ ਇਸ ਘੋਰ ਦੁਰਭਾਵਨਾਪੂਰਨ ਦਿਸ਼ਾ ਨੂੰ ਤੁਰੰਤ ਬਦਲਿਆ ਜਾਣਾ ਚਾਹੀਦਾ ਹੈ। ਕਾਮਿਆਂ ਨੂੰ ਉਨ੍ਹਾਂ ਦੇ ਮੂਲ ਅਧਿਕਾਰ, ਸਥਾਈ ਰੁਜ਼ਗਾਰ, ਯੋਗ ਕੰਮ-ਸਮਾਂ, ਸਮਾਜਿਕ ਸੁਰੱਖਿਆ ਅਤੇ ਵਿਰੋਧ ਜ਼ਾਹਰ ਕਰਨ ਦੇ ਲੋਕਤੰਤਰੀ ਅਧਿਕਾਰ ਵਾਪਸ ਦਿੱਤੇ ਜਾਣੇ ਚਾਹੀਦੇ ਹਨ।

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਜ਼ਦੂਰਾਂ ਨਾਲ ਜੁੜੀ ਨੀਤੀ ਨਿਰਮਾਣ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਨੂੰ ਯਕੀਨੀ ਬਣਾਵੇ ਅਤੇ ਕਾਰਪੋਰੇਟਾਂ ਦੇ ਹਿੱਤਾਂ ਅਤੇ ਵਰਕਰਾਂ ਦੇ ਕਲਿਆਣ ਵਿਚਕਾਰ ਸੰਤੁਲਨ ਬਣਾਵੇ। ਇਹ ਹੀ ਅਸਲੀ ਰਾਸ਼ਟਰੀ ਪ੍ਰਗਤੀ ਅਤੇ ਸਮਾਜਿਕ ਨਿਆਂ ਦੀ ਨੀਂਹ ਹੋਵੇਗੀ।

ਇਸ ਕੌੜੇ ਸੱਚ ਨੂੰ ਵੇਖਦਿਆਂ, ਇਹ ਕਹਿਣ ਵਿੱਚ ਕੁੱਝ ਵੀ ਗਲਤ ਨਹੀਂ ਕਿ ਇਨ੍ਹਾਂ ਲੇਬਰ ਕੋਡਾਂ ਨੇ ਮਜ਼ਦੂਰ ਵਰਗ ਨੂੰ ਨਵੇਂ ਯੁੱਗ ਦੇ ਉਦਯੋਗਿਕ ਗੁਲਾਮ ਦੀ ਹਾਲਤ ਵਿੱਚ ਲਿਆ ਦਿੱਤਾ ਹੈ, ਜਿੱਥੇ ਉਨ੍ਹਾਂ ਦੀ ਮਨੁੱਖਤਾ ਅਤੇ ਸਨਮਾਨ ਨੂੰ ਇੱਕ ਕਾਗਜ਼ੀ ਦਸਤਾਵੇਜ਼ ਰਾਹੀਂ ਖਤਮ ਕਰ ਦਿੱਤਾ ਗਿਆ ਹੈ। ਲਿਆਂਦੇ ਗਏ ਸੁਧਾਰ ਅਸਲ ਵਿੱਚ ਮਜ਼ਦੂਰ-ਵਿਰੋਧੀ ਅਤੇ ਪੂੰਜੀ ਸਮਰਥਕ ਪੈਂਤੜੇ ਹਨ, ਜੋ ਭਾਰਤ ਦੇ ਵਿਕਾਸ ਦੇ ਸੁਪਨਿਆਂ ਨੂੰ ਧੋਖਾ ਦੇਣ ਵਾਲੇ ਹਨ। ਇਸ ਦਾ ਸਾਹਮਣਾ ਕਰਨ ਲਈ ਸੰਗਠਿਤ ਸੰਘਰਸ਼, ਜਾਗਰੂਕਤਾ ਅਤੇ ਠੋਸ ਰਾਜਨੀਤਿਕ ਇੱਛਾਸ਼ਕਤੀ ਦੀ ਸਖ਼ਤ ਲੋੜ ਹੈ ਤਾਂ ਜੋ ਇਹ ਵਿਵਸਥਾ ਮੁੜ ਕਾਮਿਆਂ ਦੇ ਅਧਿਕਾਰਾਂ ਅਤੇ ਗੌਰਵ ਦੀ ਰਾਖੀ ਕਰ ਸਕੇ, ਨਾ ਕਿ ਉਨ੍ਹਾਂ ਨੂੰ ਮਿਟਾ ਦੇਵੇ।

*(*ਮਧੇਪੁਰਾ-ਬਿਹਾਰ ਦੇ ਬੀ.ਐੱਨ. ਐੱਮ.ਵੀ. ਕਾਲਜ ਵਿੱਚ ਅਸਿਸਟੈਂਟ ਪ੍ਰੋਫੈਸਰ)*

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income
FUTURITY FIRST
Retirement | Life | Health

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
Futurity First Insurance Group

Hiring Local & Midwest Drivers and Dedicated Lanes & Owner Operators

NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਭਾਰਤ ਵਿੱਚ ਹਵਾਈ ਜਾਮ-ਟੂ ਬਿਗ ਟੂ ਫੇਲ੍ਹ

## ਇੰਡੀਗੋ ਨੇ 2023 ਵਿੱਚ ਟਰਾਂਸਪੋਰਟੇਸ਼ਨ ਸੈਕਟਰ ਵਿੱਚ ਖਰੀਦੇ ਸਭ ਤੋਂ ਵੱਧ ਇਲਕਟੋਰਲ ਬਾਂਡ




***ਭਾਰਤ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਹੁਣ ਆਪਣੇ ਸਭ ਤੋਂ ਵੱਡੇ ਸੰਚਾਲਨ ਸੰਕਟ ਨਾਲ ਜੂਝ ਰਹੀ ਹੈ, ਜਿਸ ਕਾਰਨ ਦੇਸ਼ ਭਰ ਵਿੱਚ ਏਅਰਲਾਈਨ ਸੇਵਾਵਾਂ ਲਗਭਗ ਠੱਪ ਹੋ ਗਈਆਂ ਹਨ। ਇਸ ਸੰਕਟ ਨੇ ਨਾ ਸਿਰਫ਼ ਲੱਖਾਂ ਯਾਤਰੀਆਂ ਨੂੰ ਪ੍ਰੇਸ਼ਾਨ ਕੀਤਾ ਹੈ, ਸਗੋਂ ਪੂਰੀ ਭਾਰਤੀ ਹਵਾਈ ਉਦਯੋਗ ਨੂੰ ਹਿਲਾ ਦਿੱਤਾ ਹੈ। ਇਸੇ ਦੌਰਾਨ ਵਿਰੋਧੀ ਪਾਰਟੀ ਕਾਂਗਰਸ ਨੇ ਸਵਾਲ ਉਠਾਇਆ ਹੈ ਕਿ ਕੋਵਿਡ ਮਹਾਮਾਰੀ ਤੋਂ ਬਾਅਦ ਇੰਡੀਗੋ ਨੂੰ ਏਵੀਏਸ਼ਨ ਸੈਕਟਰ 'ਤੇ ਲਗਭਗ ਏਕਾਧਿਕਾਰ ਕਰਨ ਦੀ ਇਜਾਜ਼ਤ ਕਿਉਂ ਦਿੱਤੀ ਗਈ? ਨਵੀਆਂ ਜਾਣਕਾਰੀਆਂ ਵਿਖਾਉਂਦੀਆਂ ਹਨ ਕਿ ਇੰਡੀਗੋ ਨੇ 2023 ਵਿੱਚ ਚੋਣਾਵੀਂ ਬਾਂਡਾਂ (ਇਲੈਕਟੋਰਲ ਬਾਂਡਾਂ) ਵਿੱਚ ਵੱਡੀ ਰਕਮ ਖਰਚ ਕੀਤੀ ਸੀ, ਜੋ ਉਸ ਨੂੰ ਸਰਕਾਰੀ ਨੀਤੀਆਂ ਵਿੱਚ ਰਾਹਤ ਦੇਣ ਵਾਲਾ ਕਾਰਨ ਬਣ ਸਕਦੀ ਹੈ।***

**ਪੰਜਾਬੀ ਪਰਵਾਜ਼ ਬਿਊਰੋ**

ਭਾਰਤ ਦੀ ਸਭ ਤੋਂ ਵੱਡੀ ਏਅਰਲਾਈਨ ਇੰਡੀਗੋ ਹੁਣ ਆਪਣੇ ਸਭ ਤੋਂ ਵੱਡੇ ਸੰਚਾਲਨ ਸੰਕਟ ਨਾਲ ਜੂਝ ਰਹੀ ਹੈ, ਜਿਸ ਕਾਰਨ ਦੇਸ਼ ਭਰ ਵਿੱਚ ਹਵਾਈ ਸੇਵਾਵਾਂ ਲਗਭਗ ਠੱਪ ਪੈ ਗਈਆਂ ਹਨ। ਦਸੰਬਰ 2025 ਵਿੱਚ ਇੰਡੀਗੋ ਨੂੰ ਨਵੀਂ ਫਲਾਈਟ ਡਿਊਟੀ ਟਾਈਮ ਲਿਮਿਟਸ (ਐਫ.ਡੀ.ਟੀ.ਐਲ.) ਨਿਯਮਾਂ ਨੂੰ ਅਪਣਾਉਣ ਵਿੱਚ ਅਸਫਲਤਾ ਕਾਰਨ ਇੱਕੋ ਦਿਨ ਵਿੱਚ 1,000 ਤੋਂ ਵੱਧ ਫਲਾਈਟਾਂ ਰੱਦ ਕਰਨੀਆਂ ਪਈਆਂ ਅਤੇ ਕੁੱਲ ਮਿਲਾ ਕੇ 10 ਲੱਖ ਤੋਂ ਵੱਧ ਰਿਜ਼ਰਵੇਸ਼ਨਾਂ ਪ੍ਰਭਾਵਿਤ ਹੋਈਆਂ। ਭਾਰਤ ਸਰਕਾਰ ਨੇ ਇੰਡੀਗੋ ਨੂੰ ਆਪਣੀਆਂ ਫਲਾਈਟਾਂ ਦੇ 10% ਹਿੱਸੇ ਨੂੰ ਘਟਾਉਣ ਦਾ ਹੁਕਮ ਦਿੱਤਾ ਹੈ, ਜੋ ਵਿਸ਼ਲੇਸ਼ਕਾਂ ਅਨੁਸਾਰ ਭਾਰਤੀ ਹਵਾਈ ਸੰਕਟ ਨੂੰ ਹੋਰ ਗੰਭੀਰ ਬਣਾ ਸਕਦਾ ਹੈ। ਡੀ.ਜੀ.ਸੀ.ਏ. (ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ) ਨੇ ਚਾਰ ਫਲਾਈਟ ਆਪ੍ਰੇਸ਼ਨ ਇੰਸਪੈਕਟਰਾਂ ਨੂੰ ਕੱਢਣ ਦਾ ਐਲਾਨ ਕੀਤਾ ਹੈ, ਜੋ ਇੰਡੀਗੋ ਦੇ ਸੰਚਾਲਨ ਦੀ ਨਿਗਰਾਨੀ ਕਰਨ ਵਾਲੇ ਸਨ। ਇਸ ਤੋਂ ਇਲਾਵਾ ਏਅਰਲਾਈਨ ਨੇ ਬਾਹਰੀ ਏਵੀਏਸ਼ਨ ਮਾਹਰ ਕੈਪਟਨ ਜੌਹਨ ਇਲਸਨ ਨੂੰ ਅਪਣੇ ਸੰਕਟ ਦੀਆਂ ਜੜ੍ਹਾਂ ਦੀ ਤਫ਼ਤੀਸ਼ ਲਈ ਨਿਯੁਕਤ ਕੀਤਾ ਹੈ, ਜੋ ਅਮਰੀਕੀ ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ.ਏ.ਏ.) ਨਾਲ ਜੁੜੇ ਹੋਏ ਹਨ। ਇਹ ਸੰਕਟ ਏਅਰਲਾਈਨ ਦੇ 20 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਝਟਕਾ ਹੈ, ਜਿਸ ਨਾਲ ਯਾਤਰੀਆਂ ਨੂੰ ਹਜ਼ਾਰਾਂ ਘੰਟੇ ਏਅਰਪੋਰਟਾਂ 'ਤੇ ਫਸਿਆਂ ਰਹਿਣਾ ਪਿਆ ਅਤੇ ਰਿਫੰਡਾਂ ਵਿੱਚ ਦੇਰੀ ਹੋਈ ਹੈ।

ਉਧਰ ਵਿਰੋਧੀ ਪਾਰਟੀਆਂ ਲੋਕ ਸਭਾ ਚੋਣਾਂ 2024 ਤੋਂ ਸਿਰਫ਼ ਇੱਕ ਸਾਲ ਪਹਿਲਾਂ, 2023 ਵਿੱਚ ਏਅਰਲਾਈਨ ਵੱਲੋਂ ਚੋਣਾਵੀਂ ਬਾਂਡਾਂ ਦੀ ਵੱਡੀ ਖਰੀਦ 'ਤੇ ਤਿੱਖੇ ਸਵਾਲ ਉਠਾ ਰਹੀਆਂ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ 2024 ਵਿੱਚ ਜਾਰੀ ਕੀਤੇ ਗਏ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਇੰਡੀਗੋ ਨੂੰ ਚਲਾਉਣ ਵਾਲੇ ਇੰਟਰਗਲੋਬ ਗਰੁੱਪ ਨੇ ਕੁੱਲ 36 ਕਰੋੜ ਰੁਪਏ ਦੇ ਚੋਣਾਵੀਂ ਬਾਂਡ ਖਰੀਦੇ, ਜਿਸ ਨਾਲ ਇਹ ਏਅਰਲਾਈਨ ਟਰਾਂਸਪੋਰਟੇਸ਼ਨ ਖੇਤਰ ਵਿੱਚ ਰਾਜਨੀਤਿਕ ਚੰਦੇ ਦੀ ਸਭ ਤੋਂ ਵੱਡੀ ਖਰੀਦਦਾਰ ਬਣ ਗਈ। ਇਹ ਸਕੀਮ ਹੁਣ ਸੁਪਰੀਮ ਕੋਰਟ ਦੇ ਹੁਕਮ ਨਾਲ ਰੱਦ ਹੋ ਚੁੱਕੀ ਹੈ, ਪਰ ਇਸ ਨੇ ਕਾਰਪੋਰੇਟ ਅਤੇ ਰਾਜਨੀਤਿਕ ਪਾਰਟੀਆਂ ਵਿਚਾਲੇ ਨੇੜਲੇ ਸਬੰਧਾਂ ਨੂੰ ਉਜਾਗਰ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇੰਟਰਗਲੋਬ ਦੀਆਂ ਤਿੰਨ ਸੰਸਥਾਵਾਂ- ਇੰਟਰਗਲੋਬ ਏਵੀਏਸ਼ਨ, ਇੰਟਰਗਲੋਬ ਏਅਰ ਟਰਾਂਸਪੋਰਟ ਅਤੇ ਇੰਟਰਗਲੋਬ ਰੀਅਲ ਐਸਟੇਟ ਵੈਂਚਰਜ਼ ਨੇ 1 ਕਰੋੜ ਰੁਪਏ ਪ੍ਰਤੀ ਬਾਂਡ ਦੇ ਕੁੱਲ 36 ਬਾਂਡ ਖਰੀਦੇ, ਜਿਨ੍ਹਾਂ ਵਿੱਚੋਂ 31 ਬਾਂਡ ਮਈ 2019 ਵਿੱਚ ਖਰੀਦੇ ਗਏ, ਜਦਕਿ ਬਾਕੀ ਦੀ ਖਰੀਦ ਅਕਤੂਬਰ 2023 ਵਿੱਚ ਕੀਤੀ ਗਈ। ਇਸ ਤੋਂ ਇਲਾਵਾ ਇੰਟਰਗਲੋਬ ਦੇ ਪ੍ਰੋਮੋਟਰ ਰਾਹੁਲ ਭਾਟੀਆ ਨੇ ਅਪ੍ਰੈਲ 2021 ਵਿੱਚ ਆਪਣੀ ਨਿੱਜੀ ਸਮਰੱਥਾ ਵਿੱਚ 20 ਕਰੋੜ ਰੁਪਏ ਮੁੱਲ ਦੇ 29 ਬਾਂਡਾਂ ਦਾ ਇੱਕ ਹੋਰ ਸੈੱਟ ਖਰੀਦਿਆ। ਇੱਕ ਦਿਲਚਸਪ ਤੱਥ ਇਹ ਹੈ ਕਿ ਭਾਟੀਆ ਦੇ ਸਾਰੇ ਬਾਂਡ ਉਸ ਸਮੇਂ ਖਰੀਦੇ ਗਏ, ਜਦੋਂ ਹਵਾਈ ਖੇਤਰ ਕੋਵਿਡ-19 ਮਹਾਮਾਰੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸੀ। ਇਸ ਨਾਲ ਜੁੜੀ ਇੱਕ ਹੋਰ ਜਾਣਕਾਰੀ ਇਹ ਹੈ ਕਿ ਚੋਣਾਵੀਂ ਬਾਂਡ ਖਰੀਦਣ ਵਾਲੀ ਇੱਕੋ-ਇੱਕ ਹੋਰ ਏਅਰਲਾਈਨ ਸਪਾਈਸਜੈੱਟ ਸੀ, ਜਿਸ ਨੇ 2021 ਦੇ ਜਨਵਰੀ ਅਤੇ ਜੁਲਾਈ ਵਿਚਕਾਰ 65 ਲੱਖ ਰੁਪਏ ਮੁੱਲ ਦੇ 20 ਬਾਂਡ ਖਰੀਦੇ ਸਨ। ਇਹ ਅੰਕੜੇ ਦਰਸਾਉਂਦੇ ਹਨ ਕਿ ਇੰਡੀਗੋ ਨੇ ਰਾਜਨੀਤਿਕ ਚੰਦੇ ਵਿੱਚ ਕਿਸੇ ਹੋਰ ਟਰਾਂਸਪੋਰਟ ਕੰਪਨੀ ਨਾਲੋਂ ਵੱਧ ਰਕਮ ਖਰਚ ਕੀਤੀ, ਜੋ ਉਸ ਨੂੰ ਨੀਤੀ ਨਿਰਮਾਣ ਵਿੱਚ ਫਾਇਦੇ ਪ੍ਰਦਾਨ ਕਰ ਸਕਦੀ ਹੈ।

'ਇੰਡੀਗੋ ਨੂੰ ਇਸ ਖੇਤਰ ਵਿੱਚ ਏਕਾਧਿਕਾਰ ਕਿਵੇਂ ਕਰਨ ਦਿੱਤਾ ਗਿਆ'

ਕਾਂਗਰਸ ਪਾਰਟੀ ਨੇ ਸਵਾਲ ਉਠਾਇਆ ਹੈ ਕਿ ਇੰਡੀਗੋ, ਜਿਸ ਦੀ ਹਵਾਈ ਬਾਜ਼ਾਰ ਵਿੱਚ 63% ਹਿੱਸੇਦਾਰੀ ਹੈ ਅਤੇ ਉਸ ਤੋਂ ਬਾਅਦ ਏਅਰ ਇੰਡੀਆ ਦੀ ਬਾਜ਼ਾਰ ਹਿੱਸੇਦਾਰੀ 13.6% ਹੈ, ਨੂੰ ਕੋਵਿਡ-19 ਮਹਾਮਾਰੀ ਤੋਂ ਬਾਅਦ ਦੇ ਸਾਲਾਂ ਵਿੱਚ ਇਸ ਖੇਤਰ 'ਤੇ ਲਗਭਗ ਏਕਾਧਿਕਾਰ ਕਿਵੇਂ ਕਰਨ ਦਿੱਤਾ ਗਿਆ? ਕਾਂਗਰਸ ਨੇ ਮੋਦੀ ਸਰਕਾਰ 'ਤੇ ਚੋਣਾਵੀਂ ਬਾਂਡ ਖਰੀਦਣ ਤੋਂ ਬਾਅਦ ਇੰਡੀਗੋ ਪ੍ਰਤੀ ਗਲੈਮਰ ਜ਼ਰੂਰੀ ਤਰੀਕੇ ਨਾ.ਲ ਨਰਮ ਰੁਖ ਅਪਣਾਉਣ ਦਾ ਇਲਜ਼ਾਮ ਲਗਾਇਆ ਹੈ। ਪਾਰਟੀ ਨੇ ਕਿਹਾ ਕਿ ਇੰਡੀਗੋ ਵਿੱਚ ਮਚੀ ਉਥਲ-ਪੁਥਲ ਅਚਾਨਕ ਨਹੀਂ ਹੈ, ਸਗੋਂ ਮੋਦੀ ਸਰਕਾਰ ਵੱਲੋਂ 'ਇਸ ਖੇਤਰ ਵਿੱਚ ਏਕਾਧਿਕਾਰ ਸਥਾਪਤ ਕਰਨ ਦੇ ਅਥਕ ਯਤਨਾਂ' ਦਾ ਨਤੀਜਾ ਹੈ। ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਨੇ ਇੱਕ ਐਕਸ ਪੋਸਟ ਵਿੱਚ ਕਿਹਾ, 'ਭਾਰਤੀ ਅਰਥਵਿਵਸਥਾ ਦੇ ਕਈ ਖੇਤਰਾਂ ਵਿੱਚ ਮਨੋਪਲੀ ਹੈ; ਏਅਰਲਾਈਨ ਉਦਯੋਗ ਵੀ ਉਨ੍ਹਾਂ ਵਿੱਚੋਂ ਇੱਕ ਹੈ। ਉਦਾਰੀਕਰਨ ਅਤੇ ਖੁੱਲ੍ਹੀ ਅਰਥਵਿਵਸਥਾ ਮੁਕਾਬਲੇਬਾਜ਼ੀ 'ਤੇ ਆਧਾਰਤ ਹਨ।'

ਉਨ੍ਹਾਂ ਨੇ ਅੱਗੇ ਕਿਹਾ, 'ਲੋਕਾਂ ਨੂੰ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਭਾਰਤ ਵਿੱਚ ਇੱਕ ਜੀਵੰਤ ਅਤੇ ਪ੍ਰਤੀਯੋਗਿਕ ਏਅਰਲਾਈਨ ਉਦਯੋਗ ਕਿਵੇਂ ਸਿਰਫ਼ ਦੋ ਖਿਡਾਰੀਆਂ ਵਾਲੇ ਵਪਾਰ ਵਿੱਚ ਸੁੰਗੜ ਗਿਆ ਅਤੇ ਕਿਉਂ।' ਇਸ ਸਬੰਧ ਵਿੱਚ ਕਾਂਗਰਸ ਦੇ ਲੋਕ ਸਭਾ ਐੱਮ.ਪੀ. ਸ਼ਸ਼ੀਕਾਂਤ ਸੈਂਥਲ ਨੇ ਇੱਕ ਪ੍ਰੈੱਸ ਕਾਨਫਰੰਸ ਕਰ ਕੇ ਸਰਕਾਰ 'ਤੇ ਦੋਸ਼ ਲਗਾਇਆ ਕਿ ਸਰਕਾਰ ਨੇ ਇੰਡੀਗੋ ਨੂੰ ਯਾਤਰੀਆਂ ਲਈ ਅਰਾਜਕਤਾ ਪੈਦਾ ਕਰਨ ਦੀ ਇਜਾਜ਼ਤ ਦਿੱਤੀ, ਜਦਕਿ ਏਅਰਲਾਈਨ ਨੇ ਦੋ ਸਾਲ ਪਹਿਲਾਂ ਜਨਵਰੀ 2024 ਵਿੱਚ ਜਾਰੀ ਕੀਤੇ ਗਏ ਨਵੇਂ ਉਡਾਣ ਡਿਊਟੀ ਸਮੇਂ ਦੀ ਸੀਮਾ (ਐਫ.ਡੀ.ਟੀ.ਐਲ.) ਨੂੰ ਲਾਗੂ ਨਹੀਂ ਕੀਤਾ ਸੀ। ਸੈਂਥਲ ਨੇ ਪੁੱਛਿਆ ਕਿ ਕੀ ਕੇਂਦਰੀ ਨਾਗਰਿਕ ਹਵਾਈ ਮੰਤਰੀ ਕੇ. ਰਾਮਮੋਹਨ ਨਾਇਡੂ ਇਸ 'ਅਸਾਧਾਰਨ ਸੰਕਟ' ਦੀ ਕੋਈ ਜਵਾਬਦੇਹੀ ਲੈਣਗੇ?

ਇੰਡੀਗੋ ਨਾਲ ਭਾਜਪਾ ਦੀ ਨੇੜਤਾ ਨੂੰ ਚੋਣਾਵੀਂ ਬਾਂਡ ਨਾਲ ਜੋੜਦੇ ਹੋਏ ਸੈਂਥਲ ਨੇ ਕਿਹਾ, 'ਇਨ੍ਹਾਂ ਚੋਣਾਵੀਂ ਬਾਂਡ ਖੁਲਾਸਿਆਂ ਨੂੰ ਵੇਖਦਿਆਂ, ਜਿਨ੍ਹਾਂ ਵਿੱਚ ਅਸੀਂ ਇੰਟਰਗਲੋਬ ਗਰੁੱਪ ਦੀਆਂ ਸੰਸਥਾਵਾਂ ਅਤੇ ਉਸ ਦੇ ਪ੍ਰੋਮੋਟਰਾਂ ਵੱਲੋਂ ਵੱਡੀ ਖਰੀਦਦਾਰੀ ਵੇਖੀ... ਕੀ ਇੰਡੀਗੋ ਨਾਲ ਭਾਜਪਾ ਦੀ ਵਿੱਤੀ ਨੇੜਤਾ ਹੀ ਯਾਤਰੀਆਂ ਦੀ ਸੁਰੱਖਿਆ ਦੀ ਕੀਮਤ 'ਤੇ ਵਿਖਾਈ ਦਿੱਤੀ ਇਸ ਅਸਾਧਾਰਨ ਨਰਮੀ ਦਾ ਅਸਲੀ ਕਾਰਨ ਹੈ?'

ਉਨ੍ਹਾਂ ਨੇ ਅੱਗੇ ਕਿਹਾ, 'ਅਸੀਂ ਹਮੇਸ਼ਾ ਤੋਂ ਕਹਿੰਦੇ ਰਹੇ ਹਾਂ- ਚੋਣਾਵੀਂ ਬਾਂਡ ਬਹੁਤ, ਬਹੁਤ, ਬਹੁਤ ਖ਼ਤਰਨਾਕ ਚੀਜ਼ ਹੈ। ਇਹ ਕਾਰਪੋਰੇਟਾਂ ਨੂੰ ਆਪਣਾ ਧੰਦਾ ਚਲਾਉਣ ਦੀ ਇਜਾਜ਼ਤ ਦੇਵੇਗੀ ਅਤੇ ਇਹ ਇਸ ਦਾ ਇੱਕ ਉਦਾਹਰਨ ਹੈ।' ਕਾਂਗਰਸ ਐੱਮ.ਪੀ. ਨੇ ਕਿਹਾ ਕਿ ਇਹ ਸੰਕਟ ਕੋਈ ਸੁਭਾਵਕ ਅਸਫਲਤਾ ਨਹੀਂ ਹੈ, ਸਗੋਂ 'ਭਾਜਪਾ ਸਰਕਾਰ ਦਾ ਇੱਕ ਅਜਿਹਾ ਕਰਮ ਹੈ, ਜੋ ਮੁਕਾਬਲੇਬਾਜ਼ੀ ਨੂੰ ਕੁਚਲਣ, ਪਸੰਦੀਦਾ ਲੋਕਾਂ ਨੂੰ ਇਨਾਮ ਦੇਣ ਅਤੇ ਕਾਰਪੋਰੇਟ ਸਹਿਯੋਗੀਆਂ ਦੇ ਛੋਟੇ ਸਮੂਹ ਨੂੰ ਖੁਸ਼ ਰੱਖਣ ਲਈ ਪੂਰੇ ਰਾਸ਼ਟਰੀ ਉਦਯੋਗ ਨੂੰ ਨਵਾਂ ਰੂਪ ਦੇਣ 'ਤੇ ਤੁਲੀ ਹੋਈ ਹੈ।' ਉਨ੍ਹਾਂ ਨੇ ਕਿਹਾ, 'ਭਾਜਪਾ ਸਰਕਾਰ ਦਾ ਏਕਾਧਿਕਾਰ ਸਥਾਪਤ ਕਰਨ ਦਾ ਜਨੂੰਨ ਭਾਰਤ ਦੇ ਬੁਨਿਆਦੀ ਢਾਂਚੇ ਵਿੱਚ ਸਾਫ਼ ਨਜ਼ਰ ਆਉਂਦਾ ਹੈ। ਉਨ੍ਹਾਂ ਸਵਾਲ ਕੀਤਾ ਕਿ ਰਣਨੀਤਕ ਤੌਰ 'ਤੇ ਮਹੱਤਵਪੂਰਨ ਸੰਪੱਤੀਆਂ ਵਾਰ-ਵਾਰ ਸਿਰਫ਼ ਇੱਕੋ ਕਾਰਪੋਰੇਟ ਗਰੁੱਪ ਨੂੰ ਕਿਉਂ ਮਿਲਦੀਆਂ ਹਨ? ਉਦਾਹਰਨ ਵਜੋਂ ਕਈ ਹਵਾਈ ਅੱਡੇ, ਜੋ ਕਦੇ ਦੂਜੇ ਗਰੁੱਪਾਂ ਵੱਲੋਂ ਵੇਖੇ ਜਾਂਦੇ ਸਨ, ਮੋਦੀ ਜੀ ਦੇ ਪਿਆਰੇ ਮਿੱਤਰ ਅਡਾਣੀ ਗਰੁੱਪ ਨੂੰ ਸੌਂਪੇ ਜਾਣਾ ਕੀ ਦਰਸਾਉਂਦਾ ਹੈ?'

ਪੋਸਟ-ਕੋਵਿਡ ਏਵੀਏਸ਼ਨ ਵਿੱਚ ਏਕਾਧਿਕਾਰ ਦੀਆਂ ਜੜ੍ਹਾਂ ਅਤੇ ਹੋਰ ਤੱਥ

ਕੋਵਿਡ-19 ਮਹਾਮਾਰੀ ਤੋਂ ਬਾਅਦ ਭਾਰਤੀ ਹਵਾਈ ਖੇਤਰ ਵਿੱਚ ਇੰਡੀਗੋ ਦਾ ਏਕਾਧਿਕਾਰ ਵਧਣ ਦੇ ਕਈ ਕਾਰਨ ਹਨ। 2019 ਵਿੱਚ ਇੰਡੀਗੋ ਦੀ ਬਾਜ਼ਾਰ ਹਿੱਸੇਦਾਰੀ 50% ਤੋਂ ਘੱਟ ਸੀ, ਪਰ ਜੈੱਟ ਏਅਰਵੇਜ਼ ਅਤੇ ਗੋਫਸਟ ਵਰਗੀਆਂ ਹੋਰ ਏਅਰਲਾਈਨਾਂ ਦੇ ਡੂੰਘੇ ਵਿੱਤੀ ਸੰਕਟ ਕਾਰਨ ਇਹ 2025 ਤੱਕ 63% ਤੱਕ ਪਹੁੰਚ ਗਈ। ਵਿਸ਼ਲੇਸ਼ਕਾਂ ਅਨੁਸਾਰ, ਇਹ ਡਿਊਓਪੋਲੀ (ਇੰਡੀਗੋ ਅਤੇ ਏਅਰ ਇੰਡੀਆ ਦੇ ਵਿਚਕਾਰ) ਹੈ, ਜਿਸ ਨਾਲ 92 ਫ਼ੀਸਦੀ ਬਾਜ਼ਾਰ ਅਗਵਾ ਹੋ ਗਿਆ ਹੈ। ਇਸ ਲਈ ਯਾਤਰੀਆਂ ਨੂੰ ਵਧੇਰੇ ਕਿਰਾਏ ਅਤੇ ਘੱਟ ਸੇਵਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੰਪੀਟੀਸ਼ਨ ਕਮਿਸ਼ਨ ਆਫ਼ ਇੰਡੀਆ (ਸੀ.ਸੀ.ਆਈ.) ਵੀ ਇੰਡੀਗੋ 'ਤੇ ਨਿਯਮਾਂ ਦੇ ਉਲੰਘਣ ਦੀ ਤਫ਼ਤੀਸ਼ ਕਰ ਰਿਹਾ ਹੈ, ਜੋ ਇਸ ਏਕਾਧਿਕਾਰ ਨੂੰ ਚੁਣੌਤੀ ਦੇ ਸਕਦਾ ਹੈ। ਇਸ ਤੋਂ ਇਲਾਵਾ ਭਾਰਤੀ ਅਰਥਵਿਵਸਥਾ ਵਿੱਚ ਹੋਰ ਖੇਤਰਾਂ ਜਿਵੇਂ ਈ-ਕਾਮਰਸ (ਅਮੇਜ਼ਨ-ਫਲਿੱਪਕਾਰਟ) ਅਤੇ ਡਿਜੀਟਲ ਪੇਮੈਂਟਸ (ਗੂਗਲ ਪੇ-ਫੋਨਪੇ) ਵਿੱਚ ਵੀ ਡਿਊਓਪੋਲੀ ਨੇ ਸੰਕਟ ਪੈਦਾ ਕੀਤੇ ਹਨ, ਜੋ ਇੰਡੀਗੋ ਕੇਸ ਨਾਲ ਮੇਲ ਖਾਂਦੇ ਹਨ। ਇਹ ਸੰਕਟ ਨਾ ਸਿਰਫ਼ ਆਰਥਿਕ ਨੁਕਸਾਨ (ਲੱਖਾਂ ਕਰੋੜਾਂ ਰੁਪਏ ਦਾ ਅਨੁਮਾਨਿਤ ਘਾਟਾ) ਪੈਦਾ ਕਰ ਰਿਹਾ ਹੈ, ਸਗੋਂ ਰਾਸ਼ਟਰੀ ਢਾਂਚੇ 'ਤੇ ਵੀ ਪ੍ਰਭਾਵ ਪਾ ਰਿਹਾ ਹੈ, ਜਿਵੇਂ ਕਿ ਵਪਾਰਕ ਸਫ਼ਰਾਂ ਵਿੱਚ ਵਿਘਨ ਅਤੇ ਟੂਰਿਜ਼ਮ ਉੱਤੇ ਅਸਰ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ 'ਟੂ ਬਿਗ ਟੂ ਫੇਲ੍ਹ' ਵਾਲੀ ਸਥਿਤੀ ਹੈ, ਜਿੱਥੇ ਇੱਕ ਕੰਪਨੀ ਦੀ ਅਸਫਲਤਾ ਪੂਰੇ ਖੇਤਰ ਨੂੰ ਬੰਧਕ ਕਰ ਦਿੰਦੀ ਹੈ। ਜੇਕਰ ਸਰਕਾਰ ਨੇ ਮੁਕਾਬਲੇਬਾਜ਼ੀ ਨੂੰ ਉਤਸ਼ਾਹਿਤ ਕੀਤਾ ਹੁੰਦਾ, ਤਾਂ ਅਜਿਹੇ ਸੰਕਟ ਘੱਟ ਹੁੰਦੇ। ਇਸ ਸੰਕਟ ਨੂੰ ਹੱਲ ਕਰਨ ਲਈ ਇੰਡੀਗੋ ਨੇ ਆਪਣੇ ਕਰਮਚਾਰੀਆਂ ਨੂੰ ਵਾਪਸ ਬੁਲਾਉਣ ਅਤੇ ਨਵੇਂ ਪਾਇਲਟਾਂ ਨੂੰ ਭਰਤੀ ਕਰਨ ਦਾ ਐਲਾਨ ਕੀਤਾ ਹੈ, ਪਰ ਲੋਕਾਂ ਵਿੱਚ ਅਸੰਤੋਸ਼ ਵਧ ਰਿਹਾ ਹੈ। ਇਹ ਹੀ ਸਮਾਂ ਹੈ ਕਿ ਸਰਕਾਰ ਏਵੀਏਸ਼ਨ ਨੀਤੀਆਂ ਵਿੱਚ ਸੁਧਾਰ ਕਰੇ ਅਤੇ ਏਕਾਧਿਕਾਰ ਨੂੰ ਰੋਕੇ, ਤਾਂ ਜੋ ਭਵਿੱਖ ਵਿੱਚ ਅਜਿਹੇ ਸੰਕਟ ਨਾ ਦੁਹਰਾਏ ਜਾਣ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh
**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਭਾਜਪਾ ਨੂੰ 2024-25 'ਚ ਚੋਣਾਵੀ ਬਾਂਡਾਂ ਤੋਂ 959 ਕਰੋੜ ਰੁਪਏ ਮਿਲੇ

## *ਇਕੱਲੇ ਟਾਟਾ ਗਰੁੱਪ ਨੇ ਦਿੱਤੇ 757 ਕਰੋੜ

### ਚੰਦੇ ਦਾ ਧੰਦਾ

**ਪੰਜਾਬੀ ਪਰਵਾਜ਼ ਬਿਊਰੋ**

ਭਾਜਪਾ ਨੂੰ 2024-25 ਵਿੱਚ ਵੱਖ-ਵੱਖ ਚੋਣਾਵੀ ਬਾਂਡਾਂ ਤੋਂ 959 ਕਰੋੜ ਰੁਪਏ ਦਾ ਰਾਜਨੀਤਿਕ ਚੰਦਾ ਮਿਲਿਆ, ਜਿਸ ਵਿੱਚੋਂ ਲਗਭਗ 757 ਕਰੋੜ ਰੁਪਏ, ਜੋ ਇਸ ਪਾਰਟੀ ਨੂੰ ਮਿਲੇ ਕੁੱਲ ਚੰਦੇ ਦਾ 83 ਫ਼ੀਸਦੀ ਹੈ, ਟਾਟਾ ਗਰੁੱਪ ਦੇ ਪ੍ਰੋਗ੍ਰੈਸਿਵ ਇਲੈਕਟੋਰਲ ਟਰੱਸਟ ਤੋਂ ਪ੍ਰਾਪਤ ਹੋਏ।

ਦਿਲਚਸਪ ਗੱਲ ਇਹ ਹੈ ਕਿ 'ਸਕ੍ਰੌਲ' ਵੱਲੋਂ ਹਾਲ ਹੀ ਵਿੱਚ ਕੀਤੀ ਗਈ ਇੱਕ ਪੜਤਾਲ ਤੋਂ ਪਤਾ ਚੱਲਿਆ ਹੈ ਕਿ ਟਾਟਾ ਗਰੁੱਪ ਨੂੰ ਇਹ ਚੰਦਾ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਗਰੁੱਪ ਦੀਆਂ ਦੋ ਸੈਮੀਕੰਡਕਟਰ ਨਿਰਮਾਣ ਇਕਾਈਆਂ- ਇੱਕ ਅਸਮ ਅਤੇ ਦੂਜੀ ਗੁਜਰਾਤ ਵਿੱਚ; ਲਈ 44,000 ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਦੇ ਐਲਾਨ ਦੇ ਕੁਝ ਹਫ਼ਤੇ ਬਾਅਦ ਮਿਲਿਆ ਸੀ। ਦੋਵੇਂ ਹੀ ਭਾਜਪਾ ਸ਼ਾਸਿਤ ਰਾਜ ਹਨ।

ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਨੇ 2024-25 ਵਿੱਚ ਚੋਣਾਵੀ ਬਾਂਡਾਂ ਰਾਹੀਂ ਦਿੱਤੇ ਗਏ ਸਾਰੇ ਚੰਦੇ ਨਾਲ ਜੁੜੇ ਦਸਤਾਵੇਜ਼ ਅਪਲੋਡ ਕਰ ਦਿੱਤੇ ਹਨ।

ਇਨ੍ਹਾਂ ਦਸਤਾਵੇਜ਼ਾਂ ਤੋਂ ਪਤਾ ਚੱਲਿਆ ਹੈ ਕਿ ਪੀ.ਈ.ਟੀ. ਵੱਲੋਂ ਭਾਜਪਾ ਨੂੰ ਦਿੱਤਾ ਗਿਆ ਚੰਦਾ ਅਪ੍ਰੈਲ 2024 ਵਿੱਚ ਆਮ ਚੋਣਾਂ ਤੋਂ ਕੁਝ ਦਿਨ ਪਹਿਲਾਂ ਅਤੇ ਕੇਂਦਰ ਸਰਕਾਰ ਵੱਲੋਂ ਭਾਰਤ ਨੂੰ ਇੱਕ ਡਿਜੀਟਲ ਨਿਰਮਾਣ ਹੱਬ ਬਣਾਉਣ ਦੀ ਦਿਸ਼ਾ ਵਿੱਚ ਤਿੰਨ ਸੈਮੀਕੰਡਕਟਰ ਇਕਾਈਆਂ ਦੀ ਸਥਾਪਨਾ ਦੇ ਐਲਾਨ ਦੇ ਕੁਝ ਹਫ਼ਤੇ ਬਾਅਦ ਦਿੱਤਾ ਗਿਆ ਸੀ।

ਪਤਾ ਰਹੇ ਕਿ ਫਰਵਰੀ 2024 ਵਿੱਚ ਸੁਪਰੀਮ ਕੋਰਟ ਨੇ ਰਾਜਨੀਤਿਕ ਪਾਰਟੀਆਂ ਤੋਂ ਚੰਦਾ ਸਵੀਕਾਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਲਿਆਂਦੀ ਗਈ ਇਲੈਕਟੋਰਲ ਬਾਂਡ ਦੀ ਨਵੀਂ ਵਿਵਸਥਾ ਨੂੰ ਅਸੰਵਿਧਾਨਕ ਅਤੇ ਅਪਾਰਦਰਸ਼ੀ ਕਰਾਰ ਦਿੰਦੇ ਹੋਏ ਰੱਦ ਕਰ ਦਿੱਤਾ ਸੀ।

ਹਾਲਾਂਕਿ, ਅਜਿਹਾ ਲੱਗਦਾ ਹੈ ਕਿ ਭਾਜਪਾ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ, ਕਿਉਂਕਿ ਉਹ ਇਲੈਕਟੋਰਲ ਟਰੱਸਟ ਦੀ ਮੌਜੂਦਾ ਵਿਵਸਥਾ ਵਿੱਚ ਵੀ; ਜੋ ਰਾਜਨੀਤਿਕ ਚੰਦਾ ਸਵੀਕਾਰ ਕਰਨ ਲਈ ਬਾਂਡ ਤੋਂ ਕਿਤੇ ਵੱਧ ਪਾਰਦਰਸ਼ੀ ਵਿਵਸਥਾ ਹੈ- ਸਭ ਤੋਂ ਵੱਡੀ ਲਾਭਪਾਤਰੀ ਹੈ।

ਚੋਣ ਕਮਿਸ਼ਨ ਦੇ ਦਸਤਾਵੇਜ਼ਾਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਸੁਪਰੀਮ ਕੋਰਟ ਵੱਲੋਂ ਇਸ ਵਿਵਸਥਾ ਨੂੰ ਰੱਦ ਕਰਨ ਤੋਂ ਪਹਿਲਾਂ ਭਾਜਪਾ ਨੂੰ 2023-24 ਵਿੱਚ ਬਾਂਡ ਤੋਂ 1,685 ਕਰੋੜ ਰੁਪਏ ਦੀ ਭਾਰੀ ਰਕਮ ਪ੍ਰਾਪਤ ਹੋਈ ਸੀ। ਉਦੋਂ ਵੀ ਭਾਜਪਾ ਰਾਜਨੀਤਿਕ ਚੰਦੇ ਦੀ ਸਭ ਤੋਂ ਵੱਡੀ ਲਾਭਪਾਤਰੀ ਬਣੀ ਸੀ ਅਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਤੋਂ ਕਿਤੇ ਅੱਗੇ ਸੀ।

ਚੋਣ ਕਮਿਸ਼ਨ ਵੱਲੋਂ ਅਪਲੋਡ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ, ਭਾਜਪਾ ਨੂੰ 2024-25 ਵਿੱਚ ਚੋਣਾਵੀ ਬਾਂਡਾਂ ਤੋਂ ਕੁੱਲ 959 ਕਰੋੜ ਰੁਪਏ ਮਿਲੇ। ਇਸ ਵਿੱਚ ਟਾਟਾ ਗਰੁੱਪ ਦੀ ਮਾਲਕੀ ਵਾਲੇ ਪੀ.ਈ.ਟੀ. ਨੇ 757.6 ਕਰੋੜ ਰੁਪਏ ਦਾ ਚੰਦਾ ਦਿੱਤਾ।

'ਟਾਈਮਜ਼ ਆਫ਼ ਇੰਡੀਆ' ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਮਹਿੰਦਰਾ ਗਰੁੱਪ ਦੀ ਨਿਊ ਡੈਮੋਕ੍ਰੈਟਿਕ ਈ.ਟੀ. ਨੇ ਭਾਜਪਾ ਨੂੰ 150 ਕਰੋੜ ਰੁਪਏ ਦਿੱਤੇ, ਜਦਕਿ ਹਾਰਮੋਨੀ ਈ.ਟੀ. ਤੋਂ ਸੱਤਾਧਾਰੀ ਪਾਰਟੀ ਨੂੰ 30.1 ਕਰੋੜ ਰੁਪਏ, ਟ੍ਰਾਇੰਫ ਈ.ਟੀ. ਤੋਂ 21 ਕਰੋੜ ਰੁਪਏ, ਜਨ ਕਲਿਆਣ ਤੋਂ 9.5 ਲੱਖ ਰੁਪਏ ਅਤੇ ਆਇੰਜ਼ੀਗਾਰਟਿਕ ਈ.ਟੀ. ਤੋਂ 7.75 ਲੱਖ ਰੁਪਏ ਮਿਲੇ।

ਯਾਦ ਰਹੇ, ਪੀ.ਈ.ਟੀ. ਟਾਟਾ ਗਰੁੱਪ ਦੀਆਂ ਵਿਭਿੰਨ ਕੰਪਨੀਆਂ ਤੋਂ ਚੰਦਾ ਪ੍ਰਾਪਤ ਕਰਦਾ ਹੈ ਅਤੇ ਲੋਕ ਸਭਾ ਚੋਣ ਸਾਲ ਵਿੱਚ ਉਸ ਨੂੰ ਵੰਡਦਾ ਹੈ। 2018-19 ਵਿੱਚ ਵੀ ਭਾਜਪਾ ਨੂੰ ਇਸ ਦਾ ਚੰਦਾ ਸਭ ਤੋਂ ਵੱਧ ਮਿਲਿਆ ਸੀ।

**ਟਰੱਸਟ ਨੇ ਪਹਿਲਾਂ ਵੀ ਭਾਜਪਾ ਨੂੰ ਚੰਦੇ ਵਜੋਂ ਵੱਡਾ ਯੋਗਦਾਨ ਦਿੱਤਾ ਹੈ:** ਟਰੱਸਟ ਨੇ 2018-19 ਵਿੱਚ ਆਪਣੇ ਕੁੱਲ 454 ਕਰੋੜ ਰੁਪਏ ਦੇ ਖਜ਼ਾਨੇ ਦਾ ਲਗਭਗ 75% ਭਾਜਪਾ ਨੂੰ ਦਿੱਤਾ ਸੀ, ਜਿਸ ਦੀ ਕੁੱਲ ਰਕਮ 356 ਕਰੋੜ ਰੁਪਏ ਸੀ। ਇਸ ਦੇ ਮੁਕਾਬਲੇ ਕਾਂਗਰਸ ਨੂੰ ਪੀ.ਈ.ਟੀ. ਤੋਂ ਸਿਰਫ਼ 55.6 ਕਰੋੜ ਰੁਪਏ ਅਤੇ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਨੂੰ ਮਾਤਰ 43 ਕਰੋੜ ਰੁਪਏ ਦਾ ਚੰਦਾ ਮਿਲਿਆ।

ਜ਼ਿਕਰਯੋਗ ਹੈ ਕਿ ਬੀਤੇ ਕਈ ਸਾਲਾਂ ਤੋਂ ਰਾਜਨੀਤਿਕ ਦਲਾਂ ਨੂੰ ਸਭ ਤੋਂ ਵੱਡਾ ਚੰਦਾ ਦੇਣ ਵਾਲਿਆਂ ਵਿੱਚ ਪਰੂਡੈਂਟ ਈ.ਟੀ. ਮੁੱਖ ਰਿਹਾ ਹੈ, ਪਰ ਸਾਲ 2024-25 ਵਿੱਚ ਇਸ ਦੇ ਚੰਦੇ ਦਾ ਵੇਰਵਾ ਅਜੇ ਤੱਕ ਚੋਣ ਆਯੋਗ ਵੱਲੋਂ ਅਪਲੋਡ ਨਹੀਂ ਕੀਤਾ ਗਿਆ ਹੈ, ਇਸ ਲਈ ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਹਾਲਾਂਕਿ, ਪਹਿਲਾਂ ਦੇ ਦਸਤਾਵੇਜ਼ਾਂ ਤੋਂ ਪਤਾ ਚੱਲਿਆ ਹੈ ਕਿ ਪਰੂਡੈਂਟ ਈ.ਟੀ. ਨੇ 2023-24 ਵਿੱਚ ਭਾਜਪਾ ਨੂੰ 724 ਕਰੋੜ ਰੁਪਏ ਦਾ ਚੰਦਾ ਦਿੱਤਾ ਸੀ, ਜੋ ਭਾਜਪਾ ਨੂੰ 2023-24 ਵਿੱਚ ਟਰੱਸਟਾਂ ਰਾਹੀਂ ਪ੍ਰਾਪਤ 856.4 ਕਰੋੜ ਰੁਪਏ ਦੀ ਰਕਮ ਦਾ ਵੱਡਾ ਹਿੱਸਾ ਹੈ। ਇਸੇ ਤਰ੍ਹਾਂ ਭਾਜਪਾ 2018-19 ਅਤੇ 2024-25 ਦੋਹਾਂ ਵਿੱਚ ਟਾਟਾ ਦੇ ਪੀ.ਈ.ਟੀ. ਦੀ ਸਭ ਤੋਂ ਵੱਡੀ ਲਾਭਪਾਤਰੀ ਰਹੀ।

ਇਸ ਦੀ ਤੁਲਨਾ ਵਿੱਚ ਕਾਂਗਰਸ ਨੂੰ 2024-24 ਵਿੱਚ ਪੀ.ਈ.ਟੀ. ਤੋਂ 77.3 ਕਰੋੜ ਰੁਪਏ, ਨਿਊ ਡੈਮੋਕ੍ਰੈਟਿਕ ਈ.ਟੀ. ਤੋਂ 5 ਕਰੋੜ ਰੁਪਏ ਅਤੇ ਜਨ ਕਲਿਆਣ ਈ.ਟੀ. ਤੋਂ 9.5 ਲੱਖ ਰੁਪਏ ਮਿਲੇ।

ਕਾਂਗਰਸ ਨੇ ਆਪਣੇ ਦਸਤਾਵੇਜ਼ਾਂ ਵਿੱਚ ਦੱਸਿਆ ਹੈ ਕਿ ਉਸ ਨੂੰ 2024-25 ਵਿੱਚ ਪਰੂਡੈਂਟ ਈ.ਟੀ. ਤੋਂ 216.33 ਕਰੋੜ ਰੁਪਏ ਅਤੇ ਏ.ਬੀ. ਜਨਰਲ ਈ.ਟੀ. ਤੋਂ 15 ਕਰੋੜ ਰੁਪਏ ਮਿਲੇ।

ਕਾਂਗਰਸ ਨੇ ਆਪਣੇ ਦਸਤਾਵੇਜ਼ਾਂ ਵਿੱਚ ਇਹ ਵੀ ਕਿਹਾ ਹੈ ਕਿ ਉਸ ਨੂੰ ਈ.ਟੀ. ਰਾਹੀਂ ਮਿਲੇ ਕੁੱਲ 517 ਕਰੋੜ ਰੁਪਏ ਦੇ ਯੋਗਦਾਨ ਵਿੱਚੋਂ 313 ਕਰੋੜ ਰੁਪਏ ਮਿਲੇ।

2024-25 ਵਿੱਚ ਇਸ ਸਭ ਤੋਂ ਪੁਰਾਣੀ ਪਾਰਟੀ ਦਾ ਯੋਗਦਾਨ 2023-24 ਵਿੱਚ ਚੋਣਾਵੀ ਬਾਂਡਾਂ ਰਾਹੀਂ ਪ੍ਰਾਪਤ 828 ਕਰੋੜ ਰੁਪਏ ਤੋਂ ਕਾਫ਼ੀ ਘੱਟ ਸੀ, ਪਰ 2022-23, ਜੋ ਇੱਕ ਗੈਰ-ਆਮ ਚੋਣ ਸਾਲ ਹੈ, ਦੇ 171 ਕਰੋੜ ਰੁਪਏ ਤੋਂ ਵੱਧ ਸੀ।

ਗੌਰਤਲਬ ਹੈ ਕਿ ਟੀ.ਐਮ.ਸੀ., ਵਾਈ.ਐੱਸ.ਆਰ. ਕਾਂਗਰਸ, ਸ਼ਿਵਸੈਨਾ, ਬੀਜੂ ਜਨਤਾ ਦਲ, ਭਾਰਤ ਰਾਸ਼ਟਰ ਸਮਿਤੀ, ਜਨਤਾ ਦਲ (ਯੂਨਾਈਟਡ), ਦ੍ਰਵਿੜ ਮੁਨੇਤਰ ਕੜਗਮ ਅਤੇ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ ਵੀ ਪੀ.ਈ.ਟੀ. ਤੋਂ 10-10 ਕਰੋੜ ਰੁਪਏ ਮਿਲੇ।

# ਸਰਕਾਰੀ ਯੋਜਨਾਵਾਂ ਦੇ ਨਾਮ ਉਤੇ ਭਾਜਪਾ ਨੇ 2021-22 ਵਿੱਚ ਜੁਟਾਇਆ 'ਪਾਰਟੀ ਫੰਡ'

### ਢੋਲ ਦਾ ਪੋਲ

**ਅਜੋਇ ਆਸ਼ੀਰਵਾਦ**

## ਆਰ.ਟੀ.ਆਈ. 'ਚ ਖੁਲਾਸਾ

ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ ਕੁਝ ਸਾਲ ਪਹਿਲਾਂ ਸਵੱਛ ਭਾਰਤ, ਬੇਟੀ ਬਚਾਓ-ਬੇਟੀ ਪੜ੍ਹਾਓ ਅਤੇ ਕਿਸਾਨ ਸੇਵਾ ਵਰਗੀਆਂ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਜਨਤਾ ਤੋਂ ਨਾਜਾਇਜ਼ ਤੌਰ 'ਤੇ ਚੰਦਾ ਇਕੱਠਾ ਕਰਨ ਦਾ ਦੋਸ਼ ਲੱਗਾ ਹੈ। ਭਾਜਪਾ ਦਾ ਨਮੋ ਐਪ ਅਤੇ narendramodi.in ਪੋਰਟਲ ਅੱਜ ਵੀ ਆਪਣੇ ਡੋਨੇਸ਼ਨ ਪੇਜ 'ਤੇ ਇਨ੍ਹਾਂ ਸਰਕਾਰੀ ਯੋਜਨਾਵਾਂ ਵਿੱਚ ਯੋਗਦਾਨ ਪਾਉਣ ਦਾ ਫੀਚਰ ਵਿਖਾ ਰਹੇ ਹਨ।

ਚੇਨੱਈ ਦੇ ਸੀਨੀਅਰ ਪੱਤਰਕਾਰ ਅਤੇ ਸਥਿਆਮ ਟੀ.ਵੀ. ਦੇ ਨਿਊਜ਼ ਐਡੀਟਰ ਬੀ.ਆਰ. ਅਰਵਿੰਦਾਕਸ਼ਣ ਵੱਲੋਂ ਦਾਇਰ ਆਰ.ਟੀ.ਆਈ. ਅਰਜ਼ੀਆਂ ਨੂੰ ਮਿਲੇ ਜਵਾਬਾਂ ਤੋਂ ਪਤਾ ਚੱਲਿਆ ਹੈ ਕਿ ਭਾਜਪਾ ਨੂੰ ਇਨ੍ਹਾਂ ਸਰਕਾਰੀ ਯੋਜਨਾਵਾਂ ਲਈ ਧਨ ਜੁਟਾਉਣ ਦੀ ਕੋਈ ਵਿਸ਼ੇਸ਼ ਇਜਾਜ਼ਤ ਜਾਂ ਅਧਿਕਾਰਤ ਪ੍ਰਵਾਨਗੀ ਨਾ ਤਾਂ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਤੋਂ ਮਿਲੀ ਸੀ ਅਤੇ ਨਾ ਹੀ ਕਿਸੇ ਕੇਂਦਰੀ ਮੰਤਰਾਲੇ ਤੋਂ।

ਭਾਜਪਾ ਨੇ ਦਸੰਬਰ 2021 ਤੋਂ ਫਰਵਰੀ 2022 ਦੇ ਵਿਚਕਾਰ narendramodi.in ਅਤੇ ਨਮੋ ਐਪ ਵਰਗੇ ਨਿੱਜੀ ਪਲੇਟਫਾਰਮਾਂ ਰਾਹੀਂ ਚੰਦਾ ਇਕੱਠਾ ਕਰਨ ਦੀ ਮੁਹਿਮ ਵਿੱਢੀ ਸੀ। ਇਸ ਦੌਰਾਨ ਅਪੀਲ ਕੀਤੀ ਗਈ ਸੀ ਕਿ ਉਹ ਸਵੱਛ ਭਾਰਤ, ਬੇਟੀ ਬਚਾਓ- ਬੇਟੀ ਪੜ੍ਹਾਓ ਅਤੇ ਕਿਸਾਨ ਸੇਵਾ ਵਰਗੀਆਂ ਸਰਕਾਰੀ ਯੋਜਨਾਵਾਂ ਲਈ ਯੋਗਦਾਨ ਪਾਉਣ। ਵੈੱਬਸਾਈਟ ਅਤੇ ਐਪ 'ਤੇ ਭਾਜਪਾ ਨੂੰ ਚੰਦਾ ਦੇਣ ਸਮੇਂ ਯੋਗਦਾਨਕਾਰੀਆਂ ਨੂੰ ਇਨ੍ਹਾਂ ਤਿੰਨ ਯੋਜਨਾਵਾਂ ਵਿੱਚੋਂ ਇੱਕ ਨੂੰ ਚੁਣਨ ਲਈ ਕਿਹਾ ਗਿਆ ਅਤੇ 'ਪਾਰਟੀ ਫੰਡ' ਨੂੰ ਡੋਨੇਸ਼ਨ ਦਾ ਉਦੇਸ਼ ਦੱਸਿਆ ਗਿਆ।

ਹਾਲਾਂਕਿ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਾਲੇ ਮੰਤਰਾਲਿਆਂ ਨੇ ਆਰ.ਟੀ.ਆਈ. ਦੇ ਜਵਾਬ ਵਿੱਚ ਸਾਫ਼ ਕਿਹਾ ਹੈ ਕਿ ਕਿਸੇ ਵੀ ਪਲੇਟਫਾਰਮ ਨੂੰ ਇਨ੍ਹਾਂ ਯੋਜਨਾਵਾਂ ਲਈ ਧਨ ਜੁਟਾਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ।

25 ਦਸੰਬਰ 2021 ਨੂੰ ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਵਸ ਮੌਕੇ 'ਮਾਈਕ੍ਰੋ ਡੋਨੇਸ਼ਨ' ਮੁਹਿਮ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਇਹ ਮੁਹਿਮ 11 ਫਰਵਰੀ 2022, ਹਿੰਦੂਤਵ ਦੇ ਵਿਚਾਰਕ ਦੀਨਦਯਾਲ ਉਪਾਧਿਆਇ ਦੀ ਬਰਸੀ ਦੇ ਦਿਨ ਤੱਕ ਚੱਲੇਗੀ।

ਨੱਡਾ ਨੇ ਦੱਸਿਆ ਸੀ ਕਿ ਇਹ ਮੁਹਿਮ ਪਾਰਟੀ ਅਤੇ ਉਸ ਦੇ ਜਨ ਅੰਦੋਲਨ ਨੂੰ ਮਜਬੂਤ ਕਰਨ ਲਈ ਹੈ, ਪਰ ਦਾਨ ਦੇਣ ਵਾਲਿਆਂ ਨੂੰ ਇਹ ਵਿਕਲਪ ਵੀ ਦਿੱਤਾ ਗਿਆ ਕਿ ਉਹ ਪਾਰਟੀ ਫੰਡ ਦੀ ਬਜਾਏ ਸਰਕਾਰੀ ਯੋਜਨਾਵਾਂ ਵਿੱਚ ਯੋਗਦਾਨ ਪਾ ਸਕਦੇ ਹਨ।

ਇਸੇ ਦਿਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਆਪਣੇ ਐਕਸ (ਉਦੋਂ ਟਵਿੱਟਰ) ਅਕਾਊਂਟ ਤੋਂ ਇਸ ਮੁਹਿਮ ਦਾ ਸਮਰਥਨ ਕੀਤਾ ਸੀ ਅਤੇ 1,000 ਰੁਪਏ ਦਾ ਦਾਨ ਦੇਣ ਲਈ ਲੋਕਾਂ ਤੋਂ ਯੋਗਦਾਨ ਦੀ ਅਪੀਲ ਕੀਤੀ ਸੀ। ਉਨ੍ਹਾਂ ਨੇ ਲਿਖਿਆ ਸੀ, 'ਤੁਹਾਡਾ ਸਹਿਯੋਗ ਉਨ੍ਹਾਂ ਲੱਖਾਂ ਕਰਮਚਾਰੀਆਂ ਨੂੰ ਪ੍ਰੇਰਿਤ ਕਰੇਗਾ, ਜੋ ਰਾਸ਼ਟਰ ਨਿਰਮਾਣ ਲਈ ਨਿਸਵਾਰਥ ਰੂਪ ਵਿੱਚ ਕੰਮ ਕਰ ਰਹੇ ਹਨ।' ਪ੍ਰਧਾਨ ਮੰਤਰੀ ਦੀ ਇਸ ਅਪੀਲ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕਾਂ ਨੇ ਦਾਨ ਕੀਤਾ। ਹਾਲਾਂਕਿ ਇਹ ਮੁਹਿਮ ਫਰਵਰੀ 2022 ਵਿੱਚ ਸਮਾਪਤ ਹੋ ਗਈ ਸੀ, ਪਰ ਦੋਵੇਂ ਪਲੇਟਫਾਰਮ ਅੱਜ ਵੀ ਆਪਣੀਆਂ ਵੈੱਬਸਾਈਟਾਂ 'ਤੇ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਦਾਨ ਦੇਣ ਲਈ ਕਹਿ ਰਹੇ ਹਨ।

ਸਥਿਆਮ ਟੀ.ਵੀ. ਦੇ ਨਿਊਜ਼ ਐਡੀਟਰ ਅਰਵਿੰਦਾਕਸ਼ਣ ਨੇ ਇਨ੍ਹਾਂ ਦੋਹਾਂ ਮਾਧਿਅਮਾਂ ਰਾਹੀਂ ਹਰੇਕ ਸਰਕਾਰੀ ਯੋਜਨਾ ਲਈ 100 ਰੁਪਏ ਦਾ ਯੋਗਦਾਨ ਕੀਤਾ। ਇਸ ਲਈ ਉਨ੍ਹਾਂ ਨੂੰ ਜੋ ਆਨਲਾਈਨ ਰਸੀਦਾਂ ਮਿਲੀਆਂ, ਉਹ ਭਾਜਪਾ ਦੇ ਕੇਂਦਰੀ ਦਫ਼ਤਰ ਤੋਂ ਜਾਰੀ ਹੋਈਆਂ ਸਨ।

ਪੋਰਟਲ narendramodi.in/donation/ 'ਤੇ ਦਾਨ ਕਰਨ ਲਈ ਪੰਜ ਸ਼੍ਰੇਣੀਆਂ ਦਿੱਤੀਆਂ ਹਨ- ਸਵੱਛ ਭਾਰਤ, ਬੇਟੀ ਬਚਾਓ-ਬੇਟੀ ਪੜ੍ਹਾਓ ਆਦਿ।

ਅਰਵਿੰਦਾਕਸ਼ਣ ਨੇ ਕਿਹਾ, 'ਜਦੋਂ ਵੈੱਬਸਾਈਟ ਅਤੇ ਐਪ 'ਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦੇ ਨਾਮ ਵਿਖਾਈ ਦੇ ਰਹੇ ਸਨ, ਤਾਂ ਮੈਨੂੰ ਸੁਭਾਵਕ ਰੂਪ ਵਿੱਚ ਲੱਗਾ ਕਿ ਦਾਨ ਉਨ੍ਹਾਂ ਹੀ ਯੋਜਨਾਵਾਂ ਲਈ ਹੈ। ਇਸੇ ਵਿਸ਼ਵਾਸ ਕਾਰਨ ਮੈਂ ਅਤੇ ਹੋਰ ਨਾਗਰਿਕਾਂ ਨੇ ਯੋਗਦਾਨ ਕੀਤਾ।'


ਇਸ ਤੋਂ ਬਾਅਦ ਜਨਵਰੀ ਅਤੇ ਫਰਵਰੀ 2022 ਦੇ ਵਿਚਕਾਰ ਅਰਵਿੰਦਾਕਸ਼ਣ ਨੇ ਇਨ੍ਹਾਂ ਤਿੰਨਾਂ ਯੋਜਨਾਵਾਂ ਲਈ ਜ਼ਿੰਮੇਵਾਰ ਮੰਤਰਾਲਿਆਂ ਨੂੰ ਕਈ ਆਰ.ਟੀ.ਆਈ. ਪੱਤਰ ਭੇਜੇ। ਸਾਰੇ ਮੰਤਰਾਲਿਆਂ ਨੇ ਇਹ ਸਪੱਸ਼ਟ ਕੀਤਾ ਕਿ ਭਾਜਪਾ ਨੂੰ ਇਨ੍ਹਾਂ ਯੋਜਨਾਵਾਂ ਲਈ ਧਨ ਜੁਟਾਉਣ ਦੀ ਕੋਈ ਇਜਾਜ਼ਤ ਜਾਂ ਵਿਸ਼ੇਸ਼ ਪ੍ਰਵਾਨਗੀ ਨਹੀਂ ਦਿੱਤੀ ਗਈ ਸੀ।

ਜਲ ਸ਼ਕਤੀ ਮੰਤਰਾਲੇ ਦੇ ਗ੍ਰਾਮੀਣ ਸਵੱਛ ਭਾਰਤ ਮਿਸ਼ਨ ਵਿਭਾਗ ਨੇ ਆਪਣੇ ਜਵਾਬ ਵਿੱਚ ਕਿਹਾ, 'ਸਵੱਛ ਭਾਰਤ ਪ੍ਰੋਜੈਕਟਾਂ ਲਈ ਕਿਸੇ ਐੱਨ.ਜੀ.ਓ. ਜਾਂ ਵਿਅਕਤੀ ਵੱਲੋਂ ਧਨ ਜੁਟਾਉਣ ਦੀ ਕੋਈ ਵਿਵਸਥਾ ਨਹੀਂ ਹੈ।'

ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਸੀ.ਪੀ.ਆਈ.ਓ. ਰਚਨਾ ਬੋਲੀਮੇਰਾ ਨੇ ਵੀ ਆਰ.ਟੀ.ਆਈ. ਦੇ ਜਵਾਬ ਵਿੱਚ ਲਿਖਿਆ, 'ਬੇਟੀ ਬਚਾਓ-ਬੇਟੀ ਪੜ੍ਹਾਓ ਯੋਜਨਾ ਲਈ ਨਮੋ ਐਪ ਰਾਹੀਂ ਧਨ ਜੁਟਾਉਣ ਦੀ ਕੋਈ ਵਿਸ਼ੇਸ਼ ਇਜਾਜ਼ਤ ਨਹੀਂ ਦਿੱਤੀ ਗਈ ਹੈ।'

ਕਿਸਾਨ ਮੰਤਰਾਲੇ ਵੱਲੋਂ ਵਿਭਾਗ ਦੇ ਨਿਰਦੇਸ਼ਕ ਵਿਜੇ ਰਾਜ ਮੋਹਨ ਨੇ ਕਿਹਾ ਕਿ 'ਵਿਭਾਗ ਵੱਲੋਂ ਅਜਿਹੇ ਕਿਸੇ ਐਪ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ ਹੈ ਅਤੇ ਭਾਰਤ ਸਰਕਾਰ ਕਿਸਾਨਾਂ ਜਾਂ ਕਿਸਾਨੀ ਨਾਲ ਸਬੰਧਤ ਕਿਸੇ ਵੀ ਕਲਿਆਣਕਾਰੀ ਐਪ ਲਈ ਧਨ ਨਹੀਂ ਜੁਟਾਉਂਦੀ।'

ਇਸੇ ਦੌਰਾਨ ਅਰਵਿੰਦਾਕਸ਼ਣ ਨੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨੀਕ ਮੰਤਰਾਲੇ ਤੋਂ ਵੀ ਨਮੋ ਐਪ ਅਤੇ narendramodi.in ਦੀ ਜਾਇਜ਼ਤਾ ਬਾਰੇ 16 ਸਵਾਲ ਪੁੱਛੇ। ਮੰਤਰਾਲੇ ਨੇ ਪੱਤਰ ਪੀ.ਐਮ.ਓ. ਨੂੰ ਟ੍ਰਾਂਸਫਰ ਕਰ ਦਿੱਤਾ, ਜਿਸ ਨੇ ਜਵਾਬ ਵਿੱਚ ਕਿਹਾ ਕਿ 'ਮੰਗੀ ਗਈ ਜਾਣਕਾਰੀ ਇਸ ਦਫ਼ਤਰ ਦੇ ਰਿਕਾਰਡ ਦਾ ਹਿੱਸਾ ਨਹੀਂ ਹੈ।'



ਬਾਅਦ ਵਿੱਚ ਇਹ ਪੱਤਰ ਨੈਸ਼ਨਲ ਈ-ਗਵਰਨੈਂਸ ਡਿਵੀਜ਼ਨ ਅਤੇ ਮਾਈਗਵ (myGov) ਯੂਨਿਟ, ਡਿਜੀਟਲ ਇੰਡੀਆ ਕਾਰਪੋਰੇਸ਼ਨ ਨੂੰ ਭੇਜਿਆ ਗਿਆ, ਜਿਨ੍ਹਾਂ ਦਾ ਉੱਤਰ ਵੀ ਇਹ ਹੀ ਸੀ ਕਿ ਇਹ ਜਾਣਕਾਰੀ ਉਨ੍ਹਾਂ ਦੇ ਰਿਕਾਰਡ ਵਿੱਚ ਉਪਲਬਧ ਨਹੀਂ ਹੈ।

ਕਈ ਯਤਨਾਂ ਤੋਂ ਬਾਅਦ ਅਰਵਿੰਦਾਕਸ਼ਣ ਨੂੰ 10 ਅਕਤੂਬਰ 2023 ਨੂੰ ਪੀ.ਐਮ.ਓ. ਤੋਂ ਠੋਸ ਜਵਾਬ ਮਿਲਿਆ। ਉਨ੍ਹਾਂ ਨੇ ਪੀ.ਐਮ.ਓ. ਤੋਂ ਤਿੰਨ ਸਵਾਲ ਪੁੱਛੇ ਸਨ:

-ਕੀ ਪ੍ਰਧਾਨ ਮੰਤਰੀ ਦੇ ਨਾਮ ਨਾਲ ਕੋਈ ਅਧਿਕਾਰਕ ਐਪ ਬਣਾਇਆ ਗਿਆ ਹੈ?

-ਪੀ.ਐਮ.ਓ. ਦਾ ਐਕਸ ਅਕਾਊਂਟ ਕੌਣ ਚਲਾਉਂਦਾ ਹੈ?

-ਅਤੇ ਕੀ ਨਮੋ ਐਪ ਦਾ ਪੀ.ਐਮ.ਓ. ਨਾਲ ਕੋਈ ਸਬੰਧ ਹੈ?

ਪੀ.ਐਮ.ਓ. ਨੇ 16 ਨਵੰਬਰ 2023 ਨੂੰ ਆਪਣੇ ਜਵਾਬ ਵਿੱਚ ਕਿਹਾ ਕਿ 'ਪ੍ਰਧਾਨ ਮੰਤਰੀ ਦੇ ਨਾਮ ਨਾਲ ਕੋਈ ਅਧਿਕਾਰਕ ਐਪ ਨਹੀਂ ਹੈ।' ਨਾਲ ਹੀ ਇਹ ਵੀ ਕਿਹਾ ਕਿ ਪੀ.ਐਮ.ਓ. ਦੇ ਸੋਸ਼ਲ ਮੀਡੀਆ ਅਕਾਊਂਟ ਕਿਸੇ ਇੱਕ ਵਿਅਕਤੀ ਵੱਲੋਂ ਨਹੀਂ ਸਗੋਂ ਕਈ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਏ ਜਾਂਦੇ ਹਨ।

ਨਮੋ ਐਪ ਅਤੇ ਪੀ.ਐਮ.ਓ. ਵਿਚਕਾਰ ਕਿਸੇ ਸਬੰਧ ਬਾਰੇ ਕਿਹਾ ਗਿਆ ਕਿ 'ਮੰਗੀ ਗਈ ਜਾਣਕਾਰੀ ਇਸ ਦਫ਼ਤਰ ਦੇ ਰਿਕਾਰਡ ਦਾ ਹਿੱਸਾ ਨਹੀਂ ਹੈ।'

ਤਿੰਨ ਮੰਤਰਾਲਿਆਂ ਦੇ ਇਨ੍ਹਾਂ ਜਵਾਬਾਂ ਤੋਂ ਸਪੱਸ਼ਟ ਹੋ ਗਿਆ ਕਿ ਭਾਜਪਾ ਵੱਲੋਂ ਚਲਾਈ ਗਈ 'ਮਾਈਕ੍ਰੋ ਡੋਨੇਸ਼ਨ' ਮੁਹਿਮ ਕੇਂਦਰ ਸਰਕਾਰ ਜਾਂ ਕਿਸੇ ਸਰਕਾਰੀ ਵਿਭਾਗ ਨਾਲ ਅਧਿਕਾਰਤ ਨਹੀਂ ਸੀ।

8 ਦਸੰਬਰ 2025 ਨੂੰ ਅਰਵਿੰਦਾਕਸ਼ਣ ਨੇ ਚੇਨੱਈ ਦੇ ਪੁਲਿਸ ਕਮਿਸ਼ਨਰ ਅਤੇ ਕੇਂਦਰੀ ਤਫ਼ਤੀਸ਼ ਬਿਊਰੋ (ਸੀ.ਬੀ.ਆਈ.) ਦੇ ਖੇਤਰੀ ਨਿਰਦੇਸ਼ਕ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿੱਚ ਜਾਂਚ ਦੀ ਮੰਗ ਕੀਤੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪ੍ਰਧਾਨ ਮੰਤਰੀ, ਸਬੰਧਤ ਚਾਰ ਮੰਤਰਾਲਿਆਂ ਦੇ ਸਕੱਤਰਾਂ ਅਤੇ ਗ੍ਰਹਿ ਮੰਤਰਾਲੇ ਨੂੰ ਵੀ ਸ਼ਿਕਾਇਤ ਭੇਜੀ ਸੀ। ਅਰਵਿੰਦਾਕਸ਼ਣ ਨੇ ਆਪਣੇ ਪੱਤਰ ਵਿੱਚ ਕਿਹਾ, 'ਪ੍ਰਧਾਨ ਮੰਤਰੀ ਅਤੇ ਭਾਜਪਾ ਆਗੂਆਂ ਦੀ ਅਪੀਲ 'ਤੇ ਨਾਗਰਿਕਾਂ ਨੂੰ, ਜਿਨ੍ਹਾਂ ਵਿੱਚ ਮੈਂ ਵੀ ਸ਼ਾਮਲ ਹਾਂ, ਇਹ ਵਿਸ਼ਵਾਸ ਹੋ ਗਿਆ ਸੀ ਕਿ ਉਹ ਪਾਰਟੀ ਦੇ ਨਾਲ ਨਾਲ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਈ ਵੀ ਯੋਗਦਾਨ ਪਾ ਰਹੇ ਹਨ। ਪਰ ਅਸਲੀਅਤ ਵਿੱਚ ਰਸੀਦਾਂ ਭਾਜਪਾ ਦੇ ਕੇਂਦਰੀ ਦਫ਼ਤਰ ਤੋਂ ਜਾਰੀ ਹੋਈਆਂ, ਜਦਕਿ ਮੰਤਰਾਲਿਆਂ ਨੇ ਇਸ ਤਰ੍ਹਾਂ ਦੇ ਕਿਸੇ ਚੰਦਾ ਮੁਹਿਮ ਦੀ ਇਜਾਜ਼ਤ ਤੋਂ ਇਨਕਾਰ ਕੀਤਾ ਹੈ।'

ਅਰਵਿੰਦਾਕਸ਼ਣ ਨੇ ਦੋਸ਼ ਲਗਾਇਆ ਕਿ ਚੰਦਾ ਲੈਣ ਦੀ ਇਹ ਮੁਹਿਮ ਪਾਰਦਰਸ਼ੀ ਨਹੀਂ ਸੀ ਅਤੇ ਦਾਨਕਾਰੀਆਂ ਨੂੰ ਇਹ ਜਾਣਕਾਰੀ ਨਹੀਂ ਦਿੱਤੀ ਗਈ ਕਿ ਉਨ੍ਹਾਂ ਦੀ ਰਕਮ ਸਰਕਾਰ ਤੱਕ ਕਦੋਂ ਅਤੇ ਕਿਵੇਂ ਪਹੁੰਚੇਗੀ। ਉਨ੍ਹਾਂ ਨੇ ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੂੰ ਪੱਤਰ ਲਿਖ ਕੇ ਇਹ ਪੁੱਛਣ ਦੀ ਕੋਸ਼ਿਸ਼ ਵੀ ਕੀਤੀ ਕਿ ਕੁੱਲ ਕਿੰਨਾ ਧਨ ਜੁਟਾਇਆ ਗਿਆ ਅਤੇ ਕੀ ਇਸ ਨੂੰ ਸਰਕਾਰ ਨੂੰ ਸੌਂਪਿਆ ਗਿਆ ਜਾਂ ਨਹੀਂ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ।

ਸੀਨੀਅਰ ਪੱਤਰਕਾਰ ਦਾ ਕਹਿਣਾ ਹੈ ਕਿ ਪਹਿਲੀ ਨਜ਼ਰੇ ਇਹ ਮਾਮਲਾ ਭਾਰਤੀ ਜਨਤਾ ਪਾਰਟੀ ਵੱਲੋਂ 'ਧੋਖਾਧੜੀ, ਆਪਰਾਧਿਕ ਵਿਸ਼ਵਾਸਘਾਤ, ਆਪਰਾਧਿਕ ਸਾਜ਼ਿਸ਼ ਅਤੇ ਭਾਰਤੀ ਦੰਡ ਸੰਹਿਤਾ, 1860 ਦੇ ਹੋਰ ਅਪਰਾਧਾਂ' ਨਾਲ ਜੁੜਿਆ ਜਾਪਦਾ ਹੈ। ਇਸ ਤੋਂ ਇਲਾਵਾ ਜੇਕਰ ਕਿਸੇ ਸਰਕਾਰੀ ਅਧਿਕਾਰੀ ਦੀ ਇਸ ਵਿੱਚ ਭੂਮਿਕਾ ਜਾਂ ਅਹੁਦੇ ਦੀ ਦੁਰਵਰਤੋਂ ਦੀ ਪੁਸ਼ਟੀ ਹੁੰਦੀ ਹੈ, ਤਾਂ ਇਹ ਭ੍ਰਿਸ਼ਟਾਚਾਰ ਨਿਵਾਰਨ ਐਕਟ-1988 ਅਧੀਨ ਵੀ ਅਪਰਾਧ ਮੰਨਿਆ ਜਾ ਸਕਦਾ ਹੈ। ਨਾਲ ਹੀ ਇਹ ਮਾਮਲਾ ਲੋਕ-ਨੁਮਾਇੰਦਾ ਐਕਟ, 1951 ਅਤੇ ਰਾਜਨੀਤਿਕ ਦਲਾਂ ਦੇ ਚੰਦਾ ਨਿਯਮਾਂ ਦੇ ਉਲੰਘਣ ਦੀ ਸ਼੍ਰੇਣੀ ਵਿੱਚ ਵੀ ਆ ਸਕਦਾ ਹੈ।

ਅਰਵਿੰਦਾਕਸ਼ਣ ਨੇ 'ਦ ਵਾਇਰ' ਨੂੰ ਕਿਹਾ, 'ਮੈਂ 7 ਮਾਰਚ 2022 ਨੂੰ ਭਾਜਪਾ ਆਗੂ ਨੂੰ ਪੱਤਰ ਲਿਖ ਕੇ ਪੁੱਛਿਆ ਸੀ ਕਿ ਕੀ ਭਾਜਪਾ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਮਿਲੀ ਦਾਨ ਦੀ ਰਕਮ ਨੂੰ ਸਰਕਾਰ ਨੂੰ ਸੌਂਪੇਗੀ? ਪਰ ਕੋਈ ਉੱਤਰ ਨਹੀਂ ਮਿਲਿਆ। ਜੇਕਰ ਕੇਂਦਰ ਸਰਕਾਰ ਮੇਰੀ ਸ਼ਿਕਾਇਤ 'ਤੇ ਕਾਰਵਾਈ ਨਹੀਂ ਕਰਦੀ, ਤਾਂ ਮੈਂ ਅਦਾਲਤ ਜਾਵਾਂਗਾ।' ਉਨ੍ਹਾਂ ਨੇ ਕਿਹਾ ਕਿ ਸਰਕਾਰੀ ਯੋਜਨਾਵਾਂ ਦੇ ਨਾਮ 'ਤੇ ਚੰਦਾ ਇਕੱਠਾ ਕਰਨਾ ਭਾਰਤੀ ਨਾਗਰਿਕਾਂ ਨੂੰ ਗੁੰਮਰਾਹ ਕਰਨ ਦਾ ਮਾਮਲਾ ਹੈ।


*('ਦ ਵਾਇਰ' ਤੋਂ ਧੰਨਵਾਦ ਸਹਿਤ)*

# 'ਸ਼ਹਾਦਤ: ਸਬਰ, ਸਿਦਕ ਤੇ ਸ਼ਮਸ਼ੀਰ' ਸਬੰਧੀ ਸੈਮੀਨਾਰ

**ਸ਼ਿਕਾਗੋ:** ਕੁਨੈਕਸ ਵੱਲੋਂ ਗੁਰੂ ਤੇਗ਼ ਬਹਾਦੁਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਯਾਦ ਵਿੱਚ ਇੱਕ ਸੈਮੀਨਾਰ ਗੁਰਦੁਆਰਾ ਸਾਹਿਬ ਪੈਲਾਟਾਈਨ ਵਿੱਚ 'ਸ਼ਹਾਦਤ: ਸਬਰ, ਸਿਦਕ ਤੇ ਸ਼ਮਸ਼ੀਰ' ਵਿਸ਼ੇ ਉਤੇ ਲੰਘੇ ਦਿਨੀਂ ਕਰਵਾਇਆ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਹੀਦਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਇਨ੍ਹਾਂ ਸ਼ਹਾਦਤਾਂ ਨੂੰ ਕਿਸੇ ਦੁਨਿਆਵੀ ਭੂਗੋਲਿਕ ਇਕਾਈ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਖਾਸ ਮੱਤ ਜਾਂ ਖਾਸ ਫਿਰਕੇ ਦੀ ਕੇਵਲ ਰੱਖਿਆ ਤੱਕ ਸੀਮਤ ਕੀਤਾ ਜਾ ਸਕਦਾ ਹੈ। ਇਸ ਮੌਕੇ ਨੌਵੇਂ ਪਾਤਸ਼ਾਹ ਦੀ ਨਿਰਸਵਾਰਥ ਕੁਰਬਾਨੀ ਨੂੰ ਯਾਦ ਕਰਦਿਆਂ ਵਿਚਾਰ ਪ੍ਰਗਟਾਏ ਗਏ ਕਿ ਗੁਰੂ ਜੀ ਦੀ ਕੁਰਬਾਨੀ ਹਮੇਸ਼ਾ ਮਾਨਵਤਾ ਨੂੰ ਪ੍ਰੇਰਿਤ ਕਰਦੀ ਰਹੇਗੀ। ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਤੇ ਉਨ੍ਹਾਂ ਦੀ ਬਾਣੀ ਦਾ ਜਾਪ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

ਸੈਮੀਨਾਰ ਦੇ ਮੁੱਢ ਵਿਚ ਬੋਲਦਿਆਂ ਡਾ. ਸਵਰਨਜੀਤ ਸਿੰਘ ਨੇ ਕਿਹਾ ਕਿ ਸਾਡੀ ਤਵਾਰੀਖ ਦੇ ਪੰਨੇ ਸ਼ਹਾਦਤਾਂ ਦੇ ਦੌਰ ਨਾਲ ਸਰਸਾਰ ਹਨ। ਸ਼ਹਾਦਤ ਇਬਾਦਤ ਵਿੱਚੋਂ ਪੈਦਾ ਹੁੰਦੀ ਹੈ। ਬੰਦਗੀ ਬਖ਼ਸ਼ਿਸ਼ ਨਾਲ ਮਿਲਦੀ ਹੈ ਅਤੇ ਬਖਸ਼ਿਸ਼ ਸਬਰ ਨੂੰ ਜਨਮ ਦਿੰਦੀ ਹੈ। ਸਬਰ ਅੰਤਰ ਆਤਮਾ ਨੂੰ ਕੁਦਰਤ ਦੇ ਖਾਲਸ ਰਾਹਾਂ ਨਾਲ ਜੋੜਦਾ ਮਨੁੱਖ ਅੰਦਰ ਵਿਸ਼ਮਾਦ ਦੇ ਅਕਾਲ ਪਰਖ ਦੇ ਰੰਗ ਵਿੱਚ ਰੰਗੇ ਗੁਰਮਖ ਦੇ ਨਕਸ਼ ਨੂੰ ਸਿਰਜਦਾ ਹੈ। ਸਬਰ ਦੇ ਰੰਗ ਵਿੱਚ ਰੱਤੀਆਂ ਰੂਹਾਨੀ ਰੂਹਾਂ ਵਕਤ ਦੀ ਨਜ਼ਾਕਤ ਦੀ ਹਿੱਕ 'ਤੇ ਕਾਲ ਅਤੇ ਅਕਾਲ ਦੇ ਜਗਤ ਵਿੱਚ ਆਪਣੇ ਅਕਾਲ ਪੁਰਖ ਨਾਲ ਜੁੜੇ ਹੋਣ ਦੀ ਗਵਾਹੀ ਦਿੰਦੀਆਂ ਸਿਦਕ ਦੇ ਰਾਹਾਂ ਦਾ ਆਗਾਜ਼ ਕਰਦੀਆਂ ਹਨ। ਇਸ ਗਵਾਹੀ ਦੀ ਪਰਖ ਦਾ ਰਾਹ ਭਾਵੇਂ ਅਮਨਪੂਰਵਕ ਵਾਲਾ ਹੋਵੇ, ਚਾਹੇ ਸ਼ਮਸ਼ੀਰਾਂ ਦੇ ਵਜਦ ਨੂੰ ਪਰਖਣ ਵਾਲਾ ਜੰਗ ਦਾ ਮੈਦਾਨ ਹੋਵੇ। ਅਮਨਪੂਰਵਕ ਸ਼ਹਾਦਤ ਜਾਲਮ ਦੀਆਂ ਸ਼ਮਸ਼ੀਰਾਂ ਅੱਗੇ ਆਪਣੇ ਸਿਦਕ ਨੂੰ ਕਾਇਮ ਰੱਖਦੀਆਂ ਹਨ ਅਤੇ ਜੰਗ ਦੇ ਮੈਦਾਨ ਵਿੱਚ ਜਾਲਮ ਦੀਆਂ ਤਲਵਾਰਾਂ ਦਾ ਰੁਖ ਸ਼ਮਸ਼ੀਰਾਂ ਨਾਲ ਮੋੜ ਕੇ ਕਿਰਪਾਨ ਦਾ ਜਗਤ ਏਕ ਨੂਰ ਦੀ ਸਥਾਪਨਾ ਵਿੱਚ ਉਸਾਰਦੀਆਂ ਹਨ।

ਗੁਰੂ ਤੇਗ਼ ਬਹਾਦੁਰ ਸਾਹਿਬ ਦੀ ਸ਼ਹਾਦਤ ਦੇ ਚਾਰ ਪੜਾਅ- ਕਰਤਾਰਪੁਰ ਸਾਹਿਬ ਦੀ ਜੰਗ, ਬੰਦਗੀ, ਯਾਤਰਾਵਾਂ ਅਤੇ ਸ਼ਹੀਦੀ ਹਨ। ਸ਼ਹੀਦੀ ਦੇ ਆਖ਼ਰੀ ਪਲਾਂ ਵਿੱਚ ਉਨ੍ਹਾਂ ਦੀ ਸ਼ਹਾਦਤ ਤੋਂ ਪਹਿਲਾਂ ਸ਼ਹਾਦਤ ਦੇ ਰਾਹਾਂ ਨੂੰ ਸਿਜਦਾ ਕਰਨ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਗੁਜ਼ਰਦੇ ਹਨ। ਗੁਰੂ ਸਾਹਿਬ ਦੀ ਸ਼ਹਾਦਤ ਸ੍ਰਿਸ਼ਟੀ ਦੇ ਖਾਲਸ ਰੂਪ ਦੀ ਨੁਹਾਰ ਨੂੰ ਕਾਇਮ ਰੱਖਣ ਵਾਲੇ ਨਿਰਭਉ ਤੇ ਨਿਰਵੈਰ ਰੂਪੀ ਜਗਤ ਹੈ ਅਤੇ ਇਸ ਜਗਤ ਦਾ ਵਾਲੀ ਸੱਚਾ ਪਾਤਸ਼ਾਹ ਹੈ, ਨਾ ਕਿ ਦੁਨਿਆਵੀ ਲੁੱਟ ਅਤੇ ਆਪਣੇ ਹੀ ਦੀਨ ਤੋਂ ਕੋਰੇ ਦੁਨੀਆਦਾਰ ਬਾਦਸ਼ਾਹ।



ਡਾ. ਸਵਰਨਜੀਤ ਸਿੰਘ, ਸਤਿੰਦਰ ਸਿੰਘ ਸੁਸਾਣਾ, ਓਂਕਾਰ ਸਿੰਘ ਢਿੱਲੋਂ, ਸਤਨਾਮ ਸਿੰਘ ਔਲਖ, ਬਲਵਿੰਦਰ ਸਿੰਘ ਸੋਹਲ ਅਤੇ ਬੀਬੀ ਨਵਰੂਪ ਕੌਰ

ਅਕਾਲ ਪੁਰਖ ਦੇ ਬਖਸ਼ੇ ਸਿੱਖੀ ਦੇ ਇਨ੍ਹਾਂ ਰਾਹਾਂ ਨੂੰ ਸਿਜਦਾ ਕਰਦੇ ਹੋਏ ਅਨੇਕਾਂ ਹੀ ਨੇ ਇਨ੍ਹਾਂ ਰਾਹਾਂ 'ਤੇ ਤੁਰਦਿਆਂ ਸ਼ਹਾਦਤਾਂ ਦੇ ਸੈਲਾਬ ਨੂੰ ਜਨਮ ਦਿੱਤਾ।

ਗੁਰਦੁਆਰਾ ਸਾਹਿਬ ਦੀ ਧਾਰਮਿਕ ਕਮੇਟੀ ਦੇ ਚੇਅਰਮੈਨ ਸਤਿੰਦਰ ਸਿੰਘ ਸੁਸਾਣਾ ਨੇ ਆਪਣੀ ਤਕਰੀਰ ਵਿੱਚ ਕਿਹਾ ਕਿ ਸ਼ਹਾਦਤ, ਸਬਰ, ਸਿਦਕ ਅਤੇ ਸ਼ਮਸ਼ੀਰ- ਚਾਰ ਵੱਖਰੀਆਂ ਧਾਰਨਾਵਾਂ ਨਹੀਂ, ਸਗੋਂ ਇੱਕ ਸੰਪੂਰਨ ਜੀਵਨ ਫਲਸਫੇ ਦੇ ਪੜਾਅ ਹਨ। ਸਭ ਤੋਂ ਪਹਿਲਾਂ ਸਿਦਕ ਮਨੁੱਖ ਨੂੰ ਸੱਚੇ ਰਾਹ 'ਤੇ ਖੜ੍ਹੇ ਹੋਣ ਦੀ ਪ੍ਰੇਰਨਾ ਦਿੰਦਾ ਹੈ; ਫਿਰ ਸਬਰ ਉਸ ਨੂੰ ਜ਼ੁਲਮ ਸਹਿਣ ਦਾ ਬਲ ਬਖਸ਼ਦਾ ਹੈ; ਜੇਕਰ ਸਬਰ ਕੰਮ ਨਾ ਕਰੇ, ਤਾਂ ਸ਼ਹਾਦਤ ਕੁਰਬਾਨੀ ਦੇ ਕੇ ਜ਼ਾਲਮ ਨੂੰ ਸ਼ਰਮਸਾਰ ਕਰਦੀ ਹੈ; ਅਤੇ ਅੰਤ ਵਿੱਚ ਜੇ ਸਭ ਕੁਝ ਨਾਕਾਮ ਹੋ ਜਾਵੇ, ਤਾਂ ਸ਼ਮਸ਼ੀਰ ਨਿਆਂ ਦੀ ਸਥਾਪਨਾ ਲਈ ਇੱਕ ਆਖਰੀ ਸਾਧਨ ਬਣ ਜਾਂਦਾ ਹੈ। ਇਹ ਸਿਧਾਂਤ ਸਾਨੂੰ ਸਿਖਾਉਂਦੇ ਕਿ ਸਿਦਕ ਨਿਸਚੇ ਦਾ ਅਟੱਲ ਪਹਾੜ ਹੈ ਅਤੇ ਸਬਰ ਆਤਿਮਕ ਬਲ ਤੇ ਸਹਿਣਸ਼ੀਲਤਾ ਦਾ ਨਾਂ ਹੈ। ਸ਼ਹਾਦਤ ਸਿਦਕ ਦੀ ਅੰਤਿਮ ਪ੍ਰੀਖਿਆ ਅਤੇ ਸ਼ਮਸ਼ੀਰ ਨਿਆਂ ਦੀ ਆਖਰੀ ਢਾਲ ਹੈ।

ਗੁਰੂ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੋੜ ਸੀ, ਜਿਸ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ, ਗੁਰੂ ਗੋਬਿੰਦ ਸਿੰਘ ਜੀ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਸ਼ਮਸ਼ੀਰ (ਤਲਵਾਰ) ਚੁੱਕਣ ਦਾ ਰਾਹ ਅਪਣਾਇਆ। ਗੁਰੂ ਜੀ ਦੀ ਕੁਰਬਾਨੀ ਸਾਨੂੰ ਸਿਖਾਉਂਦੀ ਹੈ ਕਿ ਮਨੁੱਖੀ ਅਧਿਕਾਰਾਂ ਅਤੇ ਸਿਧਾਂਤਾਂ ਦੀ ਰਾਖੀ ਲਈ ਸਾਨੂੰ ਹਮੇਸ਼ਾ ਸਿਦਕ ਨਾਲ ਸਬਰ ਕਰਦੇ ਹੋਏ, ਲੋੜ ਪੈਣ 'ਤੇ ਸ਼ਹਾਦਤ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਓਂਕਾਰ ਸਿੰਘ ਢਿੱਲੋਂ ਨੇ ਇਨ੍ਹਾਂ ਲਾਸਾਨੀ ਸ਼ਹਾਦਤਾਂ ਨੂੰ ਵੇਦਨਾਮਈ ਲਹਿਜੇ ਵਿੱਚ ਬਿਆਨ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਵੇਲੇ ਦੇ ਸਿੱਖਾਂ ਵਰਗੇ ਬਣਨਾ ਚਾਹੀਦਾ ਹੈ। ਗੁਰਬਾਣੀ ਦਾ ਵਾਸ ਸਾਡੇ ਜੀਵਨ ਵਿੱਚ ਹੋਣਾ ਚਾਹੀਦਾ ਹੈ। ਅਸੀ ਅੱਜ ਗੁਰਬਾਣੀ ਨਾਲੋਂ ਟੁੱਟੇ ਹੋਏ ਹਾਂ ਤੇ ਜ਼ਿੰਦਗੀ ਵਿੱਚ ਖੁਆਰ ਹੋ ਰਹੇ ਹਾਂ।

ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਜੁਆਇੰਟ ਸਕੱਤਰ ਡਾ. ਬਲਵਿੰਦਰ ਸਿੰਘ ਸੋਹਲ ਨੇ ਗੁਰੂ ਸਾਹਿਬ ਨਾਲ ਜੁੜੀਆਂ ਇਤਿਹਾਸਕ ਥਾਂਵਾਂ ਦਾ ਜ਼ਿਕਰ ਕਰਦਿਆਂ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਕਾਵਿਕ-ਅੰਦਾਜ਼ ਵਿੱਚ ਬਿਆਨ ਕੀਤਾ।

ਸਤਨਾਮ ਸਿੰਘ ਔਲਖ ਨੇ ਨਿਸ਼ਕਾਮ ਸੇਵਾ ਵਜੋਂ ਕੀਤੇ ਕਾਰਜਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਣ ਕਰਨ ਦੀ ਗੱਲ ਕਰਦਿਆਂ ਰੁੱਖਾਂ ਦੀ ਮਹਾਨਤਾ ਬਾਰੇ ਗੱਲ ਕੀਤੀ ਅਤੇ ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਤਰਲੋਚਨ ਸਿੰਘ ਮੁਲਤਾਨੀ ਨੇ ਇਸ ਕਾਰਜ ਵਿੱਚ ਸਟੇਜ ਸਕੱਤਰ ਦੀ ਸੇਵਾ ਨਿਭਾਈ।


ਸੈਮੀਨਾਰ ਦਾ ਇੱਕ ਅਹਿਮ ਪੱਖ ਨੌਜਵਾਨ ਵਰਗ ਦੀ ਸ਼ਮੂਲੀਅਤ ਦਾ ਹੋਣਾ ਸੀ। ਬੀਬੀ ਨਵਰੂਪ ਕੌਰ ਨੇ ਆਪਣੀ ਤਕਰੀਰ ਰਾਹੀਂ ਤਵਾਰੀਖ ਵਿਚਲੇ ਸ਼ਹਾਦਤਾਂ ਦੇ ਦੌਰ ਨੂੰ ਸੰਕੇਤਕ ਤੌਰ 'ਤੇ ਵਰਤਦਿਆਂ ਗੁਰੂ ਸਾਹਿਬ ਦੀ ਸ਼ਹਾਦਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ। ਹਰਕੀਰਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਤੇ ਸ਼ਹਾਦਤ ਨਾਲ ਸਬੰਧਤ ਪ੍ਰਸ਼ਨਾਂ ਨੂੰ ਸਾਹਮਣੇ ਲਿਆਂਦਾ, ਜਿਸ ਦਾ ਹਾਜ਼ਰ ਸੰਗਤ ਮੈਂਬਰਾਂ ਨੇ ਜਵਾਬ ਦੇਣ ਲਈ ਆਪੋ-ਆਪਣੇ ਵਿਚਾਰ ਰੱਖੇ।

ਇਹ ਕਾਰਜ ਸੈਮੀਨਾਰ ਨੂੰ ਇੱਕ ਗੋਸ਼ਟ ਦੇ ਰੂਪ ਵਿਚ ਸਮੇਟਣ ਵਾਲਾ ਕਾਰਜ ਸੀ, ਜੋ ਸਬਰ ਦੇ ਨਾਲ ਨਾਲ ਕੌਮ ਵਿੱਚ ਗੁਰਬਾਣੀ ਤੇ ਇਤਿਹਾਸ ਨੂੰ ਸ਼ਿੱਦਤ ਨਾਲ ਵਿਚਾਰਨ ਦੇ ਰਾਹਾਂ ਨੂੰ ਸਿਰਜਦਾ ਹੈ।

# ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਧਾਰਮਿਕ ਸਮਾਗਮ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਵੱਲੋਂ ਪਿਛਲੇ ਦਿਨੀਂ ਦੀਵਾਨ ਹਾਲ ਵਿੱਚ ਧਾਰਮਿਕ ਸਮਾਗਮ ਕੀਤਾ ਗਿਆ, ਜੋ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸੀ। ਇਸ ਮੌਕੇ ਸਕੂਲ ਦੇ ਵੱਖ-ਵੱਖ ਲੈਵਲਾਂ ਦੇ ਬੱਚਿਆਂ ਵੱਲੋਂ ਗੁਰੂ ਨਾਨਕ






ਬਾਣੀ ਦਾ ਗਾਇਕ ਕੀਤਾ ਗਿਆ। ਇਸ ਮੌਕੇ ਬੱਚਿਆਂ ਵੱਲੋਂ ਤਿਆਰ ਕੀਤੇ ਵੱਖ-ਵੱਖ ਚਿੱਤਰਾਂ ਅਤੇ ਕਾਗਜ਼ਾਂ ਉਤੇ ਗੁਰਮਤਿ ਸ਼ਬਦਾਂ ਅਤੇ ਗੁਰਮੁਖੀ ਲਿਪੀ ਦੇ ਉਤਾਰਿਆਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਹਾਲਾਂਕਿ ਗੁਰਦੁਆਰਾ ਪੈਲਾਟਾਈਨ ਵਿੱਚ ਗੁਰੂ ਨਾਨਕ ਗੁਰਪੁਰਬ ਸਬੰਧੀ ਸਮਾਗਮ ਕੁਝ ਹਫਤੇ ਪਹਿਲਾਂ ਕਰਵਾਏ ਗਏ ਸਨ, ਪਰ ਉਸ ਤੋਂ ਬਾਅਦ ਉਤੋੜਿਤੀ ਵੱਖ-ਵੱਖ ਸਮਾਗਮਾਂ ਦੀ ਨਿਰੰਤਰਤਾ ਕਾਰਨ ਗੁਰਮਤਿ ਸਕੂਲ ਦੇ ਬੱਚਿਆਂ ਦਾ ਸਮਾਗਮ ਥੋੜ੍ਹਾ ਪੱਛੜ ਕੇ ਕਰਵਾਉਣਾ ਪਿਆ।

ਇਹ ਸਮਾਗਮ ਸਕੂਲੀ ਬੱਚਿਆਂ ਵੱਲੋਂ ਅਧਿਆਪਕਾਂ, ਸਹਾਇਕ ਅਧਿਆਪਕਾਂ ਅਤੇ ਵਾਲੰਟੀਅਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਛੋਟੇ-ਛੋਟੇ ਬੱਚਿਆਂ ਨੇ ਜਿੱਥੇ ਵਾਰੋ-ਵਾਰੀ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰਨ ਦੀ ਸੇਵਾ ਨਿਭਾਈ, ਉਥੇ ਉਨ੍ਹਾਂ ਆਪੋ-ਆਪਣੇ ਲੈਵਲਾਂ ਦੇ ਜਥੇ ਵਿੱਚ ਬੈਠ ਕੇ ਗੁਰਬਾਣੀ ਕੀਰਤਨ ਵੀ ਕੀਤਾ। ਇਸ ਸਭ ਲਈ ਉਨ੍ਹਾਂ ਨੂੰ ਪਿਛਲੇ ਕੁਝ ਹਫਤਿਆਂ ਤੋਂ ਸਿਖਲਾਈ ਦਿੱਤੀ ਜਾ ਰਹੀ ਸੀ, ਪਰ ਸਕੂਲ ਅਧਿਆਪਕਾਂ ਨੇ ਇਸ ਮੌਕੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਨੂੰ ਆਪਣੇ ਤੌਰ 'ਤੇ ਵੀ ਗੁਰਬਾਣੀ ਕੀਰਤਨ ਦੀ ਸਿਖਲਾਈ ਦਿਵਾਉਣ, ਕਿਉਂਕਿ ਗੁਰਮਤਿ ਸਕੂਲ ਦੀਆਂ ਕਲਾਸਾਂ ਦੌਰਾਨ ਬੱਚਿਆਂ ਨੂੰ ਅਭਿਆਸ ਕਰਨ ਦਾ ਸਮਾਂ ਬਹੁਤ ਹੀ ਘੱਟ ਮਿਲਦਾ ਹੈ। ਉਂਜ ਇਸ ਸਮਾਗਮ ਲਈ ਬੱਚਿਆਂ ਵੱਲੋਂ ਕੀਤੀ ਗਈ ਮਿਹਨਤ ਪ੍ਰਤੱਖ ਦਿਸ ਰਹੀ ਸੀ। ਗੁਰਬਾਣੀ ਦਾ ਗਾਇਨ ਕਰਦਿਆਂ ਕੁਝ ਬੱਚਿਆਂ ਦੀ ਆਵਾਜ਼ ਬੜੀ ਸਾਫ ਅਤੇ ਗੁਰਬਾਣੀ ਉਚਾਰਨ ਦਾ ਢੰਗ ਬਾਖ਼ੂਬ ਸੀ।

ਸਮਾਗਮ ਸ਼ੁਰੂ ਕਰਨ ਤੋਂ ਪਹਿਲਾਂ ਬੱਚੇ ਗੁਰਮਤਿ ਸਕੂਲ ਵਿੱਚ ਇਕੱਤਰ ਹੋਏ ਅਤੇ ਉਥੋਂ ਅਧਿਆਪਕਾਂ ਦੀਆਂ ਹਦਾਇਤਾਂ ਅਨੁਸਾਰ ਦਰਬਾਰ ਹਾਲ ਵਿੱਚ ਪਹੁੰਚੇ। ਇਸ ਦੌਰਾਨ ਵੱਖ ਵੱਖ ਲੈਵਲਾਂ ਦੇ ਬੱਚਿਆਂ ਨੇ ਆਪਣੇ ਵੱਲੋਂ ਤਿਆਰ ਸ਼ਬਦ ਗਾਇਨ, ਕਵਿਤਾਵਾਂ ਅਤੇ ਸੰਖੇਪ ਤਕਰੀਰਾਂ ਰਾਹੀਂ ਤਰਤੀਬਵਾਰ ਸਮਾਗਮ ਨੂੰ ਅੱਗੇ ਤੋਰੀ ਰੱਖਿਆ। ਪ੍ਰੀ-ਕੇ ਦੇ ਬੱਚਿਆਂ ਨੇ ਮੂਲ ਮੰਤਰ ਦਾ ਜਾਪ ਕੀਤਾ ਅਤੇ ਗੁਰੂ ਸਾਹਿਬਾਨ ਦੇ ਨਾਂਵਾਂ ਦਾ ਉਚਾਰਨ ਕੀਤਾ। ਫਿਰ ਵਾਜੇ ਉਤੇ ਬਾਣੀ ਕੌਰ ਅਗਵਾਈ ਹੇਠ 'ਰਾਖਾ ਏਕ ਹਮਾਰਾ ਸੁਆਮੀ' ਸ਼ਬਦ ਦਾ ਗਾਇਨ ਕੀਤਾ ਗਿਆ। ਲੈਵਲ ਇੱਕ ਦੇ ਬੱਚਿਆਂ ਵੱਲੋਂ 'ਘਰਿ ਘਰਿ ਬਾਬਾ ਗਾਵੀਐ' ਦਾ ਗਾਇਨ ਕੀਤਾ ਗਿਆ। ਵਾਜੇ ਉਤੇ ਅੰਮ੍ਰਿਤਲੀਨ ਕੌਰ ਅਤੇ ਤਬਲੇ ਉਤੇ ਸਾਥ ਜਾਗਤਜੋਤ ਸਿੰਘ ਨੇ ਦਿੱਤਾ। ਬੱਚਿਆਂ ਵੱਲੋਂ 'ਐਸਾ ਨਾਮੁ ਨਿਰੰਜਨੁ ਹੋਇ' ਸ਼ਬਦ ਦਾ ਗਾਇਨ ਵੀ ਕੀਤਾ ਗਿਆ। ਲੈਵਲ ਦੋ ਦੇ ਬੱਚਿਆਂ ਨੇ ਵੀ ਇੱਕ ਸ਼ਬਦ ਦਾ ਗਾਇਨ ਕੀਤਾ।

ਲੈਵਲ ਤਿੰਨ, ਚਾਰ ਅਤੇ ਪੰਜ ਦੇ ਬੱਚਿਆਂ ਨੇ ਕ੍ਰਮਵਾਰ 'ਸਤਿ ਨਾਮੁ ਦਾ ਚੱਕ੍ਰ ਫਿਰਾਇਆ', 'ਮਿਟਿਆ ਅੰਧੇਰਾ ਚੰਦੁ ਚੜਿਆ', 'ਸਤਿਗੁਰੁ ਨਾਨਕੁ ਪ੍ਰਗਟਿਆ' ਅਤੇ 'ਨਾਨਕ ਨਾਮ ਵਿਟਹੁ ਕੁਰਬਾਣੁ' ਸ਼ਬਦਾਂ ਦਾ ਗਾਇਨ ਕੀਤਾ। ਵਾਜੇ ਉਤੇ ਸਾਥ ਜੈਦੇਵ ਸਿੰਘ, ਅਸੀਸ ਕੌਰ ਤੇ ਸੁਖਮਨੀ ਕੌਰ ਅਤੇ ਸਿਮਰਨਪ੍ਰੀਤ ਸਿੰਘ ਨੇ ਦਿੱਤਾ, ਜਦਕਿ ਤਬਲੇ ਉਤੇ ਸਾਥ ਕਿਆਨ ਸਿੰਘ, ਪ੍ਰਭਤੇਜ ਸਿੰਘ ਅਤੇ ਗੁਨਤਾਸ ਸਿੰਘ











ਨੇ ਦਿੱਤਾ। ਲੈਵਲ ਛੇ ਦੇ ਬੱਚਿਆਂ ਨੇ 'ਬਾਬਾ ਆਖੇ ਹਾਜੀਆ' ਅਤੇ ਲੈਵਲ ਸੱਤ ਦੇ ਬੱਚਿਆਂ ਨੇ 'ਇਕ ਬਾਬਾ ਅਕਾਲ ਰੂਪ' ਦਾ ਗਾਇਨ ਕੀਤਾ। ਇਸ ਦੌਰਾਨ ਵਾਜੇ ਉਤੇ ਕ੍ਰਮਵਾਰ ਸੁਖਮੀਤ ਕੌਰ ਤੇ ਪ੍ਰਭਗੁਨ ਕੌਰ ਨੇ ਸਾਥ ਦਿੱਤਾ। ਬੱਚਿਆਂ ਨੇ ਹੋਰ ਵੀ ਸ਼ਬਦਾਂ ਦਾ ਗਾਇਨ ਕੀਤਾ।

ਕਿਆਨ ਸਿੰਘ ਨੇ ਕਵਿਤਾ 'ਇੱਕ ਮਸਤਾਨਾ ਜੋਗੀ' ਅਤੇ ਏਕਮ ਸਿੰਘ ਨੇ ਵੀ ਇੱਕ ਕਵਿਤਾ ਸੁਣਾਈ। ਅਖੀਰ ਵਿੱਚ ਹਿਆਤ ਕੌਰ ਨੇ ਅਨੰਦ ਸਾਹਿਬ ਦਾ ਪਾਠ ਕੀਤਾ।

## ਸ਼ਰਮਨਾਕ ਵਰਤਾਰਾ

# ਕੈਨੇਡਾ ਵਿਚ ਗੁੰਮ ਹੋਏ ਪਾਕਿਸਤਾਨ ਦੀ ਸਰਕਾਰੀ ਏਅਰਲਾਈਨ ਪੀ.ਆਈ.ਏ. ਦੇ 22 ਕਰਮਚਾਰੀ

**ਪੰਜਾਬੀ ਪਰਵਾਜ਼ ਬਿਊਰੋ**

ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਵਿੱਚ ਅਜੀਬ ਅਤੇ ਸ਼ਰਮਨਾਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਪੀ.ਆਈ.ਏ. ਦੇ ਕਰਮਚਾਰੀ ਕੈਨੇਡਾ ਪਹੁੰਚਣ ਤੋਂ ਬਾਅਦ ਗਾਇਬ ਹੋ ਰਹੇ ਹਨ। ਫਲਾਈਟ ਅਟੈਂਡੈਂਟਸ, ਕੈਬਿਨ ਕਰੂ ਅਤੇ ਇੱਥੋਂ ਤੱਕ ਕਿ ਪਾਇਲਟ ਵੀ ਟੋਰਾਂਟੋ ਜਾਂ ਵੈਨਕੂਵਰ ਵਿੱਚ ਲੇਅਓਵਰ ਦੌਰਾਨ ਨਵੀਂ ਜ਼ਿੰਦਗੀ ਦੀ ਖੋਜ ਵਿੱਚ ਲਾਪਤਾ ਹੋ ਰਹੇ ਹਨ। ਇੱਕ ਰਿਪੋਰਟ ਅਨੁਸਾਰ, ਪੀ.ਆਈ.ਏ. ਦੇ 22 ਕਰਮਚਾਰੀ ਕੈਨੇਡਾ ਵਿੱਚ ਗਾਇਬ ਹੋ ਗਏ ਹਨ ਅਤੇ ਉਨ੍ਹਾਂ ਨੇ ਕੈਨੇਡੀਅਨ ਸਰਕਾਰ ਤੋਂ ਸ਼ਰਨ ਮੰਗੀ ਹੈ। ਇਹ ਵੱਡਾ ਪਲਾਇਨ ਨਾ ਸਿਰਫ਼ ਪੀ.ਆਈ.ਏ. ਲਈ ਲੌਜਿਸਟਿਕ ਸਮੱਸਿਆ ਹੈ, ਸਗੋਂ ਸ਼ਹਿਬਾਜ਼ ਸ਼ਰੀਫ਼ ਸਰਕਾਰ ਦੇ ਖਰਾਬ ਪ੍ਰਬੰਧਨ ਨੂੰ ਵੀ ਉਜਾਗਰ ਕਰਦਾ ਹੈ।

ਇਹ ਰੁਝਾਨ 2025 ਵਿੱਚ ਤੇਜ਼ੀ ਨਾਲ ਵਧਿਆ ਹੈ। ਲੰਘੀ 19 ਨਵੰਬਰ ਨੂੰ ਸੀਨੀਅਰ ਫਲਾਈਟ ਪਰਸਰ ਅਸੀਫ਼ ਨਜ਼ਮ ਲਾਹੌਰ ਤੋਂ ਟੋਰਾਂਟੋ ਆਉਣ ਵਾਲੀ ਪੀ.ਆਈ.ਏ. ਫਲਾਈਟ ਪੀ.ਕੇ.-798 'ਤੇ ਪਹੁੰਚਿਆ, ਹੋਟਲ ਵਿੱਚ ਚੈੱਕ-ਇਨ ਕੀਤਾ ਅਤੇ ਵਾਪਸੀ ਵਾਲੀ ਫਲਾਈਟ ਲਈ ਨਹੀਂ ਆਇਆ। ਇਹ ਇਸ ਸਾਲ ਦੀ ਤੀਜੀ ਅਜਿਹੀ ਘਟਨਾ ਸੀ। ਪਹਿਲਾਂ 16 ਨਵੰਬਰ ਨੂੰ ਲਾਹੌਰ ਤੋਂ ਟੋਰਾਂਟੋ ਵਾਲੀ ਪੀ.ਕੇ.-789 ਫਲਾਈਟ ਦਾ ਇੱਕ ਫਲਾਈਟ ਅਟੈਂਡੈਂਟ ਵੀ ਗਾਇਬ ਹੋ ਗਿਆ ਸੀ।

ਪੀ.ਆਈ.ਏ. ਦੀਆਂ ਮੁਸੀਬਤਾਂ ਪਹਿਲਾਂ ਵੀ ਸਨ। 2023 ਵਿੱਚ, ਦੋ ਸਾਲਾਂ ਦੇ ਅੰਦਰ ਘੱਟੋ-ਘੱਟ ਅੱਠ ਕਰਮਚਾਰੀ ਕੈਨੇਡਾ ਵਿੱਚ ਗਾਇਬ ਹੋ ਗਏ ਸਨ, ਜਿਸ ਨੂੰ ਏਅਰਲਾਈਨ ਅਧਿਕਾਰੀਆਂ ਨੇ 'ਨਰਮ ਸ਼ਰਨ ਨੀਤੀਆਂ' ਨਾਲ ਜੋੜਿਆ। ਨਵੰਬਰ 2025 ਤੱਕ ਇਹ ਗਿਣਤੀ ਵਧ ਕੇ 11 ਜਾਂ 12 ਹੋ ਗਈ, ਪਰ ਤਾਜ਼ਾ ਅੰਕੜਿਆਂ ਅਨੁਸਾਰ ਕੁੱਲ 22 ਹਨ। ਪਾਕਿਸਤਾਨੀ ਸੀਨੀਅਰ ਪੱਤਰਕਾਰ ਜਾਹਿਦ ਗਿਸ਼ਕੋਰੀ ਨੇ ਇੱਕ ਤਾਜ਼ਾ ਐਕਸ ਪੋਸਟ ਵਿੱਚ ਲਿਖਿਆ, "ਰਾਸ਼ਟਰੀ ਏਅਰਲਾਈਨ ਦੇ 22 ਕਰਮਚਾਰੀ ਕੈਨੇਡਾ ਭੱਜ ਗਏ ਅਤੇ ਸ਼ਰਨ ਮੰਗੀ।" ਇਹ ਪਾਕਿਸਤਾਨ ਨੂੰ ਦੁਨੀਆ ਨਾਲ ਜੋੜਨ ਵਾਲੀ ਏਅਰਲਾਈਨ ਦੀ ਸ਼ਰਮਨਾਕ ਕਹਾਣੀ ਹੈ, ਜੋ ਹੁਣ ਇੱਕ-ਤਰਫ਼ਾ ਟਿਕਟ ਬਣ ਗਈ ਹੈ।

**ਕੀ ਹੈ ਇਸ ਰੁਝਾਨ ਦਾ ਕਾਰਨ?**

ਇਸ ਵਰਤਾਰੇ ਦੇ ਕੇਂਦਰ ਵਿੱਚ ਪਾਕਿਸਤਾਨ ਦੀ ਬੇਹੱਦ ਸੰਕਟਗ੍ਰਸਤ ਆਰਥਿਕਤਾ ਹੈ, ਜਿਸ ਨੇ ਪੀ.ਆਈ.ਏ. ਨੂੰ ਤਬਾਹ ਕਰ ਦਿੱਤਾ ਹੈ। ਪੀ.ਆਈ.ਏ. ਨੇ ਹਾਲ ਦੇ ਸਾਲਾਂ ਵਿੱਚ 500 ਅਰਬ ਰੁਪਏ (ਲਗਭਗ 1.8 ਬਿਲੀਅਨ ਅਮਰੀਕੀ ਡਾਲਰ) ਦੇ ਨੁਕਸਾਨ ਝੱਲੇ ਹਨ, ਜੋ ਭ੍ਰਿਸ਼ਟਾਚਾਰ, ਪੁਰਾਣੀ ਫਲੀਟ ਅਤੇ ਕਰਜ਼ੇ ਕਰ ਕੇ ਹੈ। ਕਰਮਚਾਰੀ, ਜਿਨ੍ਹਾਂ ਨੂੰ ਪਹਿਲਾਂ ਸਬਸਿਡੀ ਵਾਲੇ ਘਰ, ਮੈਡੀਕਲ ਲਾਭ ਅਤੇ ਨੌਕਰੀ ਦੀ ਸੁਰੱਖਿਆ ਮਿਲਦੀ ਸੀ, ਹੁਣ ਘੱਟ ਤਨਖ਼ਾਹ, ਦੇਰੀ ਨਾਲ ਤਨਖ਼ਾਹ ਵਰਗੀਆਂ ਮੁਸੀਬਤਾਂ ਝੱਲ ਰਹੇ ਹਨ। ਸੁਵਿਧਾਵਾਂ ਘੱਟ ਹੋ ਗਈਆਂ ਹਨ ਅਤੇ ਨਿੱਜੀਕਰਨ ਨੇ ਕਰਮਚਾਰੀਆਂ ਨੂੰ ਸੁਰੱਖਿਅਤ ਭਵਿੱਖ ਲਈ ਭੱਜਣ ਲਈ ਮਜਬੂਰ ਕੀਤਾ ਹੈ।"

ਇਸ ਵਿੱਚ ਕੈਨੇਡਾ ਦੀ ਖਿੱਚ ਵੀ ਸ਼ਾਮਲ ਹੈ, ਜੋ ਰਿਫਿਊਜੀ ਨਿਯਮਾਂ ਨਾਲ ਇਮੀਗ੍ਰੈਂਟਸ ਲਈ ਰੌਸ਼ਨੀ ਵਰਗਾ ਹੈ। ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ ਅਧੀਨ, ਸ਼ਰਨ ਚਾਹੁਣ ਵਾਲੇ ਧਰਮ, ਨਸਲ, ਰਾਸ਼ਟਰੀਅਤਾ, ਰਾਜਨੀਤਿਕ ਵਿਚਾਰ ਜਾਂ ਸਮਾਜਿਕ ਗਰੁੱਪ ਨਾਲ ਜੁੜੀ ਤੰਗੀ ਨੂੰ ਹਵਾਲਾ ਦੇ ਕੇ ਸੁਰੱਖਿਆ ਮੰਗ ਸਕਦੇ ਹਨ। ਇਮੀਗ੍ਰੇਸ਼ਨ ਮਾਹਿਰਾਂ ਅਨੁਸਾਰ ਕੈਨੇਡਾ ਹਰ ਸਾਲ 50,000 ਤੋਂ ਵੱਧ ਰਿਫਿਊਜੀ ਅਰਜ਼ੀਆਂ ਹੱਲ ਕਰਦਾ ਹੈ, ਜਿਸ ਵਿੱਚ ਪਾਕਿਸਤਾਨ ਵਰਗੀਆਂ ਅਸਥਿਰ ਅਰਥਵਿਵਸਥਾਵਾਂ ਲਈ 60 ਫ਼ੀਸਦੀ ਮਨਜ਼ੂਰੀ ਦਰ ਹੈ। ਇਸ ਲਈ ਸਿਰਫ਼ ਪੀ.ਆਈ.ਏ. ਨਹੀਂ; ਤੁਰਕੀ, ਨਾਈਜੀਰੀਆ ਅਤੇ ਭਾਰਤ ਦੀਆਂ ਏਅਰਲਾਈਨਾਂ ਦੇ ਕਰਮਚਾਰੀ ਵੀ ਅਜਿਹਾ ਕਰ ਚੁੱਕੇ ਹਨ, ਪਰ ਪਾਕਿਸਤਾਨੀ ਏਅਰਲਾਈਨ ਇੱਕ ਮਜ਼ਾਕ ਬਣ ਗਈ ਹੈ।

ਪੀ.ਆਈ.ਏ. ਦੀਆਂ ਓਪਰੇਸ਼ਨਲ ਸਮੱਸਿਆਵਾਂ ਇਸ ਵਰਤਾਰੇ ਨੂੰ ਵਧਾਉਂਦੀਆਂ ਹਨ।

**ਪੀ.ਆਈ.ਏ. ਉਤੇ ਨਿੱਜੀਕਰਨ ਦਾ ਸਾਇਆ**

ਪੀ.ਆਈ.ਏ. ਨੇ 2021 ਵਿੱਚ ਕੁੱਝ ਸਖ਼ਤ ਕਦਮ ਚੁੱਕਣੇ ਸ਼ੁਰੂ ਕੀਤੇ ਸਨ। ਅੰਤਰਰਾਸ਼ਟਰੀ ਫਲਾਈਟਾਂ ਤੇ ਕੈਬਿਨ ਕਰੂ ਨੂੰ ਵਿਦੇਸ਼ੀ ਏਅਰਪੋਰਟਾਂ 'ਤੇ ਪਾਸਪੋਰਟ ਜਮ੍ਹਾਂ ਕਰਨਾ ਲਾਜ਼ਮੀ ਕੀਤਾ ਗਿਆ, ਜੋ ਲੈਂਡਿੰਗ 'ਤੇ ਸੁਪਰਵਾਈਜ਼ਰਾਂ ਵੱਲੋਂ ਇਕੱਠੇ ਕੀਤੇ ਜਾਂਦੇ ਹਨ। ਏਅਰਲਾਈਨ ਨੇ ਜਵਾਨ ਏਅਰ ਹੋਸਟੈੱਸ ਅਤੇ ਸਟੂਅਰਡਸ ਨੂੰ ਲੰਮੀ ਦੂਰੀ ਵਾਲੀਆਂ ਫਲਾਈਟਾਂ 'ਤੇ ਨਾ ਭੇਜਣ ਦਾ ਵੀ ਫ਼ੈਸਲਾ ਲਿਆ ਅਤੇ ਤਜਰਬੇਕਾਰ ਮੁਲਾਜ਼ਮਾਂ ਨੂੰ ਚੁਣਿਆ; ਪਰ ਇਹ ਸਭ ਨਾਕਾਮ ਰਿਹਾ।

ਨਜ਼ਮ ਦਾ ਕੇਸ ਖਾਮੀਆਂ ਨੂੰ ਉਜਾਗਰ ਕਰਦਾ ਹੈ: ਉਸ ਨੇ ਪਾਸਪੋਰਟ ਰੱਖਿਆ ਪਰ ਚੈੱਕ-ਆਊਟ ਤੋਂ ਪਹਿਲਾਂ ਹੋਟਲ ਛੱਡ ਦਿੱਤਾ ਅਤੇ ਟੋਰਾਂਟੋ ਦੇ ਬਹੁ-ਸੱਭਿਆਚਾਰਕ ਵਾਤਾਵਰਣ ਵਿੱਚ ਗ਼ਾਇਬ ਹੋ ਗਈ। ਪੀ.ਆਈ.ਏ. ਨੇ ਅੰਦਰੂਨੀ ਜਾਂਚ ਸ਼ੁਰੂ ਕੀਤੀ, ਪਰ ਆਲੋਚਕ ਕਹਿੰਦੇ ਹਨ ਕਿ ਇਹ ਨਾਟਕ ਹੈ; ਯੂਨੀਅਨਾਂ ਅਤੇ ਮੁਕੱਦਮਿਆਂ ਦੇ ਡਰ ਕਾਰਨ ਸਜ਼ਾਵਾਂ ਘੱਟੋ-ਘੱਟ ਚੇਤਾਵਨੀਆਂ ਤੱਕ ਹੀ ਸੀਮਤ ਹਨ।




ਬਹੁਤੇ ਲੋਕ ਮੰਨਦੇ ਹਨ ਕਿ ਅਸਲ ਵਜ੍ਹਾ ਆਉਣ ਵਾਲਾ ਨਿੱਜੀਕਰਨ ਹੈ। 3 ਦਸੰਬਰ ਨੂੰ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਇਸਲਾਮਾਬਾਦ ਵਿੱਚ ਨਿੱਜੀਕਰਨ ਪ੍ਰਕਿਰਿਆ ਨੂੰ "ਪਾਰਦਰਸ਼ੀ ਅਤੇ ਖੁੱਲ੍ਹੀ" ਦੱਸਿਆ। ਇਹਦੇ ਲਈ ਨੀਲਾਮੀ, ਜੋ 23 ਦਸੰਬਰ ਨੂੰ ਲਾਈਵ ਟੈਲੀਕਾਸਟ ਰਾਹੀਂ ਹੋਵੇਗੀ, ਪੀ.ਆਈ.ਏ. ਦੇ 51 ਤੋਂ 100 ਫ਼ੀਸਦੀ ਹਿੱਸੇ ਵੇਚਣ ਦਾ ਟੀਚਾ ਰੱਖਦੀ ਹੈ- ਇਹ 7 ਅਰਬ ਡਾਲਰ ਦੇ ਆਈ.ਐੱਮ.ਐੱਫ਼. ਬੇਲਆਊਟ ਪੈਕੇਜ ਦਾ ਹਿੱਸਾ ਹੈ, ਜੋ ਵਿੱਤੀ ਸੁਧਾਰਾਂ ਦੀ ਮੰਗ ਕਰਦਾ ਹੈ। ਨਜ਼ਰਾਂ ਫੌਜੀ ਫਰਟੀਲਾਈਜ਼ਰ ਲਿਮਿਟਿਡ 'ਤੇ ਹਨ, ਜੋ ਪਾਕਿਸਤਾਨ ਆਰਮੀ ਚੀਫ਼ ਜਨਰਲ ਅਸੀਮ ਮੁਨੀਰ ਦੇ ਕੰਟਰੋਲ ਵਿੱਚ ਹੈ। ਮਾਹਿਰ ਇਸ ਨੂੰ ਧੋਖਾ ਕਹਿੰਦੇ ਹਨ: "ਇਹ ਨੀਲਾਮੀ ਨਹੀਂ, ਸੈਨਿਕ ਵਪਾਰਕ ਸਾਮਰਾਜ ਦੇ ਹਵਾਲੇ ਕਰਨ ਦਾ ਢੰਗ ਹੈ।"

ਇਸੇ ਦੌਰਾਨ 15 ਰੁਪਏ ਤੋਂ 30 ਰੁਪਏ ਤੱਕ, ਨਿੱਜੀਕਰਨ ਹਾਈਪ ਨਾਲ ਪੀ.ਆਈ.ਏ. ਦੇ ਸ਼ੇਅਰ ਪਾਕਿਸਤਾਨ ਸਟਾਕ ਐਕਸਚੇਂਜ 'ਤੇ ਦੋ ਮਹੀਨਿਆਂ ਵਿੱਚ 100 ਫ਼ੀਸਦੀ ਵਧ ਗਏ ਹਨ, ਜਿਸ ਨੇ ਰੈਗੂਲੇਟਰਾਂ ਨੂੰ ਅੰਦਰੂਨੀ ਵਪਾਰ ਬਾਰੇ ਸਪੱਸ਼ਟੀਕਰਨ ਮੰਗਣ ਲਈ ਮਜਬੂਰ ਕੀਤਾ; ਪਰ ਕਰਮਚਾਰੀਆਂ ਲਈ ਇਹ ਮੌਤ ਦੀ ਘੰਟੀ ਹੈ। ਨਿੱਜੀਕਰਨ ਦੀਆਂ ਗੁਫ਼ਾਵਾਂ ਵਿੱਚ ਭਾਰੀ ਕਟੌਤੀਆਂ, ਪੈਨਸ਼ਨ ਕੱਟ ਅਤੇ ਰੂਟ ਰੈਸ਼ਨਲਾਈਜ਼ੇਸ਼ਨ ਹਨ, ਜਿਸ ਨੇ ਬਹੁਤਿਆਂ ਨੂੰ ਬੇਰੁਜ਼ਗਾਰੀ ਵੱਲ ਧੱਕ ਦਿੱਤਾ। ਇੱਕ ਸਾਬਕਾ ਪੀ.ਆਈ.ਏ. ਕਰਮਚਾਰੀ, ਜੋ ਹੁਣ ਟੋਰਾਂਟੋ ਵਿੱਚ ਟੈਕਸੀ ਡਰਾਈਵਰ ਹੈ, ਨੇ ਅਨਾਮੀ ਇੰਟਰਵਿਊ ਵਿੱਚ ਕਿਹਾ, "ਡੁੱਬਦੇ ਜਹਾਜ਼ ਲਈ ਗੁਲਾਮੀ ਕਿਉਂ ਜਦੋਂ ਕੈਨੇਡਾ ਲਾਈਫਬੋਟ ਦਿੰਦਾ ਹੈ?"

**ਕਹਾਣੀ ਸਿਰਫ਼ ਪੀ.ਆਈ.ਏ. ਦੀ ਨਹੀਂ**

ਇਹ ਕਹਾਣੀ ਸਿਰਫ਼ ਪੀ.ਆਈ.ਏ. ਦੀ ਨਹੀਂ, ਪਾਕਿਸਤਾਨ ਦੀ ਹੈ। ਇਹ ਗਾਇਬ ਹੋਣ ਵਾਲੀਆਂ ਘਟਨਾਵਾਂ ਨੇ ਕੈਨੇਡਾ ਨਾਲ ਦੁਵੱਲੇ ਸੰਬੰਧਾਂ ਨੂੰ ਤਣਾਅ ਵਿੱਚ ਪਾ ਦਿੱਤਾ ਹੈ, ਜਿਸ ਨੇ ਪੀ.ਆਈ.ਏ. ਫਲਾਈਟਾਂ 'ਤੇ ਸੁਰੱਖਿਆ ਜਾਂਚਾਂ ਵਧਾ ਦਿੱਤੀਆਂ ਹਨ। ਘਰੇਲੂ ਸਿਆਸਤ ਵਿੱਚ, ਇਹ ਵਿਰੋਧੀ ਧਿਰ ਦਾ ਹਥਿਆਰ ਹੈ: ਪੀ.ਟੀ.ਆਈ. ਆਗੂ ਇਮਰਾਨ ਖਾਨ ਦੇ ਸਹਿਯੋਗੀਆਂ ਨੇ ਇਸ ਨੂੰ "ਸ਼ਹਿਬਾਜ਼ ਦੀ ਫਲਾਈਟ ਟੂ ਨੋਵੇਅਰ" ਕਿਹਾ ਹੈ, ਜੋ 38 ਫ਼ੀਸਦੀ ਮਹਿੰਗਾਈ ਅਤੇ 12 ਫ਼ੀਸਦੀ ਨੌਜਵਾਨ ਬੇਰੁਜ਼ਗਾਰੀ ਨਾਲ ਜੁੜੀ ਹੈ।

ਵਿਸ਼ਵ ਪੱਧਰ 'ਤੇ ਪੀ.ਆਈ.ਏ. ਦੀ ਸਾਖ ਦੀ ਮਿੱਟੀ ਪਲੀਤ ਹੋ ਗਈ ਹੈ। ਗਾਇਬ 22 ਵਿੱਚੋਂ ਬਹੁਤੇ ਸੋਸ਼ਲ ਮੀਡੀਆ 'ਤੇ ਵਾਪਸ ਆ ਗਏ ਹਨ, ਉਹ ਕੈਨੇਡੀਅਨ ਉਪਨਗਰਾਂ ਤੋਂ ਸੈਲਫ਼ੀਆਂ ਪੋਸਟ ਕਰਦੇ ਹਨ ਅਤੇ ਇਹ ਸਾਬਤ ਕਰਦੇ ਹਨ ਕਿ ਉਨ੍ਹਾਂ ਲਈ 'ਲਾਪਤਾ' ਲੇਬਲ ਸਿਰਫ਼ ਰੀਇਨਵੈਨਸ਼ਨ ਦਾ ਇੱਕ ਪੜਾਅ ਹੈ।

# ਅਖੌਤੀ ਸਿੱਖਿਆ ਦੀ ਦਹਿਸ਼ਤ

**ਰਾਤ ਦੇ ਰਾਜ਼ ਤੋਂ ਸੂਰਜ ਅਨਜਾਣ ਹੈ ਅਗਰ,**
**ਕਦੀ ਨਹੀਂ ਮੁੱਕਣਾ ਫਿਰ, ਘੁੱਪ ਹਨੇਰੇ ਦਾ ਸਫ਼ਰ।**

**ਸੁਸ਼ੀਲ ਦੁਸਾਂਝ**

"ਅੰਬਿਕਾ ਮੈਡਮ
ਪਬਲਿਕ ਸਕੂਲ ਦੀ ਪ੍ਰਿੰਸੀਪਲ
ਸਕੂਲ ਅੰਦਰ
ਅਧਿਆਪਕਾਂ ਵਿਦਿਆਰਥੀਆਂ ਦੀ
ਹਰ ਹਰਕਤ ਹਰ ਗਤੀਵਿਧੀ
ਕਰੜੀ ਨਜ਼ਰ ਹੇਠ ਲਿਆਉਂਦੀ ਹੈ
ਦਫ਼ਤਰ ਅੰਦਰਲੀ
ਟੀ.ਵੀ. ਸਕਰੀਨ
ਉਸ ਨੂੰ ਹਰ ਕਲਾਸ ਰੂਮ ਦਾ
ਕੋਨਾ-ਕੋਨਾ ਵਿਖਾਉਂਦੀ ਹੈ

ਹਰ ਅਧਿਆਪਕ ਉਸ ਦੀ ਨਜ਼ਰ ਵਿਚ
ਬੱਚਾ-ਬੱਚਾ ਉਸ ਦੀ ਨਿਗ੍ਹਾ ਹੇਠ

ਬੱਚਾ ਘਰ ਆ ਕੇ ਵੀ
ਬਸਤਾ ਗਲੋਂ ਲਾਹ ਕੇ ਵੀ
ਸਹਿਮਿਆ ਸਹਿਮਿਆ
ਉੱਠਦਾ-ਬਹਿੰਦਾ
ਖਾਂਦਾ-ਪੀਂਦਾ, ਤੁਰਦਾ-ਫਿਰਦਾ
ਮਾਂ ਆਪਣੀ ਤੋਂ
ਪੁੱਛਦਾ ਰਹਿੰਦਾ ਹੈ,
ਮੰਮਾ, ਅੰਬਿਕਾ ਮੈਮ
ਹੁਣ ਵੀ ਮੈਨੂੰ ਦੇਖ ਰਹੀ ਹੈ...।"

ਪੰਜਾਬੀ ਦੇ ਸਹਿਜ ਪ੍ਰਵਿਰਤੀ ਵਾਲੇ ਚਰਚਿਤ ਸ਼ਾਇਰ ਰਹੇ ਮਰਹੂਮ ਪ੍ਰੋ. ਰਮਨ ਦੀ ਇਸ ਨਜ਼ਮ ਵਿੱਚ ਮਾਸੂਮ ਬਾਲ ਦਾ ਆਪਣੀ ਮਾਂ ਨੂੰ ਪਾਇਆ ਸਵਾਲ ਸਿਰਫ਼ ਉਹਦੇ ਮਾਂ-ਪਿਓ ਹੀ ਨਹੀਂ ਸਗੋਂ ਸਾਡੇ ਸਾਰਿਆਂ ਲਈ ਹੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਅੱਜ ਭਾਰਤੀ ਬਚਪਨ ਨੂੰ ਪੂਰੀ ਤਰ੍ਹਾਂ 'ਪੜ੍ਹਾਈ ਦੀ ਦਹਿਸ਼ਤ' ਨੇ ਆਪਣੇ ਸਿਕੰਜੇ ਵਿੱਚ ਲੈ ਲਿਆ ਹੈ। ਇਹ ਅੱਜ ਦੀ ਅਖੌਤੀ ਪੜ੍ਹਾਈ ਦੀ ਦਹਿਸ਼ਤ ਹੀ ਹੈ ਕਿ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚੋਂ ਪ੍ਰੀਖਿਆਵਾਂ ਅਤੇ ਨਤੀਜਿਆਂ ਦੇ ਦਿਨਾਂ ਦੌਰਾਨ ਵਿਦਿਆਰਥੀਆਂ ਵਲੋਂ ਖੁਦਕੁਸ਼ੀ ਕੀਤੇ ਜਾਣ ਦੀਆਂ ਖ਼ਬਰਾਂ ਆਉਣ ਲੱਗਦੀਆਂ ਹਨ।

ਇਹ ਕਹਿਣ 'ਚ ਹੁਣ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਖੁੰਭਾਂ ਵਾਂਗ ਉਗਾਏ ਜਾ ਰਹੇ ਪ੍ਰਾਈਵੇਟ ਵਿਦਿਅਕ ਅਦਾਰੇ ਸਾਡੇ ਸਰਕਾਰੀ ਸਿਖਿਆ ਤੰਤਰ ਦੀ ਪੂਰੀ ਤਰ੍ਹਾਂ ਨਾਕਾਮੀ ਦਾ ਹੀ ਸਿੱਟਾ ਹਨ। ਹਰ ਭਾਰਤੀ ਮਾਂ-ਪਿਓ ਆਪਣੇ ਬੱਚੇ ਨੂੰ ਬੇਹਤਰੀਨ ਸਿਖਿਆ ਦਿਵਾਉਣ ਦੀ ਇੱਛਾ ਪਾਲਦਾ ਹੈ। ਇਸ ਇੱਛਾ ਵਿੱਚ ਹੀ ਸਰਦੇ-ਪੁੱਜਦੇ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਅੰਤਹੀਣ ਦੌੜ ਵਿੱਚ ਫਸ ਜਾਂਦੇ ਹਨ। ਇਸੇ ਕਾਰਨ ਬੱਚਿਆਂ ਦੀ ਪੜ੍ਹਾਈ ਦੇ ਮਾਮਲੇ ਵਿੱਚ ਅਜੀਬ ਕਿਸਮ ਦੀ ਅਫ਼ਰਾ-ਤਫ਼ਰੀ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਸਰਕਾਰੀ ਸਿਖਿਆ ਤੰਤਰ ਦੀ ਅਸਫਲਤਾ ਦਾ ਇਸ ਤੋਂ ਵੱਡਾ ਪ੍ਰਮਾਣ ਕੀ ਹੋ ਸਕਦਾ ਹੈ ਕਿ ਪਿਛਲੇ ਕੁੱਝ ਸਾਲਾਂ ਤੋਂ ਸਰਕਾਰੀ ਸਕੂਲਾਂ ਦੇ ਨਤੀਜੇ ਵੀ ਬੇਹੱਦ ਮਾੜੇ ਆਉਣ ਲੱਗ ਪਏ ਹਨ। ਆਪਣਾ ਪੰਜਾਬ ਵੀ ਇਸ ਮਾਮਲੇ ਵਿੱਚ ਲਗਾਤਾਰ ਪੱਛੜ ਰਿਹਾ ਹੈ। ਪੰਜਾਬ ਵਿੱਚ ਵੀ ਸਰਕਾਰੀ ਸਕੂਲੀ ਸਿਖਿਆ ਦੀਆਂ ਚੂਲਾਂ ਹੁਣ ਪੂਰੀ ਤਰ੍ਹਾਂ ਹਿੱਲ ਗਈਆਂ ਹਨ। ਪਾਸ ਹੋ ਰਹੇ ਵਿਦਿਆਰਥੀ ਕਿੰਨੇ ਕੁ ਫੀਸਦੀ ਅੰਕਾਂ ਨਾਲ ਪਾਸ ਹੁੰਦੇ ਹਨ, ਇਹ ਵੀ ਦੇਖਣ ਵਾਲੀ ਗੱਲ ਹੈ। ਨਾਲ ਹੀ ਇਹ ਦੇਖਣ-ਸਮਝਣ ਵਾਲਾ ਵਿਸ਼ਾ ਹੋਣਾ ਚਾਹੀਦਾ ਹੈ ਕਿ ਨਕਲ ਇਹਦੇ 'ਚ ਕਿੰਨੀ ਭੂਮਿਕਾ ਨਿਭਾਉਂਦੀ ਹੈ। ਬਿਨਾ ਸ਼ੱਕ ਇਹ ਪੰਜਾਬ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਦੀ ਘੋਰ ਅਸਫਲਤਾ ਹੀ ਹੈ। ਲਗਭਗ ਇਹੋ ਸਥਿਤੀ ਕੇਰਲ ਨੂੰ ਛੱਡ ਕੇ ਮੁਲਕ ਦੇ ਬਾਕੀ ਸੂਬਿਆਂ ਦੀ ਬਣਨ ਜਾ ਰਹੀ ਹੈ। ਇਹ ਠੀਕ ਹੈ ਕਿ ਮੁਢਲੀ ਸਿਖਿਆ ਦੀ ਜ਼ਿੰਮੇਵਾਰੀ ਸੂਬਾਈ ਸਰਕਾਰਾਂ ਦੀ ਹੈ, ਪਰ ਕੇਂਦਰ ਨੂੰ ਇਸ ਮਾਮਲੇ ਵਿੱਚ ਬਿਲਕੁਲ ਹੀ ਬਰੀ ਨਹੀਂ ਕੀਤਾ ਜਾ ਸਕਦਾ। ਕੇਂਦਰ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਪੂਰੀ ਤਰ੍ਹਾਂ ਸਿੱਖਿਆ ਨੂੰ ਆਮ ਜਨ ਤੋਂ ਦੂਰ ਕਰਨ ਵੱਲ ਸੇਧਿਤ ਹੈ। ਮੰਨ ਲਿਆ ਕਿ ਮੁੱਢਲੀ ਸਿਖਿਆ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਪਰ ਕੇਂਦਰ ਕਿਉਂ ਨਹੀਂ ਸਿਖਿਆ ਦੇ ਮਾਮਲੇ ਵਿੱਚ ਸੂਬਾਈ ਸਰਕਾਰਾਂ ਦੀ ਅਗਵਾਈ ਕਰਦਾ। ਕੁਲ ਘਰੇਲੂ ਉਤਪਾਦਨ ਦਾ 6 ਫੀਸਦੀ ਸਿਖਿਆ 'ਤੇ ਖਰਚ ਕਰਨ ਦਾ ਮਾਮਲਾ ਸਿਰਫ਼ ਗੱਲੀਬਾਤੀਂ ਹੀ ਕਿਉਂ ਉਛਾਲਿਆ ਜਾਂਦਾ ਹੈ, ਇਹ ਸਖਤੀ ਨਾਲ ਲਾਗੂ ਕਰਨ-ਕਰਵਾਉਣ ਲਈ ਕੇਂਦਰ ਸਰਕਾਰ ਨੂੰ ਹੀ ਪਹਿਲ ਕਰਨੀ ਪੈਣੀ ਹੈ। ਸਾਡਾ ਸੰਵਿਧਾਨ 14 ਸਾਲ ਤੱਕ ਦੇ ਬੱਚੇ ਨੂੰ ਮੁਫ਼ਤ ਅਤੇ ਲਾਜ਼ਮੀ ਸਿਖਿਆ ਦੇਣ ਦੀ ਗੱਲ ਕਰਦਾ ਹੈ, ਪਰ ਸੰਵਿਧਾਨ ਦੀਆਂ ਸਹੁੰਆਂ ਖਾ ਕੇ ਸੰਸਦ ਵਿੱਚ ਫਜ਼ੂਲ ਕਿਸਮ ਦੇ ਮਾਮਲਿਆਂ 'ਤੇ ਇੱਕ-ਦੂਜੇ ਵੱਲ ਕੁਰਸੀਆਂ ਚਲਾਉਣ ਵਾਲਿਆਂ ਦੇ ਏਜੰਡੇ 'ਤੇ ਮੁਲਕ ਦਾ ਬਚਪਨ ਕਦੇ ਕਿਉਂ ਨਹੀਂ ਆਉਂਦਾ?

ਦਰਅਸਲ, ਕੁਨੈਨ ਦੀ ਗੋਲੀ ਵਰਗਾ ਸੱਚ ਇਹ ਹੈ ਕਿ ਹਾਕਮਾਂ ਦੀਆਂ ਤਰਜੀਹਾਂ ਹੋਰ ਹਨ। ਇਨ੍ਹਾਂ ਤਾਂ ਉਹ ਹੀ ਕਰਨਾ ਹੈ, ਜੋ ਵਿਸ਼ਵ ਵਪਾਰ ਸੰਸਥਾ ਜਾਂ ਵਿਸ਼ਵ ਬੈਂਕ ਨੇ ਇਨ੍ਹਾਂ ਤੋਂ ਕਰਵਾਉਣਾ ਹੈ। ਗਰੀਬਾਂ ਦੇ ਸਕੂਲਾਂ ਵਿੱਚ ਹੁਣ ਇਸ ਕਰ ਕੇ ਗਰੀਬ ਵੀ ਜਾਣੋਂ ਕਤਰਾਉਣ ਲੱਗ ਪਏ ਹਨ, ਕਿਉਂਕਿ ਇਹ ਹੁਣ ਨਾਂ ਦੇ ਹੀ ਸਕੂਲ ਰਹਿ ਗਏ ਹਨ। ਸਰਕਾਰੀ ਅੰਕੜੇ ਹੀ ਦੱਸਦੇ ਹਨ ਕਿ ਇਸ ਵਕਤ ਕੋਈ 40 ਕਰੋੜ ਬੱਚੇ ਸਕੂਲ ਜਾਣ ਲਾਇਕ ਹਨ, ਪਰ ਕੋਈ 20 ਕਰੋੜ ਬੱਚੇ ਸਕੂਲ ਜਾਂਦੇ ਹੀ ਨਹੀਂ। ਇਹ ਜਿਹੜੇ 20 ਕਰੋੜ ਬੱਚੇ ਸਕੂਲ ਜਾਂਦੇ ਹੀ ਨਹੀਂ, ਇਹ ਕਿੱਥੇ ਜਾਂਦੇ ਹਨ, ਤੇ ਕੀ ਕਰਦੇ ਹਨ? ਇਹਦੀ ਡੂੰਘੀ ਪੜਤਾਲ ਦੀ ਲੋੜ ਇਸ ਕਰ ਕੇ ਨਹੀਂ ਕਿਉਂਕਿ ਸਭ ਕੁੱਝ ਤਾਂ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਹੋ ਰਿਹਾ ਹੈ। ਇਹ ਬੱਚੇ ਹੀ ਹਨ, ਜਿਹੜੇ ਬਾਲ ਮਜ਼ਦੂਰੀ ਅਤੇ ਨਸ਼ਿਆਂ ਦੇ ਸੰਸਾਰ ਵਿੱਚ ਗੁਆਚ ਰਹੇ ਹਨ। ਇਹ ਕਿਸ ਤਰ੍ਹਾਂ ਦੇ 'ਮਹਾਨ ਭਾਰਤ' ਦੀ ਸਿਰਜਣਾ ਵਿੱਚ ਹਿੱਸਾ ਪਾ ਰਹੇ ਹਨ, ਇਹਦਾ ਅੰਦਾਜ਼ਾ ਲਾਓ ਜ਼ਰਾ! ਹੁਣ ਜਿਹੜੇ 20 ਕੁ ਕਰੋੜ ਬੱਚੇ ਸਕੂਲਾਂ ਵਿੱਚ ਜਾ ਵੀ ਰਹੇ ਹਨ, ਉਨ੍ਹਾਂ ਲਈ ਇੱਕ ਸਾਰ ਸਿਖਿਆ ਦਾ ਕੋਈ ਪ੍ਰਬੰਧ ਆਪਣੇ ਮੁਲਕ ਕੋਲ ਨਹੀਂ ਹੈ। ਇਹ ਤਿੰਨ-ਚਾਰ ਵਰਗਾਂ ਵਿੱਚ ਵੰਡੀ ਹੋਈ ਸਿਖਿਆ ਹਾਸਲ ਕਰ ਰਹੇ ਹਨ। ਇਹਦੇ 'ਚੋਂ ਵੱਡੀ ਗਿਣਤੀ ਸਰਕਾਰੀ ਸਕੂਲਾਂ ਵਿੱਚ 'ਟਾਈਮ ਪਾਸ' ਕਰਨ ਜਾਂਦੀ ਹੈ। ਕੁੱਝ ਬੱਚੇ ਪਿੰਡਾਂ, ਕਸਬਿਆਂ ਵਿੱਚ ਖੁਲ੍ਹੇ ਅਖੌਤੀ ਮਾਡਲ ਸਕੂਲਾਂ ਵਿੱਚ ਜਾਂਦੇ ਹਨ, ਕੁੱਝ ਸ਼ਹਿਰਾਂ ਵਿੱਚ ਚੱਲਦੇ ਦਰਮਿਆਨੇ ਕਿਸਮ ਦੇ ਪ੍ਰਾਈਵੇਟ ਸਕੂਲਾਂ ਵਿੱਚ ਦਾਖਲ ਹੁੰਦੇ ਹਨ ਤੇ ਹਰ ਖਰਚਾ ਚੁੱਕਣ ਸਕੂਲ ਦੀ ਸਮਰੱਥਾ ਵਾਲੇ ਵੱਡੇ ਲੋਕਾਂ ਦੇ ਬੱਚੇ ਮਹਾਨਗਰਾਂ ਵਿੱਚ ਫਾਈਵ ਸਟਾਰ ਸਕੂਲਾਂ ਦਾ ਸ਼ਿੰਗਾਰ ਬਣਦੇ ਹਨ।

ਆਪਣਾ ਮੁਲਕ ਜਿਸ ਵਿਦਿਅਕ ਸੰਕਟ ਵਿੱਚੋਂ ਲੰਘ ਰਿਹਾ ਹੈ, ਇਹਦਾ ਇਲਾਜ ਮੁਲਕ ਦੇ ਅਵਾਮ ਕੋਲ ਹੀ ਹੈ। ਸਰਕਾਰੀ ਸਿਖਿਆ ਤੰਤਰ ਬੁਰੀ ਤਰ੍ਹਾਂ ਫੇਲ੍ਹ ਹੋ ਰਿਹਾ ਹੈ ਤੇ ਵਰਗਾਂ ਵਿੱਚ ਵੰਡੀ ਪ੍ਰਾਈਵੇਟ ਸਿਖਿਆ ਅੰਨ੍ਹੀ ਲੁੱਟ ਦਾ ਹਥਿਆਰ ਬਣੀ ਹੋਈ ਹੈ। ਲੁੱਟ ਦੇ ਨਾਲ-ਨਾਲ ਬਾਲ ਮਨਾਂ 'ਤੇ ਫੈਲ ਰਿਹਾ ਖ਼ੌਫ਼ ਬਚਪਨ ਨੂੰ ਨਿਗਲਦਾ ਜਾ ਰਿਹਾ ਹੈ। ਅਜਿਹੀਆਂ ਪ੍ਰਸਥਿਤੀਆਂ ਭਾਰਤੀ ਅਵਾਮ ਨੂੰ ਬੇਚੈਨ ਤਾਂ ਕਰ ਰਹੀਆਂ ਹਨ, ਪਰ ਹਾਲੇ ਇਹ ਬੇਚੈਨੀ ਰੋਹ ਵਿੱਚ ਤਬਦੀਲ ਨਹੀਂ ਹੋ ਰਹੀ। ਬੇਚੈਨੀ ਜਥੇਬੰਦਕ ਰੋਹ ਵਿੱਚ ਤਬਦੀਲ ਹੋਵੇ ਇਹਦੇ ਲਈ ਵੱਖ-ਵੱਖ ਖੇਤਰਾਂ ਵਿੱਚ ਸਰਗਰਮ ਲੋਕ-ਮੁਖੀ ਜਥੇਬੰਦੀਆਂ ਨੂੰ ਉਚੇਚੇ ਯਤਨ ਕਰਨੇ ਹੀ ਪੈਣਗੇ। ਨਹੀਂ ਤਾਂ ਭਵਿੱਖ ਸਾਨੂੰ ਕੱਤਈ ਮੁਆਫ਼ ਨਹੀਂ ਕਰੇਗਾ। ਪ੍ਰੋ. ਰਮਨ ਦੇ ਹੀ ਇਸ ਸ਼ਿਅਰ ਨਾਲ ਆਗਿਆ ਦਿਓ,

'ਰਾਤ ਦੇ ਰਾਜ਼ ਤੋਂ ਸੂਰਜ ਅਨਜਾਣ ਹੈ ਅਗਰ,
ਕਦੀ ਨਹੀਂ ਮੁੱਕਣਾ ਫਿਰ, ਘੁੱਪ ਹਨੇਰੇ ਦਾ ਸਫ਼ਰ।'

## ਭਾਰਤ, ਇਜ਼ਰਾਇਲ ਅਤੇ ਫ਼ਲਿਸਤੀਨ

# ਵਿਦੇਸ਼ ਨੀਤੀ ਨੂੰ ਦਿਸ਼ਾ ਦੇ ਰਿਹੈ ਹਿੰਦੂਤਵ

**ਅਚਿਨ ਵਿਨਾਇਕ**

ਇਜ਼ਰਾਇਲ ਦੇ ਤਿੰਨ ਮੁੱਖ ਸਹਿਯੋਗੀ- ਬ੍ਰਿਟੇਨ, ਫ਼ਰਾਂਸ ਅਤੇ ਕੈਨੇਡਾ, ਗਾਜ਼ਾ ਵਿੱਚ ਉਸ ਦੀ ਖ਼ੂਨੀ ਮੁਹਿੰਮ ਕਾਰਨ ਉਸ ਵਿਰੁੱਧ 'ਠੋਸ ਕਾਰਵਾਈ' ਦੀ ਧਮਕੀ ਦੇ ਰਹੇ ਹਨ, ਜਦਕਿ ਭਾਰਤ ਨੇ ਹਥਿਆਰਾਂ ਤੇ ਡਰੋਨਾਂ ਦੀ ਸਪਲਾਈ ਜਾਰੀ ਰੱਖੀ ਹੋਈ ਹੈ। ਇਹ ਤੱਥ ਉਨ੍ਹਾਂ ਨੂੰ ਹੀ ਹੈਰਾਨ ਕਰੇਗਾ, ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਭਾਰਤੀ ਸਰਕਾਰਾਂ ਵੱਲੋਂ ਫ਼ਲਿਸਤੀਨੀ ਮੁੱਦੇ 'ਤੇ ਹਮਾਇਤ ਦੀਆਂ ਰਸਮੀ ਬਿਆਨਬਾਜ਼ੀਆਂ ਨੂੰ ਆਸਾਨੀ ਨਾਲ ਸਵੀਕਾਰ ਲਿਆ ਹੈ।

ਭਾਰਤ ਨੇ ਨਵ ਉੱਤਰ-ਬਸਤੀਵਾਦੀ ਰਾਜ ਵਜੋਂ ਫ਼ਲਿਸਤੀਨੀ ਮੁਕਤੀ ਸੰਘਰਸ਼ ਵੱਲ ਸਾਮਰਾਜਵਾਦ-ਵਿਰੋਧੀ ਏਕਤਾ ਦੀ ਭਾਵਨਾ ਨਾਲ ਸ਼ੁਰੂਆਤ ਕੀਤੀ, ਪਰ ਉਸ ਨੇ ਜ਼ਾਇਓਨਵਾਦੀ ਸੱਤਾ ਨੂੰ ਆਮ ਮਾਨਤਾ ਅਤੇ ਕਈ ਵਾਰ ਉਸਦੀ ਵਕਾਲਤ ਦੇ ਬੀਜ ਵੀ ਸੰਭਾਲੀ ਰੱਖੇ। ਪੱਛਮ ਨਾਲ ਸੰਬੰਧਾਂ ਨੂੰ ਸੁਧਾਰਨ, ਮੱਧ-ਪੂਰਬ ਵਿੱਚ ਪ੍ਰਭਾਵ ਵਧਾਉਣ ਅਤੇ ਪਾਕਿਸਤਾਨ ਦਾ ਮੁਕਾਬਲਾ ਕਰਨ ਵਰਗੀਆਂ ਕੂਟਨੀਤਕ ਇੱਛਾਵਾਂ ਵੀ ਸਰਗਰਮ ਰਹੀਆਂ। ਸੋਵੀਅਤ ਯੂਨੀਅਨ ਦੇ ਪਤਨ ਅਤੇ ਭਾਰਤੀ ਅਰਥਵਿਵਸਥਾ ਦੇ ਉਦਾਰੀਕਰਨ ਤੋਂ ਬਾਅਦ ਇਹ ਢਿੱਲੇ ਸੰਬੰਧ ਇਜ਼ਰਾਇਲ ਨਾਲ ਖੁੱਲ੍ਹੇ ਸਹਿਯੋਗ ਵਿੱਚ ਬਦਲ ਗਏ। ਨਵ-ਉਦਾਰਵਾਦੀ ਹਿੰਦੂਤਵ ਦੇ ਵਧਦੇ ਕਦਮਾਂ ਨਾਲ ਇਜ਼ਰਾਇਲ ਦੇ ਅਪਰਾਧਾਂ ਦੀ ਨਿੰਦਾ ਵੀ ਪੁਰਾਣੀ ਹੋ ਗਈ ਹੈ, ਕਿਉਂਕਿ ਭਾਰਤੀ ਅਤੇ ਜ਼ਾਇਓਨੀ ਰਾਜਾਂ ਵਿਚਕਾਰ ਵਿਚਾਰਧਾਰਕ ਜੁੜਾਅ ਅਤੇ ਆਰਥਿਕ-ਫ਼ੌਜੀ ਸਹਿਯੋਗ ਵਧ ਰਿਹਾ ਹੈ।

ਪੱਛਮੀ ਤਿੱਕੜੀ ਨੇ ਵੀ ਇਜ਼ਰਾਇਲ ਨੂੰ ਹਥਿਆਰ ਵੇਚਣੇ ਬੰਦ ਨਹੀਂ ਕੀਤੇ, ਪਰ ਬਿਆਨਾਂ ਵਿੱਚ ਵੱਡਾ ਅੰਤਰ ਦਿਖਾਈ ਦਿੰਦਾ ਹੈ। 19 ਮਈ 2025 ਨੂੰ ਉਨ੍ਹਾਂ ਦੇ ਸਾਂਝੇ ਬਿਆਨ ਵਿੱਚ ਗਾਜ਼ਾ ਵਿੱਚ ਇਜ਼ਰਾਇਲੀ ਕਾਰਵਾਈ ਨੂੰ 'ਪੂਰੀ ਤਰ੍ਹਾਂ ਅਸੰਗਤ' ਕਿਹਾ ਗਿਆ ਅਤੇ ਨੇਤਨਯਾਹੂ ਸਰਕਾਰ ਨੂੰ ਘਿਨੌਣੀ ਕਾਰਵਾਈਆਂ ਲਈ ਚੁੱਪ ਨਾ ਰਹਿਣ ਤੇ ਪਾਬੰਦੀਆਂ ਲਗਾਉਣ ਦੀ ਚੇਤਾਵਨੀ ਦਿੱਤੀ ਗਈ। 17 ਜਨਵਰੀ 2025 ਨੂੰ ਇਜ਼ਰਾਇਲ ਨੇ ਹਮਾਸ ਨਾਲ ਯੁੱਧਵਿਰਾਮ ਸਮਝੌਤੇ 'ਤੇ ਹਸਤਾਖ਼ਰ ਕੀਤੇ, ਪਰ 18 ਮਾਰਚ 2025 ਨੂੰ ਉਸ ਨੇ ਹਵਾਈ ਹਮਲੇ ਫਿਰ ਸ਼ੁਰੂ ਕਰ ਦਿੱਤੇ। ਨੇਤਨਯਾਹੂ ਨੇ ਐਲਾਨ ਕੀਤਾ ਕਿ ਇਜ਼ਰਾਇਲ ਨੇ 'ਪੂਰੀ ਤਾਕਤ ਨਾਲ ਯੁੱਧ ਫਿਰ ਸ਼ੁਰੂ ਕਰ ਦਿੱਤਾ ਹੈ।'

ਦੋ ਦਿਨ ਬਾਅਦ ਤੱਕ ਵੀ ਭਾਰਤ ਹਮਾਸ ਨਾਲ ਸਮਝੌਤੇ ਦੀ ਉਲੰਘਣਾ ਬਾਰੇ ਚੁੱਪ ਰਿਹਾ ਅਤੇ ਇਜ਼ਰਾਇਲ ਦੀ ਨਿੰਦਾ ਤੋਂ ਬਚਦਾ ਰਿਹਾ। ਵਿਦੇਸ਼ ਮੰਤਰਾਲੇ ਨੇ ਕਿਹਾ, 'ਭਾਰਤ ਨੇ ਜਨਵਰੀ 2025 ਵਿੱਚ ਬੰਧਕਾਂ ਦੀ ਰਿਹਾਈ ਅਤੇ ਗਾਜ਼ਾ ਵਿੱਚ ਯੁੱਧਵਿਰਾਮ ਦਾ ਸਵਾਗਤ ਕੀਤਾ। ਜੂਨ 2025 ਵਿੱਚ ਸੰਯੁਕਤ ਰਾਸ਼ਟਰ ਵਿੱਚ ਭਾਰਤੀ ਪ੍ਰਤੀਨਿਧੀ ਪੀ. ਹਰੀਸ਼ ਨੇ ਯੁੱਧਵਿਰਾਮ, ਬੰਧਕਾਂ ਦੀ ਰਿਹਾਈ ਅਤੇ ਸਹਾਇਤਾ ਬਾਰੇ ਪੁਰਾਣੇ ਬਿਆਨ ਦੋਹਰਾਏ।

ਮੋਦੀ ਸਰਕਾਰ ਦੇ ਦੂਹਰੇ ਮਾਪਦੰਡ ਇਹ ਦਰਸਾਉਂਦੇ ਹਨ ਕਿ ਉਸ ਨੇ ਗਾਜ਼ਾ ਵਿੱਚ ਇਜ਼ਰਾਇਲੀ ਕਾਰਵਾਈ ਨੂੰ ਕਦੇ ਦਹਿਸ਼ਤਗਰਦੀ ਨਹੀਂ ਕਿਹਾ ਅਤੇ ਨਾ ਹੀ ਨਸਲਕੁਸ਼ੀ। ਕੈਨੇਡਾ, ਅਮਰੀਕਾ ਅਤੇ ਯੂਰਪੀ ਮੁਲਕਾਂ ਵਿੱਚ ਫ਼ਲਿਸਤੀਨੀਆਂ 'ਤੇ ਹਮਲਿਆਂ ਖ਼ਿਲਾਫ਼ ਵੱਡੇ ਮੁਜ਼ਾਹਰੇ ਹੋਏ, ਪਰ ਭਾਰਤ ਵਿੱਚ ਨਾਗਰਿਕ ਸਮਾਜ ਦੀ ਪ੍ਰਤੀਕਿਰਿਆ ਸੀਮਤ ਰਹੀ। ਬੀ.ਜੇ.ਪੀ. ਸ਼ਾਸਿਤ ਰਾਜਾਂ ਵਿੱਚ ਪੁਲਿਸ ਨੇ ਵਿਰੋਧ ਨੂੰ ਰੋਕਿਆ। ਹਿੰਦੂ ਰਾਸ਼ਟਰਵਾਦੀ ਤਾਕਤਾਂ ਨੇ ਫ਼ਲਿਸਤੀਨ ਨੂੰ 'ਹਿੰਦੂ-ਵਿਰੋਧੀ' ਤੇ 'ਰਾਸ਼ਟਰ-ਵਿਰੋਧੀ'



ਬਣਾ ਕੇ ਇਸਲਾਮੋਫੋਬੀਆ ਨੂੰ ਵਧਾਇਆ।

ਲੋਕ ਸਭਾ ਵਿੱਚ 41 ਪਾਰਟੀਆਂ ਵਿੱਚੋਂ 31 ਨੇ 7 ਅਕਤੂਬਰ 2023 ਤੋਂ ਬਾਅਦ ਇਜ਼ਰਾਇਲ-ਗਾਜ਼ਾ ਮੁੱਦੇ 'ਤੇ ਚੁੱਪ ਵੱਟੀ ਰੱਖੀ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਹਿੰਦੂਤਵ ਦੀ ਭਾਵਨਾ ਨਾਗਰਿਕ ਸਮਾਜ ਵਿੱਚ ਕਿੰਨੀਆਂ ਡੂੰਘੀਆਂ ਜੜ੍ਹਾਂ ਫੈਲਾ ਚੁੱਕੀ ਹੈ ।

ਸਵਾਲ ਹੈ ਕਿ ਉਹ ਭਾਰਤ ਕਿੱਥੇ ਗਿਆ, ਜੋ ਫ਼ਲਿਸਤੀਨੀ ਹਿੱਤਾਂ ਲਈ ਜਾਣਿਆ ਜਾਂਦਾ ਸੀ?

### ਗਾਂਧੀ ਅਤੇ ਨਹਿਰੂ

ਪਹਿਲੀ ਸੰਸਾਰ ਜੰਗ ਤੋਂ ਬਾਅਦ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਭਾਰਤੀ ਰਾਸ਼ਟਰੀ ਅੰਦੋਲਨ ਨਾਲ ਗਾਂਧੀ ਅਤੇ ਨਹਿਰੂ ਨੇ ਫ਼ਲਿਸਤੀਨੀ ਸੰਘਰਸ਼ ਨਾਲ ਜੁੜਾਅ ਰੱਖਿਆ। 1936 ਦੇ ਮਹਾਨ ਵਿਦਰੋਹ ਤੋਂ ਬਾਅਦ ਸਮਰਥਨ ਵਧਿਆ। ਗਾਂਧੀ ਨੇ ਹਿੰਦੂ-ਮੁਸਲਿਮ ਏਕਤਾ ਨੂੰ ਆਪਣੀ ਰਣਨੀਤੀ ਮੰਨਿਆ ਅਤੇ ਕਾਂਗਰਸ ਨੇ ਫ਼ਲਿਸਤੀਨ ਲਈ ਮੁਸਲਿਮ ਲੀਗ ਨਾਲ ਹੱਥ ਮਿਲਾਇਆ।

ਜ਼ਾਇਓਨਵਾਦੀਆਂ ਨੇ ਗਾਂਧੀ ਨੂੰ ਪਲੋਸਣ ਦੀ ਕੋਸ਼ਿਸ਼ ਕੀਤੀ। ਦੱਖਣ ਅਫ਼ਰੀਕਾ ਵਿੱਚ ਹਰਮਨ ਕੈਲਨਬਾਖ ਅਤੇ ਹੈਨਰੀ ਪੋਲਾਕ ਨਾਲ ਉਨ੍ਹਾਂ ਦੇ ਨੇੜਲੇ ਸੰਬੰਧ ਸਨ, ਜੋ ਬਾਅਦ ਵਿੱਚ ਜ਼ਾਇਓਨਵਾਦੀ ਬਣ ਗਏ। 1931 ਵਿੱਚ ਲੰਡਨ ਵਿੱਚ ਗਾਂਧੀ ਨੇ ਜੂਇਸ਼ ਕ੍ਰੌਨੀਕਲ ਨੂੰ ਕਿਹਾ ਕਿ ਜ਼ਾਇਓਨਵਾਦ ਆਤਮਿਕ ਹੈ, ਨਾ ਕਿ ਭੂਗੋਲਿਕ ਅਤੇ ਅਰਬਾਂ ਦੀ ਸਹਿਮਤੀ ਲੋੜੀਂਦੀ ਹੈ। 1937 ਵਿੱਚ ਕੈਲਨਬਾਖ ਨੇ ਗਾਂਧੀ ਨੂੰ ਰਾਜ਼ੀ ਕੀਤਾ ਕਿ ਆਤਮਿਕ ਸੰਤੁਸ਼ਟੀ ਫ਼ਲਿਸਤੀਨ ਵਿੱਚ ਬਸੇਰੇ ਨਾਲ ਜੁੜੀ ਹੈ, ਪਰ ਗਾਂਧੀ ਨੇ 'ਬੈਲਫ਼ੋਰ ਐਲਾਨਨਾਮੇ' ਨੂੰ ਅਣਉਚਿਤ ਕਿਹਾ।

ਗਾਂਧੀ ਦੀ ਸਥਿਤੀ ਇਹ ਸੀ ਕਿ ਉਹ ਫ਼ਲਿਸਤੀਨ ਨੂੰ ਅਰਬ ਦੇ ਕੰਟਰੋਲ ਹੇਠ ਸੁਤੰਤਰ ਰਾਜ ਚਾਹੁੰਦੇ ਸਨ। ਮਈ 1947 ਵਿੱਚ ਯੂ.ਐੱਨ.ਐੱਸ.ਸੀ.ਓ.ਪੀ. ਵਿੱਚ ਭਾਰਤ ਨੇ ਫ਼ਲਿਸਤੀਨ ਵੰਡ ਵਿਰੋਧੀ ਯੋਜਨਾ ਪੇਸ਼ ਕੀਤੀ ਅਤੇ ਵਿਰੋਧ ਵਿਚ ਵੋਟ ਦਿੱਤੀ। 1950 ਵਿੱਚ ਨਹਿਰੂ ਨੇ ਇਜ਼ਰਾਇਲ ਨੂੰ ਮਾਨਤਾ ਦਿੱਤੀ, ਜਦਕਿ ਉਸ ਨੇ 78% ਖੇਤਰ ਉੱਤੇ ਕਬਜ਼ਾ ਕਰ ਲਿਆ ਸੀ।

ਨਕਬੇ ਤੋਂ ਬਾਅਦ ਫ਼ਲਿਸਤੀਨੀ ਇਕਾਈ ਨਹੀਂ ਸੀ। ਈਰਾਨ ਅਤੇ ਤੁਰਕੀ ਨੇ ਪਹਿਲਾਂ ਹੀ ਮਾਨਤਾ ਦਿੱਤੀ। ਯੂ.ਐੱਨ. ਨੇ 1949 ਵਿੱਚ ਇਜ਼ਰਾਇਲ ਨੂੰ ਮੈਂਬਰ ਬਣਾਇਆ ਅਤੇ ਫ਼ਲਿਸਤੀਨੀ ਵਾਪਸੀ ਦਾ ਅਧਿਕਾਰ ਸਵੀਕਾਰ ਕੀਤਾ, ਜੋ ਉਸ ਨੇ ਨਹੀਂ ਨਿਭਾਇਆ। ਸੋਵੀਅਤ ਨੇ 1948 ਵਿੱਚ ਮਾਨਤਾ ਦਿੱਤੀ ਤਾਂ ਸੀ.ਪੀ.ਆਈ. ਨੇ ਵਿਰੋਧ ਨਹੀਂ ਕੀਤਾ। ਨਹਿਰੂ ਨੇ ਅਰਬ ਭਾਵਨਾਵਾਂ ਨੂੰ ਧਿਆਨ ਵਿੱਚ ਰੱਖ ਕੇ ਇਜ਼ਰਾਈਲ ਨਾਲ਼ ਪੂਰਨ ਰਾਜਨੀਤਕ ਸੰਬੰਧ ਨਹੀਂ ਬਣਾਏ।

1956 ਦੇ ਸੁਏਜ਼ ਹਮਲੇ ਤੋਂ ਬਾਅਦ ਰਾਜਨੀਤਕ ਠਹਿਰਾਅ 1964 ਤੱਕ ਚੱਲਿਆ, ਜਿਸ ਵਿੱਚ 1967, 1973 ਅਤੇ 1982 ਦੇ ਯੁੱਧ ਸ਼ਾਮਲ ਹਨ।

### ਦੱਖਣਪੰਥੀ ਉਭਾਰ

ਜੂਨ 1996 ਵਿੱਚ ਭਾਰਤ ਵਿੱਚ ਯੂਨਾਈਟਿਡ ਫਰੰਟ ਸਰਕਾਰ ਬਣੀ, ਪਰ 1998 ਤੱਕ ਡਿੱਗ ਗਈ। ਇਸ ਵੇਲੇ ਯੂ.ਏ.ਵੀ., ਗ੍ਰੀਨ ਪਾਈਨ ਰਾਡਾਰ ਅਤੇ ਮਿਸਾਈਲਾਂ ਲਈ ਸਮਝੌਤੇ ਹੋਏ। 1998-99 ਵਿੱਚ ਬੀ.ਜੇ.ਪੀ. ਦੀ ਅਗਵਾਈ ਵਾਲੀ ਸਰਕਾਰ ਬਣੀ ਅਤੇ 2003 ਵਿੱਚ ਏਰੀਅਲ ਸ਼ੇਰਨ ਦੀ ਭਾਰਤ ਯਾਤਰਾ ਹੋਈ। 1999 ਦੇ ਕਾਰਗਿਲ ਯੁੱਧ ਵਿੱਚ ਇਜ਼ਰਾਇਲ ਨੇ ਸਹਾਇਤਾ ਦਿੱਤੀ, ਜਦਕਿ ਅਮਰੀਕਾ ਨੇ ਪਾਕਿਸਤਾਨ ਨੂੰ ਰੋਕਿਆ। 1998 ਦੇ ਪਰਮਾਣੂ ਪਰੀਖਣਾਂ ਪਿੱਛੋਂ ਭਾਰਤ-ਇਜ਼ਰਾਇਲ-ਅਮਰੀਕਾ ਗਠਜੋੜ ਬਣਿਆ।

26 ਨਵੰਬਰ 2008 ਦੇ ਮੁੰਬਈ ਹਮਲਿਆਂ ਤੋਂ ਬਾਅਦ ਇਜ਼ਰਾਇਲ ਨੇ ਭਾਰਤ ਨੂੰ ਨਿਗਰਾਨੀ ਪ੍ਰਣਾਲੀ ਬਣਾਉਣ ਵਿੱਚ ਮਦਦ ਕੀਤੀ। ਇਸ ਨੇ ਭਾਰਤ-ਇਜ਼ਰਾਇਲ ਗਠਜੋੜ ਨੂੰ ਮਜਬੂਤ ਕੀਤਾ। 2003-2013 ਵਿੱਚ ਭਾਰਤ ਇਜ਼ਰਾਇਲ ਦਾ ਸਭ ਤੋਂ ਵੱਡਾ ਹਥਿਆਰ ਗ੍ਰਾਹਕ ਬਣ ਗਿਆ। ਫ਼ਰਵਰੀ 2014 ਵਿੱਚ ਭਾਰਤੀ ਪੁਲਿਸ ਨੂੰ ਦਹਿਸ਼ਤਗਰਦ-ਰੋਕੂ, ਭੀੜ ਕੰਟਰੋਲ ਅਤੇ ਸੀਮਾ ਪ੍ਰਬੰਧਨ ਲਈ ਇਜ਼ਰਾਇਲ ਭੇਜਣ ਦਾ ਸਮਝੌਤਾ ਹੋਇਆ, ਜੋ ਪੂਰਬੀ ਉੱਤਰ ਅਤੇ ਕਸ਼ਮੀਰ ਵਿੱਚ ਵਰਤੋਂ ਲਈ ਸੀ।

ਫ਼ਲਿਸਤੀਨੀਆਂ ਅਤੇ ਕਸ਼ਮੀਰੀਆਂ ਨੂੰ ਆਤਮ-ਨਿਰਣੇ ਦਾ ਅਧਿਕਾਰ ਨਾ ਦੇ ਕੇ ਕਸ਼ਮੀਰ ਨੂੰ ਸਥਾਈ ਸੈਨਿਕ ਕਬਜ਼ੇ ਵਾਲਾ ਬਣਾ ਦਿੱਤਾ ਗਿਆ, ਜਿਵੇਂ ਫ਼ਲਿਸਤੀਨ ਦੇ ਕਬਜ਼ੇ ਵਾਲੇ ਖੇਤਰ ਬਣਾਏ ਗਏ। ਨਵੇਂ ਕਾਨੂੰਨਾਂ ਨਾਲ ਹਿੰਸਾ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ। ਕਸ਼ਮੀਰ ਵਿੱਚ ਹਿੰਦੂ ਬਸਤੀਆਂ ਬਣਾਉਣਾ ਇਜ਼ਰਾਇਲ ਦੀ ਵੈਸਟ ਬੈਂਕ ਨੀਤੀ ਨਾਲ ਮੇਲ ਖਾਂਦਾ ਹੈ। ਹਿੰਦੂਤਵ ਦੀ ਜ਼ਾਇਓਨਵਾਦ ਨਾਲ ਵਿਚਾਰਧਾਰਕ ਨੇੜਤਾ ਮੋਦੀ ਯੁੱਗ ਵਿੱਚ ਫ਼ਲਿਸਤੀਨੀ 'ਦੁਸ਼ਮਣੀ' ਨਾਲ ਇਜ਼ਰਾਇਲੀ ਵਿਹਾਰ ਦੀ ਪ੍ਰਸੰਸਾ ਅਤੇ ਅਨੁਕਰਣ ਵਿੱਚ ਬਦਲ ਗਈ।

### ਮੋਦੀ ਯੁੱਗ

ਜੂਨ 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਮੋਦੀ ਨੇ ਇਜ਼ਰਾਇਲ ਨੂੰ ਵੱਖਰੇ ਢੰਗ ਨਾਲ ਵੇਖਿਆ। 2017 ਵਿੱਚ ਉਹ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣੇ, ਜਿਨ੍ਹਾਂ ਨੇ ਇਜ਼ਰਾਇਲ ਦੀ ਤਿੰਨ-ਦਿਨਾ ਯਾਤਰਾ ਕੀਤੀ। ਸੰਬੰਧਾਂ ਨੂੰ 'ਰਣਨੀਤਕ ਸਾਂਝ' ਦਾ ਦਰਜਾ ਦਿੱਤਾ ਗਿਆ ਅਤੇ ਫ਼ਲਿਸਤੀਨੀ ਨੇਤਾਵਾਂ ਨਾਲ ਮੀਟਿੰਗ ਨਾ ਕਰਕੇ ਪਰੰਪਰਾ ਤੋੜੀ ਗਈ। ਨਿਊ ਯਾਰਕ ਟਾਈਮਜ਼ ਅਨੁਸਾਰ, ਉਸੇ ਵੇਲੇ ਪੇਗਾਸਸ ਸਪਾਈਵੇਅਰ ਖਰੀਦਣ ਦਾ ਸਮਝੌਤਾ ਹੋਇਆ। 2018 ਵਿੱਚ ਟੋਰਾਂਟੋ ਲੈਬ ਨੇ ਪਾਇਆ ਕਿ ਇਸ ਨੂੰ 45 ਦੇਸ਼ਾਂ ਵਿੱਚ ਨਿਗਰਾਨੀ ਲਈ ਵਰਤਿਆ ਜਾ ਰਿਹਾ ਹੈ। 2021 ਵਿੱਚ ਇਸ ਨੇ 300 ਭਾਰਤੀਆਂ-ਕਾਰਕੁਨਾਂ, ਪੱਤਰਕਾਰਾਂ ਅਤੇ ਰਾਹੁਲ ਗਾਂਧੀ ਦੀ ਨਿਗਰਾਨੀ ਕੀਤੀ। ਸਰਕਾਰ ਨੇ ਨਾ ਨਕਾਰਿਆ, ਨਾ ਸਵੀਕਾਰਿਆ ਅਤੇ ਸੁਪਰੀਮ ਕੋਰਟ ਨੇ ਵੀ ਚੁੱਪ ਵੱਟੀ ਰੱਖੀ।

10 ਫ਼ਰਵਰੀ 2018 ਵਿੱਚ ਮੋਦੀ ਨੇ ਮਹਿਮੂਦ ਅੱਬਾਸ ਨਾਲ ਮੀਟਿੰਗ ਕੀਤੀ ਅਤੇ 'ਸੁਤੰਤਰ ਫ਼ਲਿਸਤੀਨੀ ਰਾਜ' ਦਾ ਸਮਰਥਨ ਦੁਹਾਇਆ, ਪਰ ਪਹਿਲੀ ਵਾਰ 'ਏਕੀਕ੍ਰਿਤ' ਰਾਜ ਅਤੇ ਪੂਰਬੀ ਯਰੂਸ਼ਲਮ ਨੂੰ ਰਾਜਧਾਨੀ ਨਾ ਕਿਹਾ। ਨਵੀਂ ਦਿੱਲੀ ਨੇ ਇਜ਼ਰਾਇਲੀ ਹਿੰਸਾ ਨੂੰ ਨੈਤਿਕ ਜਾਂ ਰਾਜਨੀਤਕ ਤੌਰ 'ਤੇ ਨਹੀਂ ਰੋਕਿਆ। 2020 ਦੇ ਅਬਰਾਹਮ ਸਮਝੌਤੇ ਨੂੰ ਸਕਾਰਾਤਮਕ ਤਰੀਕੇ ਵੇਖਿਆ। 14 ਜੁਲਾਈ 2022 ਨੂੰ "ਆਈ 2 ਯੂ 2" (ਭਾਰਤ-ਇਜ਼ਰਾਇਲ-ਯੂ.ਏ.ਈ.-ਅਮਰੀਕਾ) ਬਣਿਆ ਅਤੇ ਹਾਈਫ਼ਾ ਪੋਰਟ ਅਡਾਨੀ ਨੂੰ ਵੇਚ ਦਿੱਤਾ ਗਿਆ।

7 ਅਕਤੂਬਰ 2023 ਨੂੰ ਹਮਾਸ ਹਮਲੇ ਤੋਂ ਬਾਅਦ ਮੋਦੀ ਨੇ ਨਿੰਦਾ ਕੀਤੀ ਅਤੇ ਇਜ਼ਰਾਇਲ ਨੂੰ ਪੂਰਨ ਸਮਰਥਨ ਦਿੱਤਾ। ਗਾਜ਼ਾ ਨਸਲਕੁਸ਼ੀ ਵਿੱਚ ਭਾਰਤ ਨੇ ਯੁੱਧਵਿਰਾਮ ਅਤੇ ਸਹਾਇਤਾ ਦੀਆਂ ਅਸਪਸ਼ਟ ਗੱਲਾਂ ਕੀਤੀਆਂ। ਭਾਰਤੀ ਕੰਪਨੀਆਂ ਨੇ 900 ਹਰਮੀਸ ਡਰੋਨ ਅਤੇ ਗੋਲੇ ਦਿੱਤੇ। ਹਜ਼ਾਰਾਂ ਭਾਰਤੀ ਮਜ਼ਦੂਰ ਫ਼ਲਿਸਤੀਨੀਆਂ ਦੀ ਜਗ੍ਹਾ ਲੈਣ ਗਏ। ਨਵੀਂ ਯੋਜਨਾ ਵਿੱਚ ਯੂ.ਐੱਨ. ਨੂੰ ਬਾਹਰ ਰੱਖ ਕੇ ਘੱਟੋ-ਘੱਟ ਸਹਾਇਤਾ ਦਿੱਤੀ ਜਾਵੇਗੀ, ਜਿਸਦਾ ਮਕਸਦ ਗਾਜ਼ਾ ਵਾਸੀਆਂ ਨੂੰ ਭੁੱਖਮਰੀ ਅਤੇ ਨਿਰਾਸ਼ਾ ਵੱਲ ਧੱਕਣਾ ਹੈ ਤਾਂ ਜੋ ਉਹ 'ਖ਼ੁਦ-ਬ-ਖ਼ੁਦ ਪਲਾਇਨ' ਕਰਨ। ਟਰੰਪ ਪ੍ਰਸ਼ਾਸਨ ਸੂਡਾਨ, ਸੋਮਾਲੀਆ ਵਰਗੇ ਦੇਸ਼ਾਂ ਨਾਲ ਡੀਲ ਕਰ ਰਿਹਾ ਹੈ। ਵੈਸਟ ਬੈਂਕ ਵਿੱਚ ਬਸਤੀਆਂ ਵਧਾਈਆਂ ਜਾਣਗੀਆਂ ਅਤੇ ਫ਼ਲਿਸਤੀਨੀ ਨੇਤਾਵਾਂ 'ਤੇ ਦਮਨ ਵਧੇਗਾ। 'ਜੋਰਡਨ ਵਿਕਲਪ' ਵਿੱਚ ਜੋਰਡਨ ਨੂੰ ਫ਼ਲਿਸਤੀਨੀਆਂ ਲਈ ਨਵਾਂ ਘਰ ਬਣਾਇਆ ਜਾਵੇਗਾ। ਇਹ ਸਾਰੀ ਯੋਜਨਾ ਵੈਸਟ ਬੈਂਕ ਨੂੰ ਖਾਲੀ ਕਰਨ ਦੀ ਹੈ, ਪਰ ਗਾਜ਼ਾ ਅਤੇ ਵੈਸਟ ਬੈਂਕ ਵਿੱਚ ਅਭਿਲਾਸ਼ਾ ਅਤੇ ਹਕੀਕਤ ਵਿਚਕਾਰ ਵਿਸ਼ਾਲ ਖੱਡਾ ਹੈ।

***(ਇੱਕ ਲੰਮੇ ਲੇਖ ਦਾ ਸੰਪਾਦਿਤ ਹਿੱਸਾ)***


# ਜਾਪਾਨ ਵਿੱਚ ਆਬਾਦੀ ਸੰਕਟ

## *ਜਨਮਾਂ ਨਾਲੋਂ 10 ਲੱਖ ਵੱਧ ਮੌਤਾਂ, ਵਧੀ ਚਿੰਤਾ 'ਸਾਈਲੈਂਟ ਐਮਰਜੈਂਸੀ'

ਦੁਨੀਆਂ ਦੇ ਕਈ ਅਜਿਹੇ ਦੇਸ਼ ਹਨ, ਜਿੱਥੇ ਆਬਾਦੀ ਦਾ ਸੰਕਟ ਡੂੰਘਾ ਹੋ ਰਿਹਾ ਹੈ। ਇਨ੍ਹਾਂ ਵਿੱਚ ਜਾਪਾਨ ਪ੍ਰਮੁੱਖ ਹੈ, ਜਿੱਥੇ ਆਬਾਦੀ ਲਗਾਤਾਰ 16ਵੇਂ ਸਾਲ ਘਟੀ ਹੈ। 2024 ਵਿੱਚ ਜਾਪਾਨ ਦੀ ਆਬਾਦੀ ਵਿੱਚ 9 ਲੱਖ ਤੋਂ ਵੱਧ ਦੀ ਗਿਰਾਵਟ ਆ ਗਈ। ਇਸ ਦਾ ਅਰਥ ਹੈ ਕਿ ਦੇਸ਼ ਵਿੱਚ ਜਨਮ ਲੈਣ ਵਾਲਿਆਂ ਨਾਲੋਂ ਕਿਤੇ ਵੱਧ ਗਿਣਤੀ 'ਚ ਲੋਕ ਮਰ ਰਹੇ ਹਨ। ਜੇ ਅਜਿਹੀ ਹੀ ਸਥਿਤੀ ਜਾਰੀ ਰਹੀ ਤਾਂ ਜਾਪਾਨ ਅਗਲੇ ਕੁਝ ਸਾਲਾਂ ਵਿੱਚ ਵਜੂਦ ਦੇ ਸੰਕਟ ਨਾਲ ਜੂਝ ਰਿਹਾ ਹੋਵੇਗਾ। ਜਾਪਾਨ ਨੂੰ ਸਿਹਤਮੰਦ ਲੋਕਾਂ ਅਤੇ ਲੰਮੀ ਉਮਰ ਵਾਲੇ ਜੀਵਨ ਲਈ ਜਾਣਿਆ ਜਾਂਦਾ ਹੈ, ਪਰ ਲਗਾਤਾਰ ਨੌਜਵਾਨ ਆਬਾਦੀ ਦੀ ਘਾਟ ਅਤੇ ਬਜ਼ੁਰਗਾਂ ਦੀ ਗਿਣਤੀ ਵਿੱਚ ਵਾਧਾ ਉੱਥੇ ਦੇ ਸਿਹਤ ਢਾਂਚੇ 'ਤੇ ਵੀ ਬੋਝ ਵਧਾ ਰਿਹਾ ਹੈ। ਅਜਿਹੇ ਹਾਲਾਤ ਨੂੰ ਜਾਪਾਨ ਦੇ ਪੀ.ਐੱਮ. ਸ਼ਿਗੇਰੂ ਇਸ਼ੀਬਾ ਨੇ 'ਸਾਈਲੈਂਟ ਐਮਰਜੈਂਸੀ' ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਇਨਸਾਨਾਂ ਦੀ ਆਬਾਦੀ ਦਾ ਸੰਕਟ ਡੂੰਘਾ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਫੈਮਿਲੀ ਫ੍ਰੈਂਡਲੀ ਪਾਲਿਸੀਆਂ 'ਤੇ ਹੋਰ ਧਿਆਨ ਦੇਵਾਂਗੇ, ਜਿਵੇਂ ਫ੍ਰੀ ਚਾਈਲਡਕੇਅਰ ਅਤੇ ਵਰਕਿੰਗ ਆਵਰਜ਼ ਵਿੱਚ ਲਚਕੀਲਾ ਰੁਖ ਅਪਣਾਇਆ ਜਾਵੇਗਾ। ਹੁਣ ਵੀ ਜਾਪਾਨ ਵਿੱਚ ਅਜਿਹੀਆਂ ਕਈ ਨੀਤੀਆਂ ਹਨ, ਪਰ ਔਰਤਾਂ ਵੱਧ ਬੱਚੇ ਪੈਦਾ ਕਰਨ ਲਈ ਰਾਜ਼ੀ ਨਹੀਂ ਹਨ। ਇਹ ਹੀ ਨਹੀਂ, ਜਾਪਾਨ ਵਿੱਚ ਔਰਤਾਂ ਦੀ ਅਜਿਹੀ ਵੱਡੀ ਗਿਣਤੀ ਹੈ, ਜਿਨ੍ਹਾਂ ਨੇ ਇੱਕ ਵੀ ਬੱਚਾ ਪੈਦਾ ਨਹੀਂ ਕੀਤਾ ਅਤੇ ਨਾ ਹੀ ਪੈਦਾ ਕਰਨਾ ਚਾਹੁੰਦੀਆਂ ਹਨ।

125 ਸਾਲਾਂ ਵਿੱਚ ਪਹਿਲੀ ਵਾਰ ਜਨਮ ਲੈਣ ਵਾਲੇ ਬੱਚਿਆਂ ਦੀ ਇੰਨੀ ਘੱਟ ਗਿਣਤੀ

ਜਾਪਾਨ ਵਿੱਚ ਹੁਣ ਜਨਮ ਦਰ 1.2 ਹੈ। ਡਰਾਉਣ ਵਾਲਾ ਅੰਕੜਾ ਇਹ ਹੈ ਕਿ ਸਾਲ 2024 ਵਿੱਚ ਜਾਪਾਨ ਵਿੱਚ ਸਿਰਫ਼ 6,86,061 ਬੱਚਿਆਂ ਦਾ ਜਨਮ ਹੋਇਆ ਜਦਕਿ 1.6 ਮਿਲੀਅਨ ਲੋਕਾਂ ਦੀ ਮੌਤ ਹੋ ਗਈ। ਇਸ ਤਰ੍ਹਾਂ ਜਨਮ ਲੈਣ ਵਾਲਿਆਂ ਨਾਲੋਂ 10 ਲੱਖ ਵੱਧ ਲੋਕਾਂ ਦੀ ਮੌਤ ਹੋ ਗਈ। ਸਿੱਧੇ-ਸਿੱਧੇ ਕਹੀਏ ਤਾਂ ਇੱਕ ਬੱਚਾ ਪੈਦਾ ਹੋਇਆ ਤਾਂ ਦੋ ਲੋਕ ਮਰ ਗਏ। ਇਸ ਸਮੇਂ ਜਾਪਾਨ ਦੀ ਆਬਾਦੀ 12 ਕਰੋੜ ਹੈ ਅਤੇ ਜੇਕਰ ਇਸੇ ਤਰ੍ਹਾਂ ਗਿਣਤੀ ਵਿੱਚ ਕਮੀ ਆਉਂਦੀ ਰਹੀ ਤਾਂ ਦੇਸ਼ ਵਿੱਚ ਮਾਨਵ ਸਰੋਤ ਦਾ ਹੀ ਸੰਕਟ ਪੈਦਾ ਹੋ ਜਾਵੇਗਾ।




ਇਸ ਨਾਲ ਅਰਥਵਿਵਸਥਾ ਤੋਂ ਲੈ ਕੇ ਆਮ ਮਾਨਵੀ ਜੀਵਨ ਤੱਕ ਮੁਸ਼ਕਲ ਹੋ ਜਾਵੇਗਾ। ਜਾਪਾਨ ਵਿੱਚ ਲੰਘੇ 125 ਸਾਲਾਂ ਦੇ ਇਤਿਹਾਸ ਵਿੱਚ 2024 ਵਿੱਚ ਸਭ ਤੋਂ ਘੱਟ ਬੱਚੇ ਪੈਦਾ ਹੋਏ ਹਨ।

**ਲਗਾਤਾਰ 16ਵੇਂ ਸਾਲ ਜਾਪਾਨ ਦੀ ਆਬਾਦੀ ਵਿੱਚ ਗਿਰਾਵਟ**:ਇਸ ਤੋਂ ਇਲਾਵਾ ਇਹ ਲਗਾਤਾਰ 16ਵਾਂ ਸਾਲ ਹੈ, ਜਦੋਂ ਜਾਪਾਨ ਦੀ ਆਬਾਦੀ ਵਿੱਚ ਇੰਨੀ ਵੱਡੀ ਗਿਰਾਵਟ ਆਈ ਹੈ। ਇਹ ਸਥਿਤੀ ਉਦੋਂ ਹੈ, ਜਦੋਂ ਜਾਪਾਨ ਵਿੱਚ ਵੱਡੀ ਗਿਣਤੀ ਵਿੱਚ ਵਿਦੇਸ਼ੀ ਵੱਸ ਗਏ ਹਨ। ਪਹਿਲੀ ਜਨਵਰੀ 2025 ਦੇ ਡੇਟਾ ਅਨੁਸਾਰ ਜਾਪਾਨ ਦੀ ਕੁੱਲ ਆਬਾਦੀ ਵਿੱਚ 3 ਫੀਸਦੀ ਹਿੱਸੇਦਾਰੀ ਬਾਹਰੀ ਲੋਕਾਂ ਦੀ ਹੈ। ਲੰਘੇ ਇੱਕ ਸਾਲ ਦੇ ਅੰਦਰ ਹੀ ਜਾਪਾਨ ਦੀ ਕੁੱਲ ਆਬਾਦੀ ਵਿੱਚ 0.44 ਫੀਸਦੀ ਦੀ ਕਮੀ ਆ ਗਈ ਹੈ। ਇਸ ਦੀ ਭਰਪਾਈ ਲਈ ਜਾਪਾਨ ਨੇ ਵਿਦੇਸ਼ੀ ਲੋਕਾਂ ਨੂੰ ਸੱਦੇ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਯੋਜਨਾ ਵੀ ਸਿਰੇ ਨਹੀਂ ਚੜ੍ਹ ਪਾ ਰਹੀ।

**65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਗਿਣਤੀ 30 ਫੀਸਦੀ:** ਜਾਪਾਨ ਦੀ ਕੁੱਲ ਆਬਾਦੀ ਵਿੱਚ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਅੰਕੜਾ ਹੁਣ 30 ਫੀਸਦੀ ਹੋ ਗਿਆ ਹੈ। ਇਹ ਦੁਨੀਆਂ ਵਿੱਚ ਦੂਜਾ ਸਭ ਤੋਂ ਵੱਡਾ ਡੇਟਾ ਹੈ, ਪਹਿਲੇ ਨੰਬਰ 'ਤੇ ਮੋਨਾਕੋ ਹੈ। ਜਾਪਾਨ ਵਿੱਚ ਹੁਣ 60 ਫੀਸਦੀ ਆਬਾਦੀ ਹੀ ਵਰਕਿੰਗ ਏਜ ਵਿੱਚ ਹੈ, ਯਾਨੀ 15 ਤੋਂ 64 ਸਾਲ ਦੇ ਵਿਚਕਾਰ ਵਾਲੀ ਹੈ। ਇਹ ਹੀ ਨਹੀਂ, ਜਿਵੇਂ ਜਨਮ ਦਰ ਵਿੱਚ ਕਮੀ ਚੱਲ ਰਹੀ ਹੈ, ਉਸ ਨਾਲ ਅਗਲੇ ਕੁਝ ਸਾਲਾਂ ਵਿੱਚ ਬਜ਼ੁਰਗਾਂ ਦੀ ਗਿਣਤੀ ਨੌਜਵਾਨਾਂ ਤੋਂ ਵੀ ਵੱਧ ਹੋ ਸਕਦੀ ਹੈ।

# ਦੁਨੀਆ ਦੇ ਸਭ ਤੋਂ ਵੱਧ .ਗੈਰ-ਬਰਾਬਰੀ ਵਾ.ਲੇ ਮੁਲਕਾਂ 'ਚ ਭਾਰਤ ਸ਼ਾਮਲ

**ਜਹਾਨਵੀ ਸੇਨ**

## *ਸਿਖ਼ਰਲੇ 1 ਫ਼ੀਸਦੀ ਲੋਕਾਂ ਕੋਲ ਹੈ 40 ਫ਼ੀਸਦੀ ਕੌਮੀ ਸੰਪਤੀ

***ਗਲੋਬਲ.ਗੈਰ-ਬਰਾਬਰੀ ਰਿਪੋਰਟ 2026 'ਚ ਸਾਹਮਣੇ ਆਏ ਅੰਕੜਿਆਂ ਅਨੁਸਾਰ ਦੁਨੀਆ ਦੀ ਸਭ ਤੋਂ ਅਮੀਰ 10 .ਫੀਸਦੀ ਆਬਾਦੀ ਐਨਾ ਕਮਾਉਂਦੀ ਹੈ, ਜਿੰਨਾ ਬਾਕੀ 90 .ਫੀਸਦੀ ਲੋਕਾਂ ਦੀ ਕੁੱਲ ਆਮਦਨ ਮਿਲਾ ਕੇ ਵੀ ਨਹੀਂ ਹੁੰਦੀ। ਭਾਰਤ ਵਿੱਚ ਸਿਖ਼ਰਲੇ 10 .ਫੀਸਦੀ ਲੋਕ ਕੁੱਲ ਕੌਮੀ ਆਮਦਨ ਦਾ 58 .ਫੀਸਦੀ ਕਮਾਉਂਦੇ ਹਨ, ਜਦਕਿ ਹੇਠਲੇ 50 .ਫੀਸਦੀ ਲੋਕਾਂ ਨੂੰ ਸਿਰ.ਫ 15 .ਫੀਸਦੀ ਆਮਦਨ ਮਿਲਦੀ ਹੈ।***




ਸਰੋਤ: ਫੋਰਬਸ

ਦੁਨੀਆ ਦੀ ਸਭ ਤੋਂ ਅਮੀਰ 10 ਫ਼ੀਸਦੀ ਆਬਾਦੀ ਐਨਾ ਕਮਾਉਂਦੀ ਹੈ, ਜਿੰਨਾ ਬਾਕੀ 90 ਫ਼ੀਸਦੀ ਲੋਕਾਂ ਦੀ ਕੁੱਲ ਆਮਦਨ ਮਿਲਾ ਕੇ ਵੀ ਨਹੀਂ ਹੁੰਦੀ। ਇਸ ਤੋਂ ਇਲਾਵਾ ਪੂਰੀ ਦੁਨੀਆ ਵਿੱਚ ਸਿਰਫ਼ 60,000 ਲੋਕਾਂ ਕੋਲ ਅੱਧੀ ਗਲੋਬਲ ਆਬਾਦੀ ਯਾਨੀ ਲਗਭਗ 4.1 ਅਰਬ ਲੋਕਾਂ ਦੀ ਸੰਪਤੀ ਤੋਂ ਤਿੰਨ ਗੁਣਾਂ ਵੱਧ ਧਨ ਹੈ। ਦੁਨੀਆ ਦੀ ਕੁੱਲ ਆਬਾਦੀ ਲਗਭਗ 8.2 ਅਰਬ ਹੈ। ਇਹ ਹੈਰਾਨ ਕਰਨ ਵਾਲੇ ਅੰਕੜੇ ਗਲੋਬਲ ਅਸਮਾਨਤਾ ਰਿਪੋਰਟ 2026 ਵਿੱਚ ਸਾਹਮਣੇ ਆਏ ਹਨ, ਜਿਸ ਨੂੰ ਪੈਰਿਸ ਵਿੱਚ ਗਲੋਬਲ ਅਸਮਾਨਤਾ ਲੈਬ ਦੇ ਅਰਥਸ਼ਾਸਤਰੀ ਲੂਕਸ ਚੈਨਸਲ, ਰਿਕਾਰਡੋ ਗੋਮੇਜ਼-ਕਾਰੇਰਾ, ਰੋਵਾਈਦਾ ਮੋਸ਼ਰੀਫ਼ ਅਤੇ ਥੌਮਸ ਪਿਕੇਟੀ ਨੇ ਸੰਪਾਦਿਤ ਕੀਤਾ ਹੈ। ਰਿਪੋਰਟ ਨਾ ਸਿਰਫ਼ ਸੰਪਤੀ ਦੀ ਵਧਦੀ ਅਸਮਾਨਤਾ 'ਤੇ ਰੌਸ਼ਨੀ ਪਾਉਂਦੀ ਹੈ, ਬਲਕਿ ਦੱਸਦੀ ਹੈ ਕਿ ਇਹ ਅਸਮਾਨਤਾ ਕਿਵੇਂ ਦੁਨੀਆ ਭਰ ਵਿੱਚ ਲੋਕਾਂ ਦੇ ਜੀਵਨ ਨੂੰ ਆਕਾਰ ਦੇ ਰਹੀ ਹੈ। ਰਿਪੋਰਟ ਅਨੁਸਾਰ ਭਾਰਤ ਦੁਨੀਆ ਦੇ ਸਭ ਤੋਂ ਅਸਮਾਨ ਦੇਸ਼ਾਂ ਵਿੱਚੋਂ ਇੱਕ ਹੈ ਅਤੇ ਇਹ ਸਥਿਤੀ ਕਈ ਸਾਲਾਂ ਤੋਂ ਬਣੀ ਹੋਈ ਹੈ। "ਭਾਰਤ ਵਿੱਚ ਟਾਪ 10 ਫ਼ੀਸਦੀ ਲੋਕ ਕੁੱਲ ਰਾਸ਼ਟਰੀ ਆਮਦਨ ਦਾ 58 ਫ਼ੀਸਦੀ ਕਮਾਉਂਦੇ ਹਨ, ਜਦਕਿ ਹੇਠਲੇ 50 ਫ਼ੀਸਦੀ ਲੋਕਾਂ ਨੂੰ ਸਿਰਫ਼ 15 ਫ਼ੀਸਦੀ ਆਮਦਨ ਮਿਲਦੀ ਹੈ। ਸੰਪਤੀ ਵਿੱਚ ਅਸਮਾਨਤਾ ਹੋਰ ਵੀ ਵੱਧ ਹੈ।... ਸਭ ਤੋਂ ਅਮੀਰ 10 ਫ਼ੀਸਦੀ ਕੋਲ ਕੁੱਲ ਸੰਪਤੀ ਦਾ 65 ਫ਼ੀਸਦੀ ਅਤੇ ਟਾਪ 1 ਫ਼ੀਸਦੀ ਕੋਲ ਲਗਭਗ 40 ਫ਼ੀਸਦੀ ਹਿੱਸਾ ਹੈ।"

ਰਿਪੋਰਟ ਕਹਿੰਦੀ ਹੈ ਕਿ ਇਹ ਸਥਿਤੀ ਬਦਲੀ ਜਾ ਸਕਦੀ ਹੈ, ਬਸ਼ਰਤੇ ਇਸ ਲਈ ਰਾਜਨੀਤਿਕ ਇੱਛਾਸ਼ਕਤੀ ਹੋਵੇ ਅਤੇ ਗਲੋਬਲ ਯਤਨ ਕੀਤੇ ਜਾਣ। ਰਿਪੋਰਟ ਮੁਤਾਬਿਕ 'ਅਸਮਾਨਤਾ ਇੱਕ ਰਾਜਨੀਤਿਕ ਫ਼ੈਸਲਾ ਹੈ। ਇਹ ਸਾਡੀਆਂ ਨੀਤੀਆਂ ਅਤੇ ਸੰਸਥਾਗਤ ਢਾਂਚਿਆਂ ਦਾ ਨਤੀਜਾ ਹੈ। ਵਧਦੀ ਅਸਮਾਨਤਾ ਦੇ ਨਤੀਜੇ ਹਨ- ਵਧਦੀ ਕਾਣੀ ਵੰਡ, ਕਮਜ਼ੋਰ ਲੋਕਤੰਤਰ ਅਤੇ ਜਲਵਾਯੂ ਸੰਕਟ, ਜਿਸ ਦਾ ਬੋਝ ਸਭ ਤੋਂ ਵੱਧ ਉਨ੍ਹਾਂ 'ਤੇ ਪੈਂਦਾ ਹੈ ਜੋ ਇਸ ਲਈ ਸਭ ਤੋਂ ਘੱਟ ਜ਼ਿੰਮੇਵਾਰ ਹਨ; ਪਰ ਸੁਧਾਰ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ। ਜਿੱਥੇ ਟੈਕਸ ਵਿਵਸਥਾ ਨਿਆਂਪੂਰਨ ਹੈ ਅਤੇ ਸਮਾਜਿਕ ਨਿਵੇਸ਼ ਨੂੰ ਤਰਜੀਹ ਦਿੱਤੀ ਜਾਂਦੀ ਹੈ, ਉੱਥੇ ਅਸਮਾਨਤਾ ਘਟਦੀ ਹੈ। ਉਪਕਰਨ ਸਾਡੇ ਕੋਲ ਹਨ; ਕਮੀ ਹੈ ਤਾਂ ਸਿਰਫ਼ ਰਾਜਨੀਤਿਕ ਇੱਛਾਸ਼ਕਤੀ ਦੀ।'

**ਹੇਠਾਂ ਰਿਪੋਰਟ ਦੀਆਂ ਸੱਤ ਮੁੱਖ ਗੱਲਾਂ ਦਿੱਤੀਆਂ ਗਈਆਂ ਹਨ, ਜੋ ਖ਼ਾਸ ਤੌਰ 'ਤੇ ਭਾਰਤ 'ਤੇ ਕੇਂਦ੍ਰਿਤ ਹਨ:**

**1.** ਗਲੋਬਲ ਅਸਮਾਨਤਾ ਨਾ ਸਿਰਫ਼ ਮੌਜੂਦ ਹੈ, ਬਲਕਿ ਵਧ ਰਹੀ ਹੈ। ਦੁਨੀਆ ਦੀ ਅੱਧੀ ਆਬਾਦੀ (ਹੇਠਲੇ ਫ਼ੀਸਦੀ) ਕੋਲ ਸਿਰਫ਼ 2 ਫ਼ੀਸਦੀ ਸੰਪਤੀ ਹੈ ਅਤੇ ਉਹ 8 ਫ਼ੀਸਦੀ ਕਮਾਈ ਕਰਦੇ ਹਨ।

ਟਾਪ 0.001 ਫ਼ੀਸਦੀ ਆਬਾਦੀ ਦੀ ਸੰਪਤੀ ਲਗਾਤਾਰ ਵਧ ਰਹੀ ਹੈ, ਸਾਲ 1995 ਵਿੱਚ ਇਹ 4 ਫ਼ੀਸਦੀ ਸੀ, ਜੋ 2025 ਤੱਕ ਲਗਭਗ 6 ਫ਼ੀਸਦੀ ਹੋ ਗਈ ਹੈ।

**2.** ਦੁਨੀਆ ਦੇ ਸਭ ਤੋਂ ਵੱਧ ਅਸਮਾਨਤਾ ਵਾ.ਲੇ ਦੇਸ਼ਾਂ ਵਿੱਚੋਂ ਇੱਕ ਭਾਰਤ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਲ ਹੈ, ਜਿੱਥੇ ਸੰਪਤੀ ਕੁਝ ਹੱਥਾਂ ਤੱਕ ਸੀਮਤ ਹੋ ਗਈ ਹੈ। ਦੇਸ਼ ਦੀ 10 ਫ਼ੀਸਦੀ ਅਮੀਰ ਆਬਾਦੀ ਕੋਲ ਕੁੱਲ ਸੰਪਤੀ ਦਾ 65 ਫ਼ੀਸਦੀ ਹਿੱਸਾ ਹੈ, ਜਿਸ ਵਿੱਚ 1 ਫ਼ੀਸਦੀ ਸਭ ਤੋਂ ਅਮੀਰ ਲੋਕਾਂ ਕੋਲ 40 ਫ਼ੀਸਦੀ ਸੰਪਤੀ ਹੈ।

ਕਮਾਈ ਦੇ ਮਾਮਲੇ ਵਿੱਚ ਵੀ ਇਹੀ ਅਸਮਾਨਤਾ ਹੈ। ਟਾਪ 10 ਫ਼ੀਸਦੀ ਲੋਕ ਕੌਮੀ ਆਮਦਨ ਦਾ 58 ਫ਼ੀਸਦੀ ਕਮਾਉਂਦੇ ਹਨ, ਜਦਕਿ ਹੇਠਲੇ 50 ਫ਼ੀਸਦੀ ਨੂੰ ਸਿਰਫ਼ 15 ਫ਼ੀਸਦੀ ਹਿੱਸਾ ਮਿਲਦਾ ਹੈ।

**3. ਜਲਵਾਯੂ ਪਰਿਵਰਤਨ: ਅਸਮਾਨ ਨਿਕਾਸ, ਅਸਮਾਨ ਖ਼ਤਰੇ**

ਰਿਪੋਰਟ ਦੱਸਦੀ ਹੈ ਕਿ ਦੁਨੀਆ ਦੀ ਗਰੀਬ 50 ਫ਼ੀਸਦੀ ਆਬਾਦੀ ਨਿੱਜੀ ਸੰਪਤੀ ਨਾਲ ਜੁੜੀ ਕੁੱਲ ਕਾਰਬਨ ਨਿਕਾਸ ਦਾ ਸਿਰਫ਼ 3 ਫ਼ੀਸਦੀ ਕਰਦੀ ਹੈ, ਜਦਕਿ 10 ਫ਼ੀਸਦੀ ਅਮੀਰ ਲੋਕ 77 ਫ਼ੀਸਦੀ ਕਾਰਬਨ ਨਿਕਾਸ ਲਈ ਜ਼ਿੰਮੇਵਾਰ ਹਨ। ਫਿਰ ਵੀ ਜਦੋਂ ਜਲਵਾਯੂ ਪਰਿਵਰਤਨ ਨਾਲ ਹੋਣ ਵਾਲੇ ਨੁਕਸਾਨ ਦੀ ਗੱਲ ਆਉਂਦੀ ਹੈ ਤਾਂ ਅਮੀਰ ਵਰਗ ਆਪਣੇ ਸਰੋਤਾਂ ਦੀ ਤਾਕਤ ਨਾਲ ਉਸ ਤੋਂ ਆਪਣੇ ਆਪ ਨੂੰ ਕਾਫ਼ੀ ਹੱਦ ਤੱਕ ਬਚਾਅ ਲੈਂਦੇ ਹਨ।

**4.** ਔਰਤਾਂ ਦੀ ਕਿਰਤ ਆਮਦਨ ਵਿੱਚ ਹਿੱਸੇਦਾਰੀ 25 ਫ਼ੀਸਦੀ, 1990 ਜਿੰਨੀ ਹੀ ਹੈ। ਲਿੰਗ ਅਸਮਾਨਤਾ ਅਜੇ ਵੀ ਗੰਭੀਰ ਮੁੱਦਾ ਬਣੀ ਹੋਈ ਹੈ। ਰਿਪੋਰਟ ਕਹਿੰਦੀ ਹੈ, 'ਔਰਤਾਂ ਵੱਧ ਕੰਮ ਕਰ ਰਹੀਆਂ ਹਨ, ਪਰ ਮਰਦਾਂ ਤੋਂ ਘੱਟ ਕਮਾ ਰਹੀਆਂ ਹਨ।' ਤਨਖ਼ਾਹ ਤੋਂ ਬਿਨਾ ਕੰਮਾਂ ਨੂੰ ਛੱਡ ਦਿੱਤਾ ਜਾਵੇ, ਤਾਂ ਔਰਤਾਂ ਮਰਦਾਂ ਨਾਲੋਂ ਘੱਟ 61 ਫ਼ੀਸਦੀ ਪ੍ਰਤੀ ਘੰਟੇ ਦੀ ਆਮਦਨ ਹਾਸਲ ਕਰਦੀਆਂ ਹਨ। ਰਿਪੋਰਟ ਅਨੁਸਾਰ, 'ਇਹ ਅਸਮਾਨਤਾ ਔਰਤਾਂ ਦੇ ਕਰੀਅਰ, ਰਾਜਨੀਤੀ ਵਿੱਚ ਹਿੱਸੇਦਾਰੀ ਅਤੇ ਸੰਪਤੀ ਹਾਸਲ ਕਰਨ ਦੀ ਸਮਰੱਥਾ ਨੂੰ ਸੀਮਤ ਕਰਦੀ ਹੈ।'

**5. ਖੇਤਰੀ ਅਸਮਾਨਤਾਵਾਂ ਅਜੇ ਵੀ ਬਣੀਆਂ ਹੋਈਆਂ ਹਨ**

ਰਿਪੋਰਟ ਅਨੁਸਾਰ ਗਲੋਬਲ ਔਸਤ ਆਮਦਨ ਦੇ ਅੰਕੜੇ ਇਹ ਨਹੀਂ ਦਰਸਾਉਂਦੇ ਕਿ ਵੱਖ-ਵੱਖ ਖੇਤਰਾਂ ਵਿੱਚ ਕਿੰਨਾ ਵੱਡਾ ਅੰਤਰ ਮੌਜੂਦ ਹੈ। 'ਉੱਤਰੀ ਅਮਰੀਕਾ ਅਤੇ ਓਸ਼ੀਨੀਆ ਵਿੱਚ ਔਸਤ ਰੋਜ਼ਾਨਾ ਆਮਦਨ ਲਗਭਗ 125 ਯੂਰੋ ਹੈ, ਜਦਕਿ ਸਹਾਰਾ ਦੇ ਦੱਖਣ ਵਿੱਚ ਅਫ਼ਰੀਕਾ ਵਿੱਚ ਇਹ ਸਿਰਫ਼ 10 ਯੂਰੋ ਹੈ।'

**6. ਗਲੋਬਲ ਵਿੱਤੀ ਵਿਵਸਥਾ ਅਮੀਰ ਦੇਸ਼ਾਂ ਦੇ ਪੱਖ ਵਿੱਚ**

ਰਿਪੋਰਟ ਦਾ ਕਹਿਣਾ ਹੈ ਕਿ ਇਹ ਅਸਮਾਨਤਾ ਸੰਜੋਗ ਨਹੀਂ ਹੈ, ਬਲਕਿ ਕਈ ਕਾਰਨਾਂ ਨਾਲ ਬਣੀ ਹੈ, ਜੋ ਅਮੀਰ ਅਰਥਵਿਵਸਥਾਵਾਂ ਅਤੇ ਰਿਜ਼ਰਵ ਮੁਦਰਾ ਵਾਲੇ ਦੇਸ਼ਾਂ ਨੂੰ ਕੇਂਦਰ ਵਿੱਚ ਰੱਖ ਕੇ ਬਣਾਈ ਗਈ ਹੈ। 'ਮੌਜੂਦ ਅੰਤਰਰਾਸ਼ਟਰੀ ਵਿੱਤੀ ਢਾਂਚਾ ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਇਹ ਅਮੀਰ ਦੇਸ਼ਾਂ ਨੂੰ ਲਾਭ ਪਹੁੰਚਾਉਂਦਾ ਹੈ। ਉਹ ਦੇਸ਼ ਜਿਨ੍ਹਾਂ ਦੀ ਮੁਦਰਾ ਰਿਜ਼ਰਵ ਮੁਦਰਾ ਵਜੋਂ ਮੰਨੀ ਜਾਂਦੀ ਹੈ, ਉਹ ਘੱਟ ਵਿਆਜ਼ ਦਰਾਂ 'ਤੇ ਕਰਜ਼ ਲੈ ਸਕਦੇ ਹਨ, ਵੱਧ ਦਰਾਂ 'ਤੇ ਉਧਾਰ ਦੇ ਸਕਦੇ ਹਨ ਅਤੇ ਗਲੋਬਲ ਬਚਤ ਨੂੰ ਆਕਰਸ਼ਿਤ ਕਰ ਸਕਦੇ ਹਨ। ਜਦਕਿ ਵਿਕਾਸਸ਼ੀਲ ਦੇਸ਼ਾਂ ਨੂੰ ਮਹਿੰਗੇ ਕਰਜ਼ੇ, ਘੱਟ ਮੁਨਾਫ਼ੇ ਅਤੇ ਪੂੰਜੀ ਦੇ ਪਲਾਇਨ ਦਾ ਸਾਹਮਣਾ ਕਰਨਾ ਪੈਂਦਾ ਹੈ।'

**7. ਬਦਲਾਅ ਸੰਭਵ ਹੈ: ਪ੍ਰਗਤੀਸ਼ੀਲ ਕਰ ਵਿਵਸਥਾ ਅਤੇ ਗਲੋਬਲ ਸੰਪਤੀ ਕਰ ਦੀ ਲੋੜ**

ਰਿਪੋਰਟ ਕਹਿੰਦੀ ਹੈ ਕਿ ਅਸਮਾਨਤਾ ਨੂੰ ਸਥਾਈ ਨਹੀਂ ਮੰਨਣਾ ਚਾਹੀਦਾ। 'ਜਦੋਂ ਟੈਕਸ ਵਿਵਸਥਾ ਪ੍ਰਗਤੀਸ਼ੀਲ ਹੁੰਦੀ ਹੈ ਅਤੇ ਸਰੋਤਾਂ ਦਾ ਪੁਨਰਵੰਡਨ ਨਿਆਂਪੂਰਨ ਤਰੀਕੇ ਨਾਲ ਕੀਤਾ ਜਾਂਦਾ ਹੈ ਤਾਂ ਅਸਮਾਨਤਾ ਘਟਦੀ ਹੈ।'

ਸਮੱਸਿਆ ਇਹ ਹੈ ਕਿ ਅਮੀਰਾਂ 'ਤੇ ਟੈਕਸ ਦਾ ਬੋਝ ਘੱਟ ਹੈ ਅਤੇ ਗਰੀਬਾਂ 'ਤੇ ਵੱਧ। 'ਵਧੇਰੇ ਆਬਾਦੀ ਲਈ ਆਮਦਨ ਦਰਾਂ ਹੌਲੀ-ਹੌਲੀ ਵਧਦੀਆਂ ਹਨ, ਪਰ ਅਰਬਪਤੀਆਂ ਲਈ ਇਹ ਅਚਾਨਕ ਡਿੱਗ ਜਾਂਦੀਆਂ ਹਨ। ਅਮੀਰ ਵਰਗ ਗਰੀਬ ਪਰਿਵਾਰਾਂ ਨਾਲੋਂ ਆਪਣੀ ਆਮਦਨ ਦਾ ਬਹੁਤ ਘੱਟ ਹਿੱਸਾ ਟੈਕਸ ਵਜੋਂ ਦਿੰਦੇ ਹਨ। ਇਸ ਕਾਰਨ ਸਰਕਾਰਾਂ ਕੋਲ ਸਿੱਖਿਆ, ਸਿਹਤ ਅਤੇ ਜਲਵਾਯੂ ਕਾਰਵਾਈ ਲਈ ਕਾਫ਼ੀ ਸਰੋਤ ਨਹੀਂ ਬਚਦੇ ਅਤੇ ਟੈਕਸ ਵਿਵਸਥਾ 'ਤੇ ਜਨਤਾ ਦਾ ਵਿਸ਼ਵਾਸ ਵੀ ਘਟਦਾ ਹੈ। ਪ੍ਰਗਤੀਸ਼ੀਲ ਟੈਕਸ ਨਾ ਸਿਰਫ਼ ਅਸਮਾਨਤਾ ਘਟਾਉਂਦਾ ਹੈ, ਬਲਕਿ ਟੈਕਸ ਸਿਸਟਮ ਵਿੱਚ ਨਿਆਂ ਅਤੇ ਵਿਸ਼ਵਾਸ ਵੀ ਮਜਬੂਤ ਕਰਦਾ ਹੈ।'

ਰਿਪੋਰਟ ਦਾ ਅਨੁਮਾਨ ਹੈ ਕਿ 'ਜੇ ਦੁਨੀਆ ਦੇ 1 ਲੱਖ ਤੋਂ ਘੱਟ ਅਰਬਪਤੀ ਅਤੇ ਬਹੁਤ ਅਮੀਰਾਂ ਤੇ 3 ਫ਼ੀਸਦੀ ਦਾ ਗਲੋਬਲ ਸੰਪਤੀ ਟੈਕਸ ਲਗਾਇਆ ਜਾਵੇ ਤਾਂ ਹਰ ਸਾਲ 750 ਅਰਬ ਡਾਲਰ ਜੁਟਾਏ ਜਾ ਸਕਦੇ ਹਨ। ਜੋ ਗਰੀਬ ਅਤੇ ਮੱਧਮ ਆਮਦਨੀ ਵਾਲੇ ਦੇਸ਼ਾਂ ਦੇ ਕੁੱਲ ਸਿੱਖਿਆ ਬਜਟ ਦੇ ਬਰਾਬਰ ਹੈ।'

---

**ਤਜਰਬਾ**

# ਜਦੋਂ ਪੁਲਿਸ ਮੁਲਾਜ਼ਮ ਭਾਵੁਕ ਹੋਏ

**ਸੁਖਜੀਤ ਸਿੰਘ ਵਿਰਕ***
**ਫੋਨ+91-9815897878**



ਪੰਜਾਬ ਦੇ ਅਮਨ ਕਾਨੂੰਨ ਦੀ ਵਿਵਸਥਾ ਅਤੇ ਲੋਕਾਂ ਦੇ ਜਾਨ-ਮਾਲ ਦੀ ਰਖਵਾਲੀ ਕਰਨ ਵਾਲਾ ਪੁਲਿਸ ਮਹਿਕਮਾ ਅਕਸਰ ਹੀ ਕਿਸੇ ਨਾ ਕਿਸੇ ਵਾਦ-ਵਿਵਾਦ ਵਿੱਚ ਘਿਰਿਆ ਸੁਰਖੀਆਂ ਵਿੱਚ ਬਣਿਆ ਰਹਿੰਦੈ, ਪੁਲਿਸ ਮੁਲਾਜ਼ਮ ਜਾਂ ਅਫਸਰ ਤੋਂ ਅਚੇਤ ਹੋਈ ਗਲਤੀ ਨੂੰ ਵੀ ਵਿਸ਼ੇਸ਼ ਬਣਾ ਕੇ ਉਭਾਰਨ ਵਿੱਚ ਹਰੇਕ ਵਰਗ ਦੇ ਲੋਕ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ, ਜਦੋਂ ਕਿ ਉਹ ਅਤੀ ਮੁਸ਼ਕਿਲ ਹਾਲਾਤ ਅਤੇ ਦੁਸ਼ਵਾਰੀਆਂ ਵਿੱਚ ਕੰਮ ਕਰਦੇ ਹੋਏ ਜ਼ਿੰਮੇਵਾਰੀਆਂ ਨਿਭਾਉਂਦੇ ਹਨ। ਚੌਵੀ ਘੰਟੇ ਲੋਕ ਸੇਵਾ ਹਿੱਤ ਥਾਣਿਆਂ ਵਿੱਚ ਹਾਜ਼ਰ ਪੁਲਿਸ ਮੁਲਾਜ਼ਮਾਂ ਕੋਲ ਹਰ ਕੋਈ ਆਪਣੇ ਕੰਮ ਅਤੇ ਦੁੱਖ-ਦਰਦ ਬਿਆਨ ਕਰਨ ਲਈ ਹੀ ਜਾਂਦੈ, ਪਰ ਇਨ੍ਹਾਂ ਦੇ ਦੁੱਖ-ਦਰਦ ਕੋਈ ਵੀ ਵਰਗ ਜਾਣਨ, ਸੁਣਨ ਜਾਂ ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰਦਾ। ਹਾਲਾਂਕਿ ਕਿਸੇ ਵੀ ਮੁਸ਼ਕਿਲ ਦੀ ਘੜੀ ਵਿੱਚ ਪੁਲਿਸ ਨੂੰ ਰੱਬ ਤੋਂ ਵੀ ਪਹਿਲਾਂ ਯਾਦ ਕੀਤਾ ਜਾਂਦੈ ਅਤੇ ਪੁਲਿਸ ਅਤੀ ਸੀਮਤ ਸਹੂਲਤਾਂ ਦੇ ਬਾਵਜੂਦ ਆਪਣੀ ਸਮਰੱਥਾ ਤੋਂ ਕਿਤੇ ਵੱਧ ਤੇ ਵੱਡੀਆਂ ਜ਼ਿੰਮੇਵਾਰੀਆਂ ਦਾ ਬੋਝ ਆਪਣੇ ਮੋਢਿਆਂ 'ਤੇ ਚੁੱਕ ਰਹੀ ਹੈ।

ਦਹਾਕਿਆਂ ਪੁਰਾਣੀ ਮਨਜ਼ੂਰ-ਸ਼ੁਦਾ ਨਫਰੀ ਥਾਣਿਆਂ ਵਿੱਚ ਅੱਜ ਵੀ ਪੂਰੀ ਨਹੀਂ। ਨਫਰੀ ਦੀ ਵੱਡੀ ਘਾਟ ਕਾਰਨ ਇੱਕ-ਇੱਕ ਕਰਮਚਾਰੀ ਚਾਰ-ਚਾਰ ਕਰਮਚਾਰੀਆਂ ਜਿੰਨਾ ਕੰਮ ਕਰ ਰਿਹੈ। ਹਫਤਾਵਾਰੀ ਰੈਸਟ ਦਾ ਫਾਰਮੂਲਾ ਵੀ ਜਮੀਨੀ ਪੱਧਰ 'ਤੇ ਕਦੇ ਲਾਗੂ ਨਹੀਂ ਹੋ ਸਕਿਆ। ਅਤੀ ਜਰੂਰੀ ਤੇ ਮੁਸੀਬਤ ਦੇ ਹਾਲਾਤ ਵਿੱਚ ਵੀ ਛੁੱਟੀ ਮੁਸ਼ਕਿਲ ਨਾਲ ਮਿਲਦੀ ਹੈ ਅਤੇ ਆਰਾਮ ਜਾਂ ਨੀਂਦ ਪੂਰੀ ਕਰਨ ਦਾ ਵੀ ਪੂਰਾ ਵਕਤ ਨਹੀਂ ਮਿਲਦਾ। ਨਤੀਜਤਨ ਪੁਲਿਸ ਕਰਮਚਾਰੀ ਅਕਸਰ ਹੀ ਥੱਕੇ, ਬੇਚੈਨ, ਖਿਝੇ, ਖੁਸ਼ਕ ਅਤੇ ਰੁੱਖੇ ਰਵੱਈਏ ਨਾਲ ਮਿਲਦੇ ਹਨ। ਬੇਆਰਾਮੀ ਅਤੇ ਕਈ ਤਰ੍ਹਾਂ ਦੇ ਹੋਰ ਦਬਾਅ ਕਾਰਨ ਬਹੁਤ ਸਾਰੇ ਪੁਲਿਸ ਕਰਮਚਾਰੀ ਸ਼ੂਗਰ, ਬਲੱਡ ਪ੍ਰੈਸ਼ਰ, ਹਿਰਦੇ ਰੋਗ, ਡਿਪਰੈਸ਼ਨ ਸਮੇਤ ਕਈ ਹੋਰ ਘਾਤਕ ਬਿਮਾਰੀਆਂ ਦੇ ਸ਼ਿਕਾਰ ਹਨ। ਆਪਣੇ ਦੁੱਖਾਂ-ਦਰਦਾਂ ਨੂੰ ਅੰਦਰੇ-ਅੰਦਰ ਘੁੱਟ ਕੇ ਲਗਭਗ ਸਾਰੇ ਹੀ ਕਰਮਚਾਰੀ ਅਤੇ ਅਫਸਰ ਜੋ ਜਮੀਨੀ ਪੱਧਰ 'ਤੇ ਡਿਊਟੀ ਕਰਦੇ ਹਨ, ਵੱਡੇ ਪੱਧਰ 'ਤੇ ਤਣਾਅ ਵਿੱਚ ਰਹਿੰਦੇ ਹਨ।



ਇਹ ਹਾਲਾਤ ਅੱਖੀਂ ਵੇਖੇ ਅਤੇ ਹੰਢਾਏ ਹੋਣ ਕਾਰਨ ਇਨ੍ਹਾਂ ਨੂੰ ਤਣਾਅ ਤੋਂ ਮੁਕਤ ਰਹਿਣ ਦੀਆਂ ਵਿਧੀਆਂ ਸਿਖਾਉਣ ਦਾ ਖਿਆਲ ਆਇਆ, ਜੋ ਮੈਂ ਖੁਦ ਸਿੱਖੀਆਂ ਅਤੇ ਅਪਣਾਈਆਂ ਹਨ। ਪਿਛਲੇ ਦਿਨੀਂ ਇਸ ਬਾਰੇ ਪੀ.ਪੀ.ਏ. ਫਿਲੌਰ ਦੇ ਸੰਬੰਧਿਤ ਵਿਭਾਗ ਦੇ ਮੁਖੀ ਡਾਕਟਰ ਜਸਵਿੰਦਰ ਸਿੰਘ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਖੁੱਲੇ ਦਿਲ ਨਾਲ ਸਵਾਗਤ ਕਰਦੇ ਹੋਏ ਤੁਰੰਤ ਹਾਂ ਕਰ ਦਿੱਤੀ, ਮਿਥੇ ਸਮੇਂ 'ਤੇ ਪੁੱਜੇ ਸਾਡੇ ਟੀਮ ਮੈਂਬਰਾਂ ਨਾਲ ਰਸਮੀ ਜਾਣ-ਪਛਾਣ ਉਪਰੰਤ ਬਿਨਾ ਰੁਕੇ ਲਗਾਤਾਰ ਪੰਜ ਘੰਟੇ ਚੱਲੇ ਸੰਵਾਦ ਵਿੱਚ ਟੀਮ ਦੇ ਮੁੱਖ ਬੁਲਾਰੇ ਪ੍ਰਸਿੱਧ ਹਿਪਨੋਟਿਸਟ ਹਰਮਨ ਸਿੰਘ ਨੇ ਜਦੋਂ ਮਿੱਠ ਬੋਲੜੇ ਅੰਦਾਜ਼ ਵਿੱਚ ਰੂਹਾਂ ਦੀ ਭਾਵਨਾਤਮਕ ਸਾਂਝ ਪਾਉਂਦੇ ਹੋਏ ਇੱਕ ਹਜ਼ਾਰ ਦੇ ਕਰੀਬ ਹਾਜ਼ਰ ਕਰਮਚਾਰੀਆਂ ਨੂੰ ਆਪਣੇ ਅੰਦਰ ਘੁੱਟ ਕੇ ਰੱਖੇ ਦੁੱਖ-ਦਰਦ, ਸ਼ਿਕਵੇ, ਡਰ ਅਤੇ ਵਲਵਲੇ ਖੁੱਲ੍ਹੇਆਮ ਵਿਅਕਤ ਕਰਨ ਦਾ ਮੌਕਾ ਦਿੱਤਾ ਤਾਂ ਸ਼ਾਇਦ ਪੀ.ਪੀ.ਏ. ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰ ਵਾਪਰਿਆ ਕਿ ਕੁਰੱਖਤ ਅਤੇ ਰੁੱਖੇ ਸਮਝੇ ਜਾਂਦੇ ਪਰ ਭਾਵੁਕ ਹੋਏ ਪੁਲਿਸ ਵਾਲੇ ਵੱਡੀ ਗਿਣਤੀ ਵਿੱਚ ਕੁਰਸੀਆਂ ਤੋਂ ਉੱਠ ਕੇ ਆਪਣੇ ਵਲਵਲੇ ਪ੍ਰਗਟਾਉਂਦੇ ਹੋਏ ਸਾਡੇ ਗਲ ਲੱਗ ਕੇ ਫੁੱਟ ਫੁੱਟ ਕੇ ਇੰਜ ਰੋਅ ਪਏ, ਜਿਵੇਂ ਕਿਸੇ ਆਪਣੇ ਨੇ ਉਨ੍ਹਾਂ ਦੇ ਦੁੱਖ-ਦਰਦ ਅਤੇ ਭਾਵਨਾਵਾਂ ਸਮਝਦੇ ਹੋਏ ਕਲਾਵੇ ਵਿੱਚ ਲੈ ਕੇ ਉਨ੍ਹਾਂ ਦੀਆਂ ਦੁੱਖਦੀਆਂ ਰਗਾਂ 'ਤੇ ਮੱਲ੍ਹਮ ਲਾਉਂਦਾ ਮਲੂਕੜਾ ਹੱਥ ਰੱਖ ਦਿੱਤਾ ਹੋਵੇ।

ਮਨ ਹੌਲਾ ਅਤੇ ਸੰਵਾਦ ਦੀ ਸਾਂਝ ਗੂੜ੍ਹੀ ਹੋਣ ਉਪਰੰਤ ਸਾਡੇ ਅਸਲ ਮਕਸਦ ਦੀ ਵਿਉਂਤ ਅਨੁਸਾਰ ਤਣਾਅ ਤੋਂ ਮੁਕਤ ਹੋਣ ਦੀਆਂ ਵਿਧੀਆਂ ਬਾਰੇ ਦੱਸਣ ਦਾ ਮਾਹੌਲ ਬਣਿਆ ਤਾਂ ਸਭਨਾਂ ਨੇ ਬਹੁਤ ਹੀ ਉਤਸੁਕਤਾ ਅਤੇ ਦਿਲਚਸਪੀ ਨਾਲ ਸਾਰੇ ਢੰਗ ਤਰੀਕੇ ਸਿੱਖੇ, ਬਹੁਤ ਸਾਰੇ ਕਰਮਚਾਰੀ ਤਾਂ ਦੱਸੇ ਗਏ ਤਰੀਕੇ ਮੌਕੇ 'ਤੇ ਹੀ ਆਪਣੇ ਉਤੇ ਅਜਮਾਉਂਦਿਆਂ ਤੁਰਤ ਫੁਰਤ ਮਣਾਂ ਮੂੰਹੀਂ ਬੋਝ ਤੋਂ ਨਵਿਰਤ ਅਤੇ ਮੰਤਰ-ਮੁਗਧ ਹੋ ਆਲੇ-ਦੁਆਲੇ ਤੋਂ ਬੇਫਿਕਰ ਕਿਸੇ ਅਦੁੱਤੀ ਆਨੰਦ ਵਿੱਚ ਖੋਅ ਗਏ; ਕੁਝ ਖੁਸ਼ੀ ਵਿੱਚ ਨੱਚਣ ਲੱਗੇ। ਸਾਡੀ ਆਸ ਤੋਂ ਕਿਤੇ ਵੱਧ ਕਿਸੇ ਕ੍ਰਿਸ਼ਮੇ ਵਾਂਗ ਵਾਪਰੇ ਇਸ ਨਿਵੇਕਲੇ ਅਨੁਭਵ ਨਾਲ ਭਰਪੂਰ ਖੁਸ਼ੀ ਵਿੱਚ ਝੂਮਦੇ ਪੁਲਿਸ ਕਰਮਚਾਰੀ ਸ਼ਾਇਦ ਪਹਿਲੀ ਵਾਰ ਜ਼ਿੰਦਗੀ ਦਾ ਅਜਿਹਾ ਅਸਲ ਆਨੰਦ ਮਾਣ ਰਹੇ ਸਨ, ਜੋ ਖਾਕੀ ਵਰਦੀ ਦੀਆਂ ਜ਼ਿੰਮੇਵਾਰੀਆਂ ਦੇ ਬੋਝ ਥੱਲੇ ਕਿਧਰੇ ਡੂੰਘਾ ਦੱਬ ਗਿਆ ਸੀ। ਬਹੁਤ ਸਾਰੇ ਮੁਲਾਜ਼ਮ ਅੱਖਾਂ ਵਿੱਚ ਅੱਥਰੂ ਲਈ ਗਿਲਾ ਕਰ ਰਹੇ ਸਨ ਕਿ ਇਸ ਅਤੀ ਲੋੜੀਂਦੇ ਵਿਸ਼ੇ ਸੰਬੰਧੀ ਪ੍ਰੋਗਰਾਮ ਲੈ ਕੇ ਆਉਣ ਵਿੱਚ ਅਸੀਂ ਦੇਰੀ ਕਿਉਂ ਕੀਤੀ!

ਪ੍ਰੋਗਰਾਮ ਸੰਪੰਨ ਹੋਣ ਤੱਕ ਜੀਵਨ ਜਾਚ ਵਿੱਚ ਇੱਕ ਨਵੀਂ ਪ੍ਰਭਾਤ ਦੀ ਸ਼ੁਰੂਆਤ ਹੋਣ 'ਤੇ ਨਮ ਅੱਖਾਂ ਪਰ ਅਤਿਅੰਤ ਖੁਸ਼ੀ ਨਾਲ ਤੱਕਦੇ ਮੁਲਾਜ਼ਮ ਵਿਦਾ ਹੋਣ ਵੇਲੇ ਸਾਡੇ ਮੁੜ ਮੁੜ ਗਲੇ ਮਿਲ ਕੇ ਫਿਰ ਮਿਲਣ ਦਾ ਵਾਅਦਾ ਵਾਰ ਵਾਰ ਮੰਗ ਰਹੇ ਸਨ। ਉਲੀਕੇ ਗਏ ਮਕਸਦ ਨੂੰ ਪੂਰਾ ਹੁੰਦਾ ਵੇਖ ਅਸੀਂ ਵੀ ਉਤਸ਼ਾਹਿਤ ਹੋਏ ਅੰਤਾਂ ਦਾ ਸਕੂਨ ਮਹਿਸੂਸ ਕਰ ਰਹੇ ਸਾਂ। ਉਮੀਦ ਹੈ, ਇਹ ਛੋਟੀ ਜਿਹੀ ਕੋਸ਼ਿਸ਼ ਆਉਣ ਵਾਲੇ ਸਮੇਂ ਵਿੱਚ ਪੁਲਿਸ ਦੀ ਬੇਰੰਗ ਜ਼ਿੰਦਗੀ ਵਿੱਚ ਕਿਸੇ ਸਤਰੰਗੀ ਪੀਂਘ ਦੇ ਰੰਗ ਬਣ ਕੇ ਆਚਾਰ ਵਿਹਾਰ ਵਿੱਚ ਵੱਡੇ ਸੁਧਾਰ ਦੀ ਇੱਕ ਨਵੀਂ ਸ਼ੁਰੂਆਤ ਜਰੂਰ ਕਰੇਗੀ।

*(*ਸੇਵਾਮੁਕਤ ਡੀ.ਐੱਸ.ਪੀ., ਪੰਜਾਬ ਪੁਲਿਸ)*

ਛੋਟੀ ਉਮਰ ਦੀ ਵੱਡੀ ਦਾਸਤਾਨ

# ਦਾਸਤਾਨਿ-ਸ਼ਹਾਦਤ ਚਾਰ ਸਾਹਿਬਜ਼ਾਦੇ

ਡਾ. ਜਸਬੀਰ ਸਿੰਘ ਸਰਨਾ
JbSingh.801@gmail.com



ਗੁਰੂ ਗੋਬਿੰਦ ਸਿੰਘ ਜੀ ਇਨਕਲਾਬ ਦੀ ਸਾਕਾਰ ਮੂਰਤ, ਸਮੁੱਚੇ ਸੰਸਾਰ ਦਾ ਨੂਰ, ਤੇਜੱਸਵੀ ਹੁਸੀਨ ਆਤਮਾ, ਬੇਮਿਸਾਲ ਕਾਰਨਾਮਿਆਂ ਦਾ ਲਿਸ਼ਕਾਰਾ, ਨਿਡਰਤਾ, ਚੜ੍ਹਦੀ ਕਲਾ, ਸੰਸਾਰ ਦੇ ਇਤਿਹਾਸ ਵਿੱਚ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ। ਉਨ੍ਹਾਂ ਸਾਰਾ ਸਰਬੰਸ ਹੀ ਮਨੁੱਖੀ ਆਜ਼ਾਦੀ ਲਈ, ਲੋਕਾਂ ਦੀ ਮਾਨਸਿਕ ਗੁਲਾਮੀ ਨੂੰ ਪਾਸ਼ ਪਾਸ਼ ਕਰਨ ਲਈ ਦਲੇਰੀ ਭਰੇ ਸੰਗਰਾਮ ਹੀ ਨਹੀਂ ਲੜੇ ਸਗੋਂ ਮੁਜੱਸਮ-ਦ੍ਰਿੜ ਸੰਕਲਪ ਦਾ ਨਵਾਂ ਪਾਠ ਇਤਿਹਾਸ ਵਿੱਚ ਆਣ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਦੀ ਦ੍ਰਿੜ੍ਹਤਾ, ਸਵੈ-ਵਿਸ਼ਵਾਸ, ਹੌਸਲੇ ਤੇ ਕੁਰਬਾਨੀ ਦੀ ਸਪਿਰਿਟ ਨੇ ਸਰਬ ਸਮਿਆਂ ਲਈ ਨਿਰਭਉ ਅਤੇ ਨਿਰਵੈਰ ਹੋ ਕੇ ਜੀਵਨ ਸੰਗਰਾਮ ਵਿੱਚ ਜੂਝਣ ਦੀਆਂ ਪੈੜਾਂ ਉਲੀਕ ਦਿੱਤੀਆਂ। ਗੁਰੂ ਸਾਹਿਬ ਨੇ ਆਪਣੀ ਛੋਟੀ ਜਿਹੀ ਉਮਰ ਵਿੱਚ ਕੌਤਕ, ਕਰਤੱਬ ਤੇ ਬਖ਼ਸ਼ਿਸ਼ਾਂ ਕਰ ਕੇ ਮੁਰਦਾ ਕੌਮ ਵਿੱਚ ਅਜਿਹੀ ਰੂਹ ਫੂਕੀ, ਜੋ ਸੰਸਾਰ ਦੀ ਤਵਾਰੀਖ਼ ਦਾ ਇੱਕ ਅਦਭੁਤ ਕ੍ਰਿਸ਼ਮਾ ਸੀ। ਕਲਗੀਧਰ ਪਾਤਸ਼ਾਹ ਦੀ ਜ਼ਿੰਦਗੀ 'ਚ ਅਜਿਹੇ ਸਮੇਂ ਵੀ ਆਏ, ਜਦੋਂ ਉਨ੍ਹਾਂ ਨੂੰ ਭੁੱਖਾਂ ਕੱਟਣੀਆਂ ਪਈਆਂ, ਪੈਰਾਂ ਵਿੱਚ ਕੰਡੇ ਵੀ ਚੁਭਵਾਏ, ਧੁੱਪਾਂ ਵਿੱਚ ਵੀ ਸੜੇ ਅਤੇ ਅਨੇਕਾਂ ਮੁਸੀਬਤਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ, ਪਰ ਆਪਣੇ ਮਿਸ਼ਨ ਵਿੱਚ ਕਦਮ-ਬ-ਕਦਮ ਅੱਗੇ ਹੀ ਤੁਰਦੇ ਗਏ।

5-6 ਦਸੰਬਰ 1705 ਦੀ ਤਾਰੀਕ ਹੈ। ਆਨੰਦਪੁਰ ਸਾਹਿਬ ਨੂੰ ਮੁਗ਼ਲਾਂ, ਪਹਾੜੀ ਰੰਘੜਾਂ ਤੇ ਗੁਜਰਾਂ ਨੇ ਘੇਰਿਆ ਹੋਇਆ ਹੈ। ਆਨੰਦਪੁਰ ਸਾਹਿਬ ਦੇ ਹਾਲਾਤ ਬੜੀ ਸ਼ਿੱਦਤ ਨਾਲ ਦਰਦਨਾਕ ਸਥਿਤੀ ਅਖਤਿਆਰ ਕਰ ਚੁੱਕੇ ਹਨ। ਕਿਲੇ ਅੰਦਰ ਰਾਸ਼ਨ-ਪਾਣੀ ਆਉਣ ਦੇ ਸਾਰੇ ਸਾਧਨ ਦੁਸ਼ਮਣ ਫੌਜਾਂ ਨੇ ਬੰਦ ਕਰ ਦਿੱਤੇ। ਕਿਲੇ ਅੰਦਰ 460 ਦੇ ਕਰੀਬ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ ਹਨ। ਸਿੰਘ ਰੁੱਖਾਂ ਦੇ ਪੱਤਿਆਂ, ਛਿੱਲੜਾਂ 'ਤੇ ਗੁਜ਼ਾਰਾ ਕਰ ਕੇ ਵੀ ਆਪਣਾ ਸਿਦਕ ਬਲਵਾਨ ਰੱਖ ਰਹੇ ਹਨ। ਸਿੰਘਾਂ ਕੋਲੋਂ ਹੁਣ ਹੋਰ ਭੁੱਖ ਬਰਦਾਸ਼ਤ ਨਹੀਂ ਸੀ ਹੋ ਰਹੀ। ਸਿੰਘ ਆਨੰਦਪੁਰ ਕਿਲ੍ਹੇ ਨੂੰ ਛੱਡ ਕੇ ਨਿਕਲ ਜਾਣਾ ਚਾਹੁੰਦੇ ਸਨ। ਕੁਝ ਸਿੰਘਾਂ ਨੇ ਮਾਤਾ ਗੁਜਰੀ ਜੀ ਅੱਗੇ ਫ਼ਰਿਆਦ ਕੀਤੀ। ਕਲਗੀਧਰ ਪਿਤਾ ਨੇ ਪ੍ਰਮੁੱਖ ਸਿੰਘਾਂ ਨਾਲ ਵਿਚਾਰ ਕਰ ਕੇ ਆਨੰਦਪੁਰ ਸਾਹਿਬ ਨੂੰ ਆਖਰੀ ਅਲਵਿਦਾ ਕਰਨ ਦਾ ਫੈਸਲਾ ਸੁਣਾ ਦਿੱਤਾ।

ਆਨੰਦਪੁਰ ਸਾਹਿਬ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਔਰੰਗਜ਼ੇਬ ਵੱਲੋਂ ਆਈ ਚਿੱਠੀ ਪੜ੍ਹੀ। ਗੁਰੂ ਜੀ ਨੇ ਸਾਰਿਆਂ ਨੂੰ ਸਮਝਾ ਦਿੱਤਾ ਸੀ ਕਿ ਸਾਰੇ ਪੈਦਲ, ਇਕੱਠੇ ਜਾਣਗੇ ਅਤੇ ਰਸਤੇ ਵਿੱਚ ਕੋਈ ਨਹੀਂ ਰੁਕੇਗਾ। ਹਥਿਆਰਾਂ ਤੋਂ ਬਗੈਰ ਹੋਰ ਸਾਜ਼ੋ-ਸਾਮਾਨ ਨਾਲ ਲੈ ਜਾਣ ਦੀ ਸਖਤ ਮਨਾਹੀ ਸੀ।

"ਗੁਰੂ ਜੀ ਬਾਦਸ਼ਾਹ ਔਰੰਗਜ਼ੇਬ ਕੋ ਦੱਖਣ ਦੇਸ਼ ਮੇਂ ਭੇਜੀ ਪਤ੍ਰਕਾ ਕੀ ਉਡੀਕ ਮੇਂ ਸਨ। ਸਾਲ ਸਤਰਾਂ ਸੈ ਬਾਸਠ ਪੋਖ ਮਾਸੇ ਦਿਹ ਪੱਚ ਗਏ ਦੱਖਣ ਦੇਸ਼ ਸੇ ਬਾਦਸ਼ਾਹ ਕਾ ਜਾ ਸ਼ਾਹੀ ਪ੍ਰਵਾਨਾ ਕੁਰਾਨ ਕੀ ਜਿਲਦ ਤੇ ਲਿਖਾ ਹੂਆ ਕਾਜ਼ੀ ਲੈ ਕੇ ਅਨੰਦਪੁਰ ਮੇਂ ਆਏ ਗਇਆ। ਗੁਰੂ ਜੀ ਨੇ ਉਦੈ ਸਿੰਘ ਆਦਿ ਮੁਖੀ ਸਿੰਘਾਂ ਸਾਥ ਵਿਚਾਰ ਕਰਕੇ ਫ਼ੈਸਲਾ ਕੀਆ ਕਿ ਅੱਜ ਰਾਤ ਕੇ ਸਮੇਂ ਕਿਲਾ ਅਨੰਦਪੁਰ ਤਿਆਗ ਦੇਣਾ ਚਾਹੀਏ।" (ਗੁਰੂ ਦੀਆਂ ਸਾਖੀਆ ਸਰੂਪ ਸਿੰਘ ਕੋਸ਼ਿਸ਼)

ਪਹਾੜੀਆਂ ਤੇ ਮੁਗ਼ਲਾਂ ਨੇ ਗਊ ਅਤੇ ਕੁਰਾਨ ਦੀਆਂ ਕਸਮਾਂ ਚੁੱਕੀਆਂ ਸਨ ਕਿ ਬਾਹਰ ਜਾਣ ਸਮੇਂ ਕੋਈ ਰੁਕਾਵਟ ਨਹੀਂ ਪਾਉਣਗੇ। ਕਕਰਾਲੀ ਰਾਤ ਦਾ ਹਨੇਰਾ, ਸਿਆਲ ਦੀ ਰੁੱਤ, ਮੋਸਲੇਧਾਰ ਬਾਰਸ਼, ਇਹੋ ਜਿਹੇ ਵਾਤਾਵਰਨ ਵਿੱਚ ਦੁਸ਼ਮਣ ਫ਼ੌਜਾਂ ਦੇ ਘੇਰੇ ਵਿੱਚੋਂ ਬਾਹਰ ਨਿਕਲਣਾ ਬੜਾ ਢੁਕਵਾਂ ਸਮਾਂ ਸੀ। ਔਰੰਗਜ਼ੇਬ ਬਾਦਸ਼ਾਹ ਵੱਲੋਂ ਆਈ ਚਿੱਠੀ ਦਾ ਜ਼ਿਕਰ ਗੁਰੂ ਸਾਹਿਬ ਨੇ 'ਜ਼ਫ਼ਰਨਾਮਾ' ਵਿੱਚ ਵੀ ਕੀਤਾ ਹੈ।


ਇੱਕ ਪਾਸੇ ਦੁਸ਼ਮਣ ਫ਼ੌਜਾਂ ਦੀ ਘੇਰਾਬੰਦੀ, ਬਿਖੜੇ ਤੇ ਭਿਆਨਕ ਰਸਤੇ, ਜੰਗਲ ਤੇ ਮੋਹਲੇਧਾਰ ਬਾਰਿਸ਼, ਕਕਰਾਲੀ ਕਾਲੀ ਘੁੱਪ ਹਨੇਰੀ ਰਾਤ ਤੇ ਸੂਕਦੀ ਸਰਸਾ ਨਦੀ ਅਤੇ ਦੂਜੇ ਪਾਸੇ ਕਲਗੀਆਂ ਵਾਲੇ ਦੀ ਦ੍ਰਿੜਤਾ, ਸਵੈ-ਵਿਸ਼ਵਾਸ, ਲੋਹ-ਸੰਕਲਪ ਤੇ ਕੁਰਬਾਨੀ ਨਾਲ ਲਟ ਲਟ ਬਦਲੇ ਹੌਸਲਿਆਂ ਨਾਲ ਲਬਰੇਜ਼ ਮੁੱਠੀ ਭਰ ਸਿੰਘ, ਸਿੰਘਣੀਆਂ ਤੇ ਮਾਸੂਮ ਬੱਚੇ। ਇਸ ਕਾਫ਼ਲੇ ਵਿੱਚ ਤਕਰੀਬਨ 460 ਸਿੰਘ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ, ਬੀਬੀ ਸੁਭਿੱਖੀ ਸ਼ਾਮਲ ਸਨ। ਇਨ੍ਹਾਂ ਵਿੱਚੋਂ 40 ਸਿੰਘ ਅਜਿਹੇ ਸਨ, ਜਿਨ੍ਹਾਂ ਗੁਰੂ ਸਾਹਿਬ ਦੇ ਅੰਗ-ਸੰਗ ਰਹਿ ਕੇ ਜਾਨਾਂ ਵਾਰਨ ਦਾ ਹਲਫਨਾਮਾ ਲਿਆ ਸੀ।

ਇਹ ਸਾਰਾ ਕਾਫ਼ਲਾ ਕੀਰਤਪੁਰ ਸਾਹਿਬ ਤੱਕ ਚੁਪਚਾਪ ਤੁਰਦਾ ਰਿਹਾ। ਕੀਰਤਪੁਰ ਤੋਂ ਬਿਲਾਸਪੁਰ ਜਾਣ ਵਾਲਾ ਮੋੜ ਲੰਘ ਕੇ ਸਰਸਾ ਨਦੀ ਵੱਲ ਜਾ ਰਿਹਾ ਸੀ ਕਿ ਕਿਸੇ ਪਹਾੜੀਏ ਨੇ ਇਸ ਕਾਫ਼ਲੇ ਨੂੰ ਦੇਖ ਲਿਆ ਅਤੇ ਜਾ ਕੇ ਫ਼ੌਜਾਂ ਨੂੰ ਸੂਹ ਦਿੱਤੀ। ਸਿੰਘਾਂ ਨੂੰ ਪਹਾੜੀ ਫੌਜਾਂ ਦੇ ਮਗਰ ਆਉਣ ਦੀ ਇਤਲਾਹ ਝੱਖੀਆਂ ਪਿੰਡ ਕੋਲ ਆ ਕੇ ਮਿਲੀ। ਇਹ ਖ਼ਬਰ ਮਿਲਦਿਆਂ ਹੀ ਗੁਰੂ ਸਾਹਿਬ ਨੇ ਜਾਨਬਾਜ਼ ਸਿੰਘਾਂ ਨੂੰ ਖ਼ਾਸ ਪੁਜੀਸ਼ਨ ਲੈਣ ਵਾਸਤੇ ਹਦਾਇਤਾਂ ਕੀਤੀਆਂ। ਭਾਈ ਉਦੈ ਸਿੰਘ ਨੂੰ 50 ਸਿੰਘਾਂ ਦਾ ਜਥਾ ਦੇ ਕੇ ਮੋਰਚਾ ਲਾਉਣ ਲਈ ਹੁਕਮ ਕੀਤਾ। ਭਾਈ ਜੀਵਨ ਸਿੰਘ (ਜੈਤਾ) ਨੂੰ 100 ਸਿੰਘ ਦੇ ਕੇ ਝੱਖੀਆਂ ਪਿੰਡ ਦੇ ਲਾਗੇ ਸਰਸਾ ਨਦੀ ਦੇ ਕਿਨਾਰੇ ਮੋਰਚਾ ਲਾਉਣ ਦੀ ਹਦਾਇਤ ਕੀਤੀ। ਸੌ ਸਿੰਘਾਂ ਦਾ ਤੀਜਾ ਜਥਾ ਭਾਈ ਬਚਿੱਤ੍ਰ ਸਿੰਘ ਦੀ ਕਮਾਨ ਹੇਠ ਰੋਪੜ ਤੋਂ ਆ ਰਹੀ ਨਵਾਬ ਸਰਹਿੰਦ ਦੀ ਫੌਜ ਨੂੰ ਰੋਕਣ ਲਈ ਹੁਕਮ ਕੀਤਾ। ਗੁਰੂ ਸਾਹਿਬ ਨੇ ਭਾਈ ਉਦੈ ਸਿੰਘ ਨੂੰ ਹਦਾਇਤ ਦਿੱਤੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਬੁਢਾ ਸਿੰਘ ਦੇ ਜਥੇ ਨੂੰ ਇਤਲਾਹ ਦੇਣੀ ਕਿ ਉਹ ਸਰਸਾ ਨਦੀ ਪਾਰ ਕਰ ਕੇ ਕੋਟਲਾ ਪਿੰਡ ਵਿੱਚ ਨਿਹੰਗ ਖਾਂ ਦੇ ਕਿਲੇ ਵਿੱਚ ਪੁੱਜ ਜਾਣ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ, ਉਨ੍ਹਾਂ ਦੇ ਦੋ ਸੇਵਕ ਭਾਈ ਸੁੰਨਾ ਸਿੰਘ ਤੇ ਬੀਬੀ ਸੁਭਿੱਖੀ ਸਰਸਾ ਨਦੀ ਪਾਰ ਕਰ ਕੇ ਚਮਕੌਰ ਵੱਲ ਚਲੇ ਗਏ। ਮਾਤਾ ਗੁਜਰੀ ਜੀ ਤੇ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ ਆਪਣੇ ਪਿੰਡ ਖੇੜੀ ਲੈ ਗਿਆ। ਉਸ ਨੇ ਮਾਤਾ ਗੁਜਰੀ ਜੀ ਤੇ ਮਾਸੂਮ ਬੱਚਿਆਂ ਨੂੰ ਸਰਹਿੰਦ ਦੇ ਨਵਾਬ ਕੋਲ ਗ੍ਰਿਫ਼ਤਾਰ ਕਰਾ ਕੇ ਵੱਡੇ ਇਨਾਮ ਪ੍ਰਾਪਤ ਕੀਤੇ।

ਗੁਰੂ ਸਾਹਿਬ ਅਤੇ ਸਿੰਘਾਂ ਨੇ ਸਰਸਾ ਨਦੀ ਦੇ ਹੜ੍ਹਿਆਲੇ ਪਾਣੀਆਂ ਨੂੰ ਪਾਰ ਕੀਤਾ, ਕੁਝ ਸਿੰਘ ਰੁੜ੍ਹ ਵੀ ਗਏ। ਗੁਰੂ ਸਾਹਿਬ ਤੇ ਕੁਝ ਸਿੰਘ ਦਰਿਆ ਸਤਲੁਜ ਦੇ ਕਿਨਾਰੇ ਕਿਨਾਰੇ ਠੰਡੇ ਤੇ ਲੰਧੀ ਮਾਜਰਾ ਪਿੰਡਾਂ ਦੀ ਸਰਜ਼ਮੀਨ 'ਚੋਂ ਹੁੰਦੇ ਹੋਏ ਨਿਹੰਗ ਖਾਂ ਦੀ ਗੜ੍ਹੀ ਪੁੱਜੇ ਸਨ। ਦੂਜੇ ਪਾਸੇ ਬਚਿਤ੍ਰ ਸਿੰਘ ਤੇ ਉਸ ਦੇ ਜਥੇ ਦੀ ਰੋਪੜ ਨੂੰ ਜਾਂਦਿਆਂ ਮਲਕਪੁਰ ਦੇ ਰੰਘੜਾਂ ਅਤੇ ਰੋਪੜ ਦੇ ਪਠਾਣਾਂ ਨਾਲ ਗਹਿਗੱਚ ਲੜਾਈ ਹੋਈ। ਇਸ ਵਿੱਚ ਬਚਿਤ੍ਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਸਾਹਿਬਜ਼ਾਦਾ ਅਜੀਤ ਸਿੰਘ ਤੇ ਹੋਰ ਸਿੰਘ ਰਸਤੇ ਵਿੱਚ ਪਏ ਜ਼ਖ਼ਮੀ ਬਚਿਤ੍ਰ ਸਿੰਘ ਨੂੰ ਚੁੱਕ ਕੇ ਨਿਹੰਗ ਦੀ ਗੜ੍ਹੀ ਵਿੱਚ ਲੈ ਆਏ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਤੇ ਸਿੰਘ ਉਡੀਕ ਕਰ ਰਹੇ ਸਨ।

ਗੁਰ ਸਾਹਿਬ ਤੇ ਸਿੰਘ ਸਾਰਾ ਦਿਨ 6 ਦਸੰਬਰ 1705 ਨੂੰ ਨਿਹੰਗ ਖਾਂ ਦੀ ਗੜ੍ਹੀ ਵਿੱਚ ਠਹਿਰੇ। ਜ਼ਖ਼ਮੀ ਭਾਈ ਬਚਿਤ੍ਰ ਸਿੰਘ ਨੂੰ ਇਲਾਜ ਲਈ ਉਥੇ ਛੱਡ, ਸਾਰੇ ਸਿੰਘ ਤੇ ਗੁਰੂ ਸਾਹਿਬ ਰਾਤ ਸਮੇਂ ਲਖਮੀਪੁਰ ਵੱਲ ਨਿਕਲ ਤੁਰੇ। ਨਿਹੰਗ ਖਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਸ ਨੂੰ ਇੱਕ ਕਟਾਰ ਤੇ ਢਾਲ ਬਖ਼ਸ਼ੀ। ਗੁਰੂ ਸਾਹਿਬ ਨੇ ਕੋਟਲਾ ਨਿਹੰਗ ਖਾਂ ਤੋਂ ਬੂਰ ਮਾਜਰਾ, ਮਾਛੀਵਾੜੇ ਆਦਿ ਦਿਸ਼ਾ ਵੱਲ ਜਾਣਾ ਸੀ। ਬੂਰ ਮਾਜਰਾ ਪਿੰਡ ਕੋਲ ਗੁਰੂ ਸਾਹਿਬ ਨੂੰ ਸੂਚਨਾ ਮਿਲੀ ਕਿ ਦੁਸ਼ਮਣ ਫੌਜਾਂ ਪਿੱਛਾ ਕਰ ਰਹੀਆਂ ਹਨ। ਗੁਰੂ ਸਾਹਿਬ ਨੇ ਉਸ ਸਮੇਂ ਚਮਕੌਰ ਵੱਲ ਜਾਣ ਦਾ ਫੈਸਲਾ ਕੀਤਾ। ਦੁਸ਼ਮਣਾਂ ਦੀ ਫ਼ੌਜ ਬੜੀ ਰਫ਼ਤਾਰ ਨਾਲ ਪਿੱਛੇ ਆ ਰਹੀ ਸੀ ਅਤੇ ਚਮਕੌਰ ਨੂੰ ਸਾਰੀਆਂ ਦਿਸ਼ਾਵਾਂ ਵੱਲੋਂ ਘੇਰ ਲਿਆ। ਗੁਰੂ ਸਾਹਿਬ ਨੇ ਬੁੱਧੀ ਚੰਦ ਦੀ ਹਵੇਲੀ (ਚਮਕੌਰ ਦੀ ਗੜ੍ਹੀ) ਵਿੱਚ ਰਹਿ ਕੇ ਬੇਮਿਸਾਲ ਦਲੇਰੀ ਨਾਲ ਜਿਵੇਂ ਦੁਸ਼ਮਣ ਫ਼ੌਜਾਂ ਦਾ ਮੁਕਾਬਲਾ ਕੀਤਾ, ਉਹ ਸੰਸਾਰ ਦੀ ਜੰਗੀ-ਤਵਾਰੀਖ਼ ਦਾ ਇੱਕ ਅਹਿਮ ਸੁਨਹਿਰੀ ਵਰਕਾ ਹੈ।

ਇੱਥੇ ਇਹ ਬਾਤ ਗ਼ੌਰਤਲਬ ਹੈ ਕਿ ਆਨੰਦਪੁਰ ਸਾਹਿਬ ਦੇ ਚਾਲੀ ਮੁਕਤਿਆਂ ਵਿੱਚੋਂ ਚਮਕੌਰ ਪੁੱਜਣ ਤੱਕ 37 ਸਿੰਘ ਰਹਿ ਗਏ ਸਨ। ਭਾਈ ਜੀਵਨ ਸਿੰਘ, ਉਦੈ ਸਿੰਘ ਤੇ ਬਚਿੱਤ੍ਰ ਸਿੰਘ ਸ਼ਹੀਦੀ ਪ੍ਰਾਪਤ ਕਰ ਚੁੱਕੇ ਸਨ। ਜਦੋਂ ਗੁਰੂ ਸਾਹਿਬ ਚਮਕੌਰ ਪੁੱਜੇ ਸਨ, ਉਸ ਸਮੇਂ ਹੋਰ ਸਿੰਘ ਵੀ ਨਾਲ ਸ਼ਾਮਲ ਹੋ ਚੁੱਕੇ ਸਨ, ਜਿਨ੍ਹਾਂ ਦੀ ਗਿਣਤੀ 47 ਹੋ ਚੁੱਕੀ ਸੀ ( 37 ਅਨੰਦਪੁਰੀ ਮੁਕਤੇ, 8 ਨਵੇਂ ਸਿੰਘ ਅਤੇ 2 ਵੱਡੇ ਸਾਹਿਬਜ਼ਾਦੇ)। ਇਸ ਲੜਾਈ ਬਾਰੇ 'ਬਚਿੱਤਰ ਨਾਟਕ' ਵਿੱਚ ਵੀ ਜ਼ਿਕਰ ਆਉਂਦਾ ਹੈ।



ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚੇ ਸਲੋਕ ਸਿੰਘ ਵੱਲੋਂ ਬਣਾਇਆ ਗਿਆ ਚਿੱਤਰ, ਜਿਸ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਵਾਏ ਜਾਣ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ।

ਚਮਕੌਰ ਦੀ ਗੜ੍ਹੀ ਵਿੱਚ ਮੁੱਠੀ ਭਰ ਸਿੰਘਾਂ ਨੇ ਬੜੀ ਬਹਾਦਰੀ ਨਾਲ ਜੰਗ ਲੜੀ, ਜਿਸ ਵਿੱਚ 37 ਸਿੰਘਾਂ ਸਮੇਤ ਦੋ ਵੱਡੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਰਾਤ ਸਮੇਂ (7 ਦਸੰਬਰ 1705) ਤੱਕ ਗੁਰੂ ਸਾਹਿਬ ਤੇ ਪੰਜ ਸਿੰਘ ਗੜ੍ਹੀ ਵਿੱਚ ਰਹਿ ਗਏ ਸਨ। ਰਾਤ ਸਮੇਂ ਪੰਜਾਂ ਸਿੰਘ ਨੇ ਗੁਰਮਤਾ ਕੀਤਾ, ਜਿਸ ਨੂੰ ਗੁਰੂ ਸਾਹਿਬ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਪਿਆ। 7 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਤੇ ਤਿੰਨ ਸਿੰਘ, ਨਬੀ ਖਾਂ ਅਤੇ ਗਨੀ ਖਾਂ ਦੀ ਸਹਾਇਤਾ ਨਾਲ ਗੜ੍ਹੀ ਤੋਂ ਬਾਹਰ ਨਿਕਲ ਕੇਵਲ ਦੋ ਸਿੰਘ ਭਾਈ ਸੰਤ ਸਿੰਘ ਬੰਗੇਸ਼ਰੀ ਅਤੇ ਭਾਈ ਸੰਗਤ ਸਿੰਘ ਅਰੋੜਾ ਹੀ ਗੜ੍ਹੀ ਵਿੱਚ ਰਹੇ, ਜਿਨ੍ਹਾਂ 'ਚ ਭਾਈ ਸੰਗਤ ਸਿੰਘ ਕਰਤਾ ਨੂੰ ਗੁਰੂ ਸਾਹਿਬ ਨੇ ਆਪਣੀ ਕਲਗੀ, ਲਿਬਾਸ ਆਦਿ ਪਹਿਨਾਏ। 8 ਦਸੰਬਰ ਦੀ ਸਵੇਰ ਨੂੰ ਗੜ੍ਹੀ 'ਤੇ ਦੁਸ਼ਮਣਾਂ ਵੱਲੋਂ ਇੱਕ ਜ਼ਬਰਦਸਤ ਹਮਲਾ ਹੋਇਆ, ਜਿਸ ਵਿੱਚ ਇਹ ਦੋਵੇਂ ਸਿੰਘ ਲੜਦੇ-ਲੜਦੇ ਸ਼ਹੀਦੀ ਪ੍ਰਾਪਤ ਕਰ ਗਏ।

**ਸਾਹਿਬਜ਼ਾਦਾ ਅਜੀਤ ਸਿੰਘ:** ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 26 ਜਨਵਰੀ 1687 ਨੂੰ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਉਹ ਬਚਪਨ ਤੋਂ ਹੀ ਬੜੇ ਜ਼ਹੀਨ, ਗੁਰਬਾਣੀ ਨਾਲ ਸਰਸ਼ਾਰ ਅਤੇ ਫੁਰਤੀਲੇ ਸਨ। ਛੋਟੀ ਉਮਰ ਵਿੱਚ ਹੀ ਘੋੜ ਸਵਾਰੀ, ਗਤਕੇਬਾਜ਼ੀ ਅਤੇ ਬੰਦੂਕ ਚਲਾਉਣ ਵਿੱਚ ਮੁਹਾਰਤ ਹਾਸਲ ਕਰ ਲਈ ਸੀ। 23 ਮਈ 1699 ਨੂੰ ਇੱਕ ਸੌ ਸਿੰਘਾਂ ਦੇ ਜਥੇ ਦੀ ਕਮਾਨ ਕਰਦੇ ਹੋਏ ਨੇੜਲੇ ਪਿੰਡ ਰੰਘੜਾਂ ਦੀ ਚੰਗੀ ਭੁਗਤ ਸਵਾਰੀ, ਜਿਨ੍ਹਾਂ ਇੱਕ ਵੇਰ ਆਨੰਦਪੁਰ ਸਾਹਿਬ ਵੱਲ ਆ ਰਹੀ ਪੋਠੋਹਾਰ ਦੀ ਸੰਗਤ ਨੂੰ ਲੁੱਟ ਲਿਆ ਸੀ। 15 ਮਾਰਚ 1700 ਨੂੰ ਬਜਰੂਤ ਪਿੰਡ ਦੇ ਗੁਜਰਾਂ 'ਤੇ ਹਮਲਾ ਕੀਤਾ, ਜਿਨ੍ਹਾਂ ਇੱਕ ਵੇਰ ਦੜਪ ਦੀ ਸੰਗਤ ਨੂੰ ਲੁੱਟ ਲਿਆ ਸੀ। 29 ਅਗਸਤ 1700 ਨੂੰ ਤਾਰਾਗੜ੍ਹ ਕਿਲ੍ਹੇ 'ਤੇ ਪਹਾੜੀ ਰਾਜਿਆਂ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘਾਂ ਸਮੇਤ ਬਹਾਦਰੀ ਨਾਲ ਹਮਲਾ ਪਛਾੜ ਦਿੱਤਾ। ਇਸੇ ਤਰ੍ਹਾਂ ਅਕਤੂਬਰ 1700 ਨੂੰ ਦੁਬਾਰਾ ਪਹਾੜੀ ਫੌਜਾਂ ਨੇ ਨਿਰਮੋਹਗੜ੍ਹ 'ਤੇ ਹਮਲਾ ਕੀਤਾ ਤਾਂ ਸਾਹਿਬਜ਼ਾਦਾ ਮੋਹਰੀ ਹੋ ਕੇ ਤਨਦੇਹੀ ਨਾਲ ਲੜਿਆ ਤੇ ਅਨੇਕਾਂ ਪਹਾੜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇੱਕ ਵਾਰ ਬ੍ਰਾਹਮਣ ਦਵਾਰਕਾ ਦਾਸ ਦੀ ਪਤਨੀ ਨੂੰ ਬਸੀ ਕਲਾਂ ਦਾ ਹਾਕਮ ਚੁੱਕ ਕੇ ਲੈ ਗਿਆ। 7 ਮਾਰਚ 1703 ਨੂੰ ਭਾਈ ਉਦੈ ਸਿੰਘ ਦੇ ਨਾਲ ਇੱਕ ਸੌ ਸਿੰਘਾਂ ਦੇ ਜਥੇ ਨਾਲ ਸਾਹਿਬਜ਼ਾਦੇ ਨੇ ਬਸੀ ਕਲਾਂ ਤੋਂ ਬ੍ਰਾਹਮਣ ਦੀ ਪਤਨੀ ਛੁਡਾ ਕੇ ਬ੍ਰਾਹਮਣ ਦੇ ਹਵਾਲੇ ਕੀਤੀ। ਸਾਹਿਬਜ਼ਾਦਾ ਅਜੀਤ ਸਿੰਘ ਨੇ ਆਪਣੀ ਉਮਰ ਦਾ ਬਹੁਤਾ ਸਮਾਂ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਹੀ ਗੁਜ਼ਾਰਿਆ। ਮਈ 1705 ਵਿੱਚ ਜਦੋਂ ਆਨੰਦਪੁਰ ਸਾਹਿਬ ਨੂੰ ਪਹਾੜੀ ਤੇ ਮੁਗ਼ਲ ਫ਼ੌਜਾਂ ਨੇ ਘੇਰਾ ਪਾਇਆ ਸੀ ਤਾਂ ਆਪ ਵੀ ਉਥੇ ਸਨ। ਦੋਵੇਂ ਵੱਡੇ ਸਾਹਿਬਜ਼ਾਦੇ ਆਨੰਦਪੁਰ ਸਾਹਿਬ ਛੱਡਣ ਸਮੇਂ ਕਲਗੀਧਰ ਪਿਤਾ ਦੇ ਨਾਲ ਸਨ। ਜਦੋਂ ਚਮਕੌਰ ਦੀ ਗੜ੍ਹੀ ਵਿੱਚ ਚਾਲੀ ਸਿੰਘਾਂ ਨੇ ਇੱਕ ਜ਼ਬਰਦਸਤ ਲੜਾਈ ਲੜੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੰਘ ਗਰਜ ਨਾਲ ਮੈਦਾਨ-ਜੰਗ ਵਿੱਚ ਜਾ ਕੇ ਜੰਗੀ ਕਰਤੱਬ ਦਿਖਾਏ ਅਤੇ ਵੈਰੀਆਂ ਨੂੰ ਮਾਰ ਮੁਕਾਇਆ ਤਾਂ ਸਾਰੇ ਦੁਸ਼ਮਣ ਖ਼ੁਦਾ-ਖ਼ੁਦਾ ਅਲਾਪਣ ਲੱਗੇ।

ਸ਼ਹੀਦੀ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ ਦੀ ਉਮਰ 18 ਸਾਲ, 11 ਮਹੀਨੇ 19 ਦਿਨ ਸੀ।

**ਸਾਹਿਬਜ਼ਾਦਾ ਜੁਝਾਰ ਸਿੰਘ:** ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 14 ਮਾਰਚ 1691 ਨੂੰ ਆਨੰਦਪੁਰ ਸਾਹਿਬ ਵਿੱਚ ਹੋਇਆ। ਬਚਪਨ ਤੋਂ ਹੀ ਉਹ ਬੜੇ ਬੁੱਧੀਮਾਨ, ਗੁਰਬਾਣੀ ਦੇ ਗਿਆਤਾ, ਘੋੜਸਵਾਰ ਤੇ ਤੇਗਬਾਜ਼ੀ ਵਿੱਚ ਨਿਪੁੰਨ ਹੋ ਚੁੱਕੇ ਸਨ। ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਸਾਹਿਬ ਵੱਲੋਂ ਚਾਲੇ ਪਾਏ ਤਾਂ ਉਹ ਵੀ ਨਾਲ ਹਮਸਫ਼ਰ ਸਨ। ਚਮਕੌਰ ਦੀ ਜੰਗ ਸਮੇਂ ਗੜ੍ਹੀ 'ਚੋਂ ਨਿਕਲ ਕੇ ਜੈਕਾਰੇ ਛੱਡਦੇ ਆਹਮੋ-ਸਾਹਮਣੀ ਲੜਾਈ ਲੜੀ। ਬਹੁਤ ਸਾਰੇ ਦੁਸ਼ਮਣ ਸਿਪਾਹੀਆਂ ਨੂੰ ਮਾਰ ਕੇ ਆਪ ਵੀ ਸ਼ਹੀਦੀ ਪ੍ਰਾਪਤ ਕੀਤੀ। ਇਸ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਸ਼ਹੀਦੀ ਪਰੰਪਰਾ ਤੋਂ ਜਾਣੂ ਕਰਾਇਆ। ਸਿਖਰ ਦੁਪਹਿਰ ਸ਼ੁਰੂ ਹੋਈ ਇਹ ਲੜਾਈ ਸੂਰਜ ਅਲੋਪ ਹੋਣ ਤੱਕ ਹੁੰਦੀ ਰਹੀ। ਇਸ ਜੰਗ ਦਾ ਜ਼ਿਕਰ ਗੁਰੂ ਸਾਹਿਬ ਨੇ 'ਜ਼ਫਰਨਾਮੇ' ਵਿੱਚ ਵੀ ਕੀਤਾ ਹੈ। 'ਭਟਵਹੀ ਮੁਲਤਾਨੀ ਸਿੰਧੀ' ਵਿੱਚ ਇਸ ਲੜਾਈ ਦੀ ਤਫਸੀਲ ਵੀ ਮਿਲਦੀ ਹੈ: "ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮੇਂ ਕਾ... ਸੰਮਤ ਸਤਰਾਂ ਸੈ ਬਾਸਠ, ਪੇਖ ਮਾਸੇ ਸੁਦੀ ਤੀਕ ਵੀਰਵਾਰ ਦਿਹ... ਮੁਕਾਮ ਚਮਕੌਰ ਪਰਗਣਾ ਰੋਪੜ, ਤੁਰਕ ਫ਼ੌਜ ਗੈਲ ਸਾਮੇ, ਮਾਤੇ ਜੂਝ ਕੇ ਸ਼ਹਾਦਤਾਂ ਪਾਇ ਗਏ। ਆਗੂ ਗੁਰੂ ਕੀ ਗਤਿ ਗੁਰੂ ਜਾਣੇ।"

'ਬੰਸਾਵਲੀਨਾਮਾ ਦਸਾਂ ਪਾਤਸ਼ਾਹੀ ਕਾ' ਦਾ ਕਰਤਾ ਲਿਖਦਾ ਹੈ ਕਿ ਸਾਹਿਬਜ਼ਾਦਾ ਜੁਝਾਰ ਸਿੰਘ ਨਾਲ ਪੰਝੀ ਸਿੰਘ ਮੈਦਾਨੇ-ਜੰਗ ਵਿੱਚ ਨਾਲ ਆਏ ਸਨ। ਸ਼ਾਮ ਤੱਕ ਇਸ ਲੜਾਈ ਵਿੱਚੋਂ ਕੇਵਲ ਪੰਜ ਸਿੰਘ ਹੀ ਬਚੇ ਸਨ। ਰਾਤ ਸਮੇਂ ਗੁਰੂ ਸਾਹਿਬ ਗੜ੍ਹੀ 'ਚੋਂ ਤਿੰਨ ਸਿੰਘਾਂ ਨਾਲ ਨਿਕਲ ਗਏ। ਦੋ ਸਿੰਘ 8 ਦਸੰਬਰ 1705 ਦੀ ਸਵੇਰ ਨੂੰ ਲੜਦੇ ਲੜਦੇ ਸ਼ਹੀਦੀ ਪਾ ਗਏ। ਇਸ ਦਾ ਜ਼ਿਕਰ 'ਆਹਿਕਾਮਿ-ਆਲਮਗੀਰੀ' ਦੇ ਸਫ਼ਾ 11 'ਤੇ ਮਿਰਜ਼ਾ ਇਨਾਇਤੁਲਾ ਖਾਂ ਇਸਮੀ ਨੇ ਵੀ ਕੀਤਾ ਹੈ। ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ ਸਮੇਂ ਉਮਰ 14 ਸਾਲ, 9 ਮਹੀਨੇ ਤੇ 7 ਦਿਨ ਸੀ।

**ਸਾਹਿਬਜ਼ਾਦਾ ਜ਼ੋਰਾਵਰ ਸਿੰਘ:** ਜ਼ੋਰਾਵਰ ਸਿੰਘ ਦਾ ਜਨਮ 17 ਨਵੰਬਰ 1696 ਨੂੰ ਆਨੰਦਪੁਰ ਸਾਹਿਬ ਵਿਖੇ ਹੋਇਆ। ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਹਿਰਦਾ ਸਿੱਖੀ ਸਪਿਰਿਟ ਨਾਲ ਲਟ ਲਟ ਬਲਦਾ ਸੀ। ਜਦੋਂ ਗੁਰੂ ਸਾਹਿਬ ਨੇ 5-6 ਦਸੰਬਰ 1705 ਨੂੰ ਆਨੰਦਪੁਰ ਸਾਹਿਬ ਛੱਡਣ ਦਾ ਫ਼ੈਸਲਾ ਕੀਤਾ ਤਾਂ ਇਹ ਵੀ ਉਨ੍ਹਾਂ ਦੇ ਨਾਲ ਸਨ। ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਨਾਲ ਹਮਸਫ਼ਰ ਹੋਏ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਨੇ ਸੂਕਦੀ ਸਰਸਾ ਨਦੀ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਪਾਰ ਕੀਤੀ ਤਾਂ ਇਹ ਬਾਕੀ ਕਾਫ਼ਲੇ ਨਾਲੋਂ ਵਿਛੜ ਗਏ। ਅੱਲਾ ਯਾਰ ਖਾਂ ਜੋਗੀ ਲਿਖਦਾ ਹੈ:

ਲਖ਼ਤਿ ਜਿਗਰ ਹਜ਼ੂਰ ਕੇ ਜਿਸ ਦਮ ਵਿਛੜ ਗਏ।
ਪਾਉ ਵਹੀ ਵਫ਼ੂਹਿ ਮੁਹੱਬਤ ਸੇ ਗੜਵ ਗਏ।
ਜ਼ੋਰਾਵਰ ਔਰ ਫ਼ਤਿਹ ਕਾ, ਇਸ ਦਮ ਬਿਆਂ ਸੁਣੋ।
ਪਹੁੰਚੇ ਬਿਛੜ ਕੇ ਹਾਇ। ਕਹਾਂ ਸੇ ਕਹਾਂ ਸੁਨੋ।

ਸਰਸਾ ਨਦੀ ਦੇ ਕੰਢੇ ਜੋ ਉਦੈ ਸਿੰਘ ਦੇ ਜਥੇ ਨੇ ਵੈਰੀਆਂ ਨਾਲ ਲੜਾਈ ਲੜੀ, ਉਸ ਦਾ ਜ਼ਿਕਰ ਗੁਰੂ ਸਾਹਿਬ ਨੇ ਆਪ ਕੀਤਾ ਹੈ:

ਸ਼ਾਹੀ ਟਿੱਬੀ ਆਨਿ ਕੈ ਖੜੇ ਤਏ ਤਿਹ ਥਾਨੁ॥
ਰਾਜਾ ਅਰੁ ਤੁਰਕਾਨ ਸਬ ਨਿਕਿਟ ਪਹੁੰਚੇ ਆਨ॥
ਉਦੈ ਸਿੰਘ ਲਲਕਾਰ ਕੇ ਖੁਸ਼ੀ ਕਰੀ ਕਰਤਾਰ॥
ਸਫਲ ਜਨਮ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ॥

ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਰਸੋਈਆ ਗੰਗੂ ਬ੍ਰਾਹਮਣ ਆਪਣੇ ਨਾਲ ਪਿੰਡ ਸਹੇੜੀ ਲੈ ਗਿਆ। ਉਸ ਨੇ ਇਨ੍ਹਾਂ ਨੂੰ ਆਪਣੇ ਘਰ ਵਿੱਚ ਸ਼ਰਨ ਦਿੱਤੀ। ਸਵੇਰ ਹੁੰਦਿਆਂ ਹੀ ਗੰਗੂ ਨੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਸੂਬੇਦਾਰ ਵਜ਼ੀਰ ਖਾਂ ਸਰਹਿੰਦ ਦੇ ਹਵਾਲੇ ਕਰ ਦਿੱਤਾ, ਤੇ ਸਾਰੇ ਸ਼ਾਹੀ ਕੈਦੀਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ।

ਦੂਜੇ ਦਿਨ ਸੂਬੇਦਾਰ ਦੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿੱਚ ਪੇਸ਼ ਕਰਨ ਲਈ ਲੈ ਗਏ। ਜਦੋਂ ਸਾਹਿਬਜ਼ਾਦੇ ਕਚਹਿਰੀ ਵਿੱਚ ਪੇਸ਼ ਹੋਏ ਤਾਂ ਇਨ੍ਹਾਂ ਨੇ ਗੱਜ ਕੇ ਫ਼ਤਿਹ ਬੁਲਾਈ। ਪਹਿਲਾਂ ਇਨ੍ਹਾਂ ਦੋਹਾਂ ਮਾਸੂਮ ਬੱਚਿਆਂ ਨੂੰ ਵਾਅਦੇ ਅਤੇ ਵਰਗਲਾ ਕੇ ਮੁਸਲਮਾਨ ਧਰਮ ਕਬੂਲ ਕਰਨ ਦੀ ਪੇਸ਼ਕਤ ਕੀਤੀ ਗਈ। ਜਦੋਂ ਉਨ੍ਹਾਂ ਸਾਫ ਇਨਕਾਰ ਕਰ ਦਿੱਤਾ ਤਾਂ ਤਸੀਹੇ ਅਤੇ ਧਮਕੀਆਂ ਦੇਣ ਦੇ ਹਥਕੰਡੇ ਵਰਤੇ ਗਏ। ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਮਾਸੂਮ ਬੱਚਿਆਂ ਨੂੰ ਮਾਰਨ ਤੋਂ ਸੂਬੇਦਾਰ ਵਜ਼ੀਰ ਖਾਂ ਨੂੰ ਵਰਜਿਆ। ਕਚਹਿਰੀ ਵਿੱਚ ਹੀ ਮੌਜੂਦ ਸੂਬੇਦਾਰ ਦੇ ਦੀਵਾਨ ਸੁੱਚਾ ਨੰਦ ਨੇ ਸਾਹਿਬਜ਼ਾਦਿਆਂ ਨੂੰ ਮਾਰਨ ਲਈ ਵਜ਼ੀਰ ਖਾਂ ਨੂੰ ਉਕਸਾਇਆ।

ਸੂਬੇਦਾਰ ਵਜ਼ੀਰ ਖਾਂ ਨੇ ਮਾਸੂਮ ਬੱਚਿਆਂ ਨੂੰ ਦੀਵਾਰ ਵਿੱਚ ਜ਼ਿੰਦਾ ਚਿਣਾਉਣ ਦਾ ਆਦੇਸ਼ ਦਿੱਤਾ। ਕੁਝ ਘੰਟਿਆਂ ਬਾਅਦ ਜਦੋਂ ਦੀਵਾਰ ਮੋਢਿਆਂ ਉਪਰ ਆ ਗਈ ਤਾਂ ਦੋਵੇਂ ਸਾਹਿਬਜ਼ਾਦਿਆਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਸ਼ਹੀਦੀ ਸਮੇਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦੀ ਕੁੱਲ ਉਮਰ 9 ਸਾਲ, ਇੱਕ ਮਹੀਨਾ ਤੇ ਪੰਜ ਦਿਨ ਸੀ।

**ਸਾਹਿਬਜ਼ਾਦਾ ਫ਼ਤਹਿ ਸਿੰਘ:** ਉਨ੍ਹਾਂ ਦਾ ਜਨਮ 26 ਫਰਵਰੀ 1699 ਨੂੰ ਆਨੰਦਪੁਰ ਸਾਹਿਬ ਵਿੱਚ ਹੋਇਆ। ਮਾਤਾ ਜੀਤ ਕੌਰ ਦਾ ਦੇਹਾਂਤ 6 ਦਸੰਬਰ 1700 ਨੂੰ ਹੋਇਆ। ਉਸ ਸਮੇਂ ਫ਼ਤਹਿ ਸਿੰਘ ਦੀ ਉਮਰ ਇੱਕ ਸਾਲ ਦਸ ਮਹੀਨੇ ਦੀ ਸੀ। ਇਸ ਲਈ ਇਨ੍ਹਾਂ ਦੋਵੇਂ ਛੋਟੇ ਵੀਰਾਂ ਦੀ ਪਰਵਰਿਸ਼ ਦਾਦੀ ਮਾਤਾ ਗੁਜਰੀ ਜੀ ਦੀ ਦੇਖ-ਰੇਖ ਹੇਠ ਪ੍ਰਵਾਨ ਚੜ੍ਹੀ। 5-6 ਦਸੰਬਰ 1705 ਨੂੰ ਮਾਤਾ ਗੁਜਰੀ ਜੀ ਤੇ ਵੱਡੇ ਵੀਰ ਸਿੰਘ ਵੀ ਕਿਲੇ 'ਚ ਬਾਹਰ ਇਕੱਠੇ ਨਿਕਲੇ ਸਨ। ਬਾਅਦ ਵਿੱਚ ਸਰਸਾ ਨਦੀ ਪਾਰ ਕਰ ਕੇ ਗੰਗੂ ਬ੍ਰਾਹਮਣ ਨੇ ਸਰਹਿੰਦ ਦੇ ਸੂਬੇਦਾਰ ਕੋਲੋਂ ਸ਼ਹੀਦ ਕਰਵਾ ਛੱਡੇ। ਮਾਸੂਮ ਬੱਚਿਆਂ ਨੂੰ ਬੜੇ ਲੋਭ, ਲਾਲਚ ਦਿੱਤੇ ਗਏ ਪਰ ਇਨ੍ਹਾਂ ਹਰ ਤਰ੍ਹਾਂ ਦੇ ਤਸੀਹੇ ਛੱਡ ਕੇ ਸ਼ਹਾਦਤ ਦਾ ਜਾਮ ਪੀਤਾ, ਜੋ ਸੰਸਾਰ ਦੀ ਤਵਾਰੀਖ਼ ਵਿੱਚ ਅਨੋਖੀ ਅਤੇ ਬੇਮਿਸਾਲ ਹੈ। ਆਪਣੇ ਦਾਦਾ ਗੁਰੂ ਤੇਗ ਬਹਾਦਰ ਸਾਹਿਬ ਅਤੇ ਪੜਦਾਦਾ ਗੁਰੂ ਹਰਿਗੋਬਿੰਦ ਸਾਹਿਬ ਦੇ ਮਨੋਭਾਵਾਂ, ਧਰਮ ਦੀ ਵਿਚਾਰਧਾਰਾ 'ਤੇ ਚੱਟਾਨ ਵਾਂਗ ਖੜ੍ਹੇ ਰਹੇ ਅਤੇ ਜ਼ਾਲਮੀ ਹਾਕਮਾਂ ਦੇ ਮਨਸੂਬੇ ਚਕਨਾਚੂਰ ਕੀਤੇ। ਸੰਸਾਰ ਦੇ ਇਤਿਹਾਸ ਵਿੱਚ ਇੰਝ ਪਹਿਲੀ ਵਾਰ ਹੋਇਆ ਕਿ ਮਾਸੂਮ ਬੱਚਿਆਂ ਨੂੰ ਭਵਿੱਖ ਦੇ ਸੁਖ, ਤਸੀਹੇ ਦੀਆਂ ਧਮਕੀਆਂ ਅਤੇ ਮੌਤ ਦੇ ਡਰ ਉਨ੍ਹਾਂ ਨੂੰ ਆਪਣਾ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਆਧੁਨਿਕ ਪੰਜਾਬੀ ਸਹਿਤ ਦੇ ਪਿਤਾਮਾ ਭਾਈ ਵੀਰ ਸਿੰਘ

**ਸ਼ਰਧਾ ਹਿੱਤ**

**ਡਾ. ਰੂਪ ਸਿੰਘ**
**ਫੋਨ:+91-9814637979**



ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ, ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ: ਨੂੰ ਇੱਕ ਸਨਮਾਨਿਤ ਸਿੱਖ ਪਰਿਵਾਰ ਵਿੱਚ ਹੋਇਆ। ਭਾਈ ਸਾਹਿਬ ਦੇ ਪਿਤਾ ਡਾ. ਚਰਨ ਸਿੰਘ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ 'ਸਿੰਘ ਸਭਾ ਲਹਿਰ' ਦੇ ਆਗੂਆਂ ਵਿੱਚੋਂ ਸਨ। ਡਾ. ਚਰਨ ਸਿੰਘ ਹਿੰਦੀ ਤੇ ਬ੍ਰਿਜ ਭਾਸ਼ਾ ਦੇ ਵਿਦਿਵਾਨ ਲਿਖਾਰੀ ਅਤੇ ਅੰਗਰੇਜ਼ੀ-ਫਾਰਸੀ ਭਾਸ਼ਾ ਦੇ ਚੰਗੇ ਵਾਕਫ਼ਕਾਰ ਸਨ। ਗਿਆਨੀ ਹਜ਼ਾਰਾ ਸਿੰਘ ਵੀ ਸਥਾਪਤ ਅਨੁਵਾਦਕ ਤੇ ਕਵੀ ਸਨ, ਜਿਨ੍ਹਾਂ ਨੇ ਉਰਦੂ-ਫਾਰਸੀ ਦੀਆਂ ਬਹੁਤ ਸਾਰੀਆਂ ਪੁਸਤਕਾਂ ਦਾ ਅਨੁਵਾਦ ਮਾਤ-ਭਾਸ਼ਾ ਵਿੱਚ ਕੀਤਾ। ਗਿਆਨੀ ਹਜ਼ਾਰਾ ਸਿੰਘ ਨੇ ਵਿਸ਼ਵ-ਪ੍ਰਸਿੱਧ ਪੁਸਤਕਾਂ 'ਗੁਲਸਤਾਂ' ਅਤੇ 'ਬੋਸਤਾਂ' ਦਾ ਪੰਜਾਬੀ ਕਾਵਿ ਰੂਪ ਵਿੱਚ ਅਨੁਵਾਦ ਵੀ ਕੀਤਾ। ਭਾਈ ਸਾਹਿਬ ਦਾ ਬਚਪਨ ਗਿਆਨੀ ਹਜ਼ਾਰਾ ਸਿੰਘ ਪਾਸ ਬੀਤਿਆ। ਇੱਕ ਦਿਨ ਗਿਆਨੀ ਜੀ ਕਿਸੇ ਪੁਸਤਕ ਦਾ ਅਨੁਵਾਦ ਕਰ ਰਹੇ ਸਨ ਤਾਂ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਲੋਕਾਂ ਦੀਆਂ ਰਚਨਾਵਾਂ ਦਾ ਉਲਥਾ ਕਰਦੇ ਰਹਿੰਦੇ ਹੋ, ਆਪਣੀ ਕੋਈ ਨਵੀਂ ਰਚਨਾ ਕਿਉਂ ਨਹੀਂ ਕਰ ਲੈਂਦੇ? ਗਿਆਨੀ ਜੀ ਨੇ ਸਹਿਜ ਸੁਭਾਅ ਕਿਹਾ, "ਬਰਖ਼ੁਰਦਾਰ! ਮੈਂ ਤਾਂ ਨਹੀਂ ਕਰ ਸਕਿਆ, ਪਰ ਤੂੰ ਜ਼ਰੂਰ ਕਰੇਂਗਾ!" ਸਮੇਂ ਦੇ ਬੀਤਣ ਨਾਲ ਗਿਆਨੀ ਜੀ ਦਾ ਇਹ ਵਾਕ ਇੰਨ-ਬਿੰਨ ਪੂਰਾ ਹੋਇਆ।

ਇਸ ਤਰ੍ਹਾਂ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਦਾ ਵਿਕਾਸ ਧਾਰਮਿਕ ਵਾਤਾਵਰਨ ਤੇ ਵਿਦਵਾਨਾਂ ਦੀ ਸੰਗਤ ਵਿੱਚ ਹੋਇਆ। ਭਾਈ ਸਾਹਿਬ ਨੂੰ ਵਿਦਿਆ ਸਮੇਂ ਅਨੁਸਾਰੀ ਦਿਵਾਉਣ ਦਾ ਪ੍ਰਬੰਧ ਕੀਤਾ ਗਿਆ। ਉਰਦੂ-ਫ਼ਾਰਸੀ ਦੀ ਜਾਣਕਾਰੀ ਇੱਕ ਮੁੱਲਾਂ ਪਾਸੋਂ ਪ੍ਰਾਪਤ ਕਰ, ਪੰਜਾਬੀ ਭਾਸ਼ਾ ਦਾ ਗਿਆਨ, ਗਿਆਨੀ ਹਰਭਜਨ ਸਿੰਘ ਪਾਸੋਂ ਹਾਸਲ ਕੀਤਾ। ਅੱਠ ਸਾਲ ਦੀ ਉਮਰ ਵਿੱਚ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਮੁਕੰਮਲ ਕੀਤਾ। 1891 ਈ: ਵਿੱਚ ਚਰਚ ਮਿਸ਼ਨ ਸਕੂਲ ਅੰਮ੍ਰਿਤਸਰ 'ਚੋਂ ਐਂਟਰੈਂਸ ਦਾ ਇਮਤਿਹਾਨ ਜ਼ਿਲੇ ਭਰ ਵਿੱਚੋਂ ਅੱਵਲ ਰਹਿ ਪਾਸ ਕੀਤਾ। ਅਜੇ ਭਾਈ ਸਾਹਿਬ ਸਕੂਲੀ ਵਿਦਿਆ ਹੀ ਪ੍ਰਾਪਤ ਕਰ ਰਹੇ ਸਨ ਕਿ ਉਨ੍ਹਾਂ ਦਾ ਵਿਆਹ 1896 ਈ: ਵਿੱਚ ਸ. ਨਰਾਇਣ ਸਿੰਘ ਦੀ ਸਪੁੱਤਰੀ ਬੀਬੀ ਚਤਰ ਕੌਰ ਨਾਲ ਕਰ ਦਿੱਤਾ ਗਿਆ। ਦਸਵੀਂ ਜਮਾਤ ਕਰ ਲੈਣ ਤੇ ਮਾਤਾ-ਪਿਤਾ ਨੂੰ ਇਨ੍ਹਾਂ ਦੇ ਰੋਜ਼ਗਾਰ ਦਾ ਫ਼ਿਕਰ ਹੋਇਆ। ਦੋ-ਤਿੰਨ ਥਾਵਾਂ ਤੋਂ ਨੌਕਰੀ ਦੇ ਸੱਦਾ-ਪੱਤਰ ਵੀ ਪ੍ਰਾਪਤ ਹੋਏ, ਪਰ ਭਾਈ ਸਾਹਿਬ ਆਜ਼ਾਦ ਤਬੀਅਤ ਦੇ ਮਾਲਕ ਸਨ, ਸੋ ਕਿਸੇ ਦੀ ਨੌਕਰੀ ਕਰਨੀ ਮੁਨਾਸਬ ਨਾ ਸਮਝੀ ਤੇ ਸ. ਵਜ਼ੀਰ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਵਿੱਚ ਹੀ 'ਵਜ਼ੀਰ ਹਿੰਦ ਪ੍ਰੈਸ' ਲਗਵਾ ਲਿਆ। ਪਹਿਲਾਂ ਇੱਕ ਪੱਥਰ ਛਪਾਈ ਲਈ ਕਿਰਾਏ 'ਤੇ ਲਿਆ ਗਿਆ। ਭਾਈ ਵੀਰ ਸਿੰਘ ਨੇ ਆਪਣੀ ਲਗਨ, ਸਖ਼ਤ ਮਿਹਨਤ, ਸਿਦਕਦਿਲੀ ਸਦਕਾ ਪ੍ਰੈਸ ਨੂੰ ਇੰਨਾ ਕਾਮਯਾਬ ਕੀਤਾ ਕਿ ਦੂਰੋਂ-ਦੂਰੋਂ ਇਸ ਪ੍ਰੈਸ ਨੂੰ ਲੋਕ ਦੇਖਣ ਆਉਣ ਲੱਗੇ।

1890 ਈ: ਵਿੱਚ ਭਾਈ ਵੀਰ ਸਿੰਘ ਨੇ 'ਖਾਲਸਾ ਸਮਾਚਾਰ' ਨਾਂ ਦਾ ਹਫ਼ਤਾਵਾਰੀ ਅਖ਼ਬਾਰ ਜਾਰੀ ਕੀਤਾ, ਜੋ ਨਿਰੰਤਰ ਜਾਰੀ ਹੈ। 1893 ਈ: ਵਿੱਚ ਖਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ ਗਈ, ਜਿਸ ਨੇ ਮਾਸਿਕ ਪਰਚਾ 'ਨਿਰਗੁਣੀਆਰਾ' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ, ਜੋ 1993 ਈ: ਵਿੱਚ ਸ਼ਤਾਬਦੀ ਪੂਰੀ ਕਰ ਗਿਆ। ਸ਼ਾਇਦ ਪੰਜਾਬੀ ਦਾ ਇਹ ਪਹਿਲਾ ਮਾਸਿਕ ਪਰਚਾ ਹੈ, ਜੋ ਨਿਰਵਿਘਨ ਪ੍ਰਕਾਸ਼ਤ ਹੋ ਰਿਹਾ ਹੈ। ਭਾਵੇਂ ਕਿ ਇਸ ਵਿੱਚ ਕੋਈ ਨਵੀਨਤਾ ਨਹੀਂ ਆਈ, ਵਾਰ-ਵਾਰ ਭਾਈ ਵੀਰ ਸਿੰਘ ਦੇ ਲੇਖਾਂ ਨੂੰ ਹੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਭਾਈ ਵੀਰ ਸਿੰਘ 'ਸਿੰਘ ਸਭਾ ਲਹਿਰ' ਦੇ ਪੈਦਾ ਕੀਤੇ ਵਿਦਵਾਨਾਂ-ਸਾਹਿਤਕਾਰਾਂ ਵਿੱਚੋਂ ਸਿਰਮੌਰ ਹਨ। ਕੌਮ ਨੂੰ ਪੂਰੀ ਤਰ੍ਹਾਂ ਜਾਗ੍ਰਿਤ ਕਰਨ ਤੇ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਦੋ ਆਦਰਸ਼ ਨਿਯਤ ਕੀਤੇ ਗਏ- ਪਹਿਲਾ, ਵਿਦਿਆ ਦਾ ਪ੍ਰਚਾਰ-ਪ੍ਰਸਾਰ ਅਤੇ ਦੂਸਰਾ, ਮਾਂ-ਬੋਲੀ ਵਿੱਚ ਸਾਹਿਤ ਸਿਰਜਣਾ, ਤਾਂ ਜੋ 'ਬੋਲੀ ਅਵਰ ਤੁਮਾਰੀ' ਤੋਂ ਨਿਜਾਤ ਪ੍ਰਾਪਤ ਹੋ ਸਕੇ। ਪਹਿਲੇ ਆਦਰਸ਼ ਨੂੰ ਪ੍ਰਾਪਤ ਕਰਨ ਲਈ ਐਜੂਕੇਸ਼ਨ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੂੰ ਸਫ਼ਲ ਕਰਨ ਲਈ ਭਾਈ ਵੀਰ ਸਿੰਘ ਨੇ ਆਪਣੇ ਸਾਰੇ ਨਿੱਜੀ ਰੁਝੇਵਿਆਂ ਦਾ ਤਿਆਗ ਕਰ, ਦਿਨ-ਰਾਤ ਇੱਕ ਕਰ ਦਿੱਤਾ। ਇਸ ਕਮੇਟੀ ਦੀ ਸਫਲਤਾ ਦਾ ਅੰਦਾਜ਼ਾ ਚੀਫ਼ ਖਾਲਸਾ ਦੀਵਾਨ ਵੱਲੋਂ ਚਲਾਈਆ ਜਾ ਰਹੀਆਂ ਵਿਦਿਅਕ ਸੰਸਥਾਵਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਕਮੇਟੀ ਦੇ ਇੱਥੋਂ ਤਕ ਪਹੁੰਚਣ ਪਿੱਛੇ ਭਾਈ ਸਾਹਿਬ ਦਾ ਹੀ ਹੱਥ ਸੀ।

ਕੌਮ ਨੂੰ ਜਾਗ੍ਰਿਤ ਕਰਨ ਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈ ਸਾਹਿਬ ਨੇ ਸਾਰਾ ਜੀਵਨ ਸਾਹਿਤ ਸਿਰਜਣਾ ਹਿਤ ਲਗਾ ਦਿੱਤਾ। ਹਮੇਸ਼ਾ ਹਾਰੀਆਂ ਹੋਈਆਂ ਕੌਮਾਂ ਤੇ ਬੁਜ਼ਦਿਲ ਹੋ ਚੁਕੇ ਲੋਕਾਂ ਨੂੰ ਅਮੀਰ ਸਾਹਿਤ ਨੇ ਨਵ-ਜੀਵਨ ਪ੍ਰਦਾਨ ਕੀਤਾ ਹੈ। ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਨੇ ਇਸ ਕਾਰਜ ਨੂੰ ਕਰਨ ਲਈ ਭਰਪੂਰ ਹਿੱਸਾ ਪਾਇਆ। ਭਾਈ ਸਾਹਿਬ ਦੀਆਂ ਸਾਹਿਤਕ ਕਿਰਤਾਂ ਦੀ ਵਰਗ-ਵੰਡ ਇਸ ਤਰ੍ਹਾਂ ਕਰ ਸਕਦੇ ਹਾਂ:

**ਜੀਵਨੀ**

1. ਗੁਰੂ ਨਾਨਕ ਚਮਤਕਾਰ (ਦੋ ਭਾਗ)
2. ਅਸ਼ਟ ਗੁਰ ਚਮਤਕਾਰ
3. ਕਲਗੀਧਰ ਚਮਤਕਾਰ

**ਨਾਵਲ**

1. ਸੁੰਦਰੀ
2. ਵਿਜੈ ਸਿੰਘ
3. ਸਤਵੰਤ ਕੌਰ
4. ਬਾਬਾ ਨੌਧ ਸਿੰਘ

**ਖੋਜ ਤੇ ਵਿਆਖਿਆ**

1. ਸ੍ਰੀ ਗੁਰੂ ਗ੍ਰੰਥ ਕੋਸ਼
2. ਗੁਰ ਪ੍ਰਤਾਪ ਸੂਰਜ ਗ੍ਰੰਥ


**ਸੰਪਾਦਨ**

1. ਪੁਰਾਤਨ ਜਨਮ ਸਾਖੀ
2. ਭਾਈ ਗੁਰਦਾਸ ਵਾਰਾਂ ਕਬਿੱਤ-ਸਵੱਯੇ

**ਟ੍ਰੈਕਟ ਰਚਨਾ**

1891 ਤੋਂ 1957 ਤਕ ਲੱਗਭਗ 200 ਟ੍ਰੈਕਟਾਂ ਦੀ ਰਚਨਾ।

ਬਹੁਤ ਸਾਰੀਆਂ ਪੰਥਕ ਸੰਸਥਾਵਾਂ ਦੇ ਭਾਈ ਵੀਰ ਸਿੰਘ ਸੰਸਥਾਪਕ ਸੰਚਾਲਕ ਤੇ ਮੈਂਬਰ ਸਨ, ਜਿਨ੍ਹਾਂ ਵਿੱਚੋਂ ਪ੍ਰਮੁੱਖ ਖਾਲਸਾ ਟ੍ਰੈਕਟ ਸੁਸਾਇਟੀ (1893), ਚੀਫ਼ ਖਾਲਸਾ ਦੀਵਾਨ ਅੰਮ੍ਰਿਤਸਰ (1901), ਸੈਂਟਰਲ ਖਾਲਸਾ ਯਤੀਮਖਾਨਾ (1904), ਸਿੱਖ ਐਜੂਕੇਸ਼ਨ ਕਮੇਟੀ ਤੇ ਸੈਂਟਰਲ ਖਾਲਸਾ ਵਿਦਿਆਲਾ ਤਰਨਤਾਰਨ (1908), ਗੁਰਦੁਆਰਾ ਹੇਮਕੁੰਟ ਟਰੱਸਟ (1926), ਸੈਂਟਰਲ ਸੂਰਮਾ



**ਭਾਈ ਵੀਰ ਸਿੰਘ**

ਸਿੰਘ ਆਸ਼ਰਮ (1935), ਫਰੀ ਹੋਮਿਓਪੈਥਿਕ ਹਸਪਤਾਲ (1943) ਆਦਿ ਪੰਥਕ ਸੰਸਥਾਵਾਂ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਪੰਥਕ ਪ੍ਰਬੰਧ ਵਿੱਚ ਲਿਆਉਣ ਤੇ ਪੰਜਾਬ ਐਂਡ ਸਿੰਧ ਬੈਂਕ ਅਰੰਭ ਕਰਨ ਵਿੱਚ ਪ੍ਰਮੁੱਖ ਹੱਥ ਭਾਈ ਸਾਹਿਬ ਦਾ ਹੀ ਸੀ।

ਭਾਈ ਵੀਰ ਸਿੰਘ ਦੀ ਕਲਮੀ ਸੇਵਾ, ਸਾਹਿਤਕ ਕਿਰਤਾਂ ਨੂੰ ਪੰਜਾਬੀਆਂ ਤੇ ਪੰਜਾਬੀ ਪ੍ਰੇਮੀਆਂ ਨੇ ਭਰਪੂਰ ਹੁੰਗਾਰਾ ਦਿੱਤਾ। ਬਹੁਤ ਸਾਰੀਆਂ ਲਿਖਤਾਂ ਦਾ ਹਿੰਦੀ ਤੇ ਅੰਗਰੇਜ਼ੀ 'ਚ ਉਲਥਾ ਹੋਇਆ। 'ਲਹਿਰਾਂ ਦੇ ਹਾਰ' ਤੇ ਕੁਝ ਹੋਰ ਕਵਿਤਾਵਾਂ ਦਾ ਅੰਗਰੇਜ਼ੀ ਵਿੱਚ ਅਨੁਵਾਦ ਪ੍ਰਸਿੱਧ ਦਾਰਸ਼ਨਿਕ ਕਵੀ ਪ੍ਰੋ. ਪੂਰਨ ਸਿੰਘ ਨੇ ਕੀਤਾ। 'ਮੇਰੇ ਸਾਈਆਂ ਜੀਓ' ਨੂੰ ਸਾਹਿਤ ਅਕਾਦਮੀ ਦਾ ਸਨਮਾਨ ਪ੍ਰਾਪਤ ਹੋਇਆ। 1949 ਈ: ਵਿੱਚ ਪੰਜਾਬੀ ਯੂਨੀਵਰਸਿਟੀ ਵੱਲੋਂ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਦੇ ਸਤਿਕਾਰ ਵਜੋਂ 'ਡਾਕਟਰ ਆਫ਼ ਓਰੀਐਂਟਲ ਲਿਟਰੇਚਰ' ਦੀ ਡਿਗਰੀ ਪ੍ਰਦਾਨ ਕੀਤੀ ਗਈ। 1952 ਈ: ਵਿੱਚ ਬੰਬਈ ਵਿੱਚ ਹੋਈ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਸਮੇਂ ਇਨ੍ਹਾਂ ਨੂੰ 'ਅਭਿਨੰਦਨ ਗ੍ਰੰਥ' ਭੇਟ ਕੀਤਾ ਗਿਆ। ਇਸੇ ਹੀ ਸਾਲ ਇਨ੍ਹਾਂ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਸਰਕਾਰੀ ਤੌਰ 'ਤੇ ਮੈਂਬਰ ਨਾਮਜ਼ਦ ਕੀਤਾ ਗਿਆ। ਭਾਈ ਵੀਰ ਸਿੰਘ ਨੂੰ 1956 ਈ: ਵਿੱਚ ਗਣਰਾਜ ਦਿਵਸ 'ਤੇ ਭਾਰਤ ਸਰਕਾਰ ਵੱਲੋਂ "ਪਦਮ ਭੂਸ਼ਨ" ਨਾਲ ਸਨਮਾਨਿਤ ਕੀਤਾ ਗਿਆ।

ਜੂਨ 1957 ਈ: ਦੇ ਪਹਿਲੇ ਹਫਤੇ ਭਾਈ ਸਾਹਿਬ ਨੂੰ ਬੁਖ਼ਾਰ ਹੋ ਗਿਆ, ਜੋ ਲਗਾਤਾਰ ਜਾਰੀ ਰਿਹਾ ਤੇ ਓੜਕ ਜਾਨ-ਲੇਵਾ ਸਾਬਤ ਹੋਇਆ। ਸਿਹਤ ਦਿਨੋ-ਦਿਨ ਕਮਜ਼ੋਰ ਹੁੰਦੀ ਗਈ, ਪਰ ਆਲਸ ਜਾਂ ਸੁਸਤੀ ਜੀਵਨ ਭਰ ਇਨ੍ਹਾਂ ਦੇ ਨੇੜੇ ਨਹੀਂ ਸੀ ਲੱਗੀ। ਡਾਕਟਰਾਂ, ਮਿੱਤਰਾਂ, ਸੱਜਣਾਂ, ਸਨੇਹੀਆਂ ਨੇ ਉਨ੍ਹਾਂ ਨੂੰ ਮੁਕੰਮਲ ਅਰਾਮ ਕਰਨ ਦੀ ਸਲਾਹ ਦਿੱਤੀ, ਪਰ ਜਿਹੜੇ ਲੋਕਾਂ ਨੂੰ 'ਇਹ' ਉਪਦੇਸ਼ ਕਰਦੇ ਹੋਣ, ਉਹ ਆਪ ਕਿਵੇਂ ਅਰਾਮ ਕਰ ਸਕਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਉਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ,
ਉਹ ਦਿਨੇ ਰਾਤ ਪਏ ਵਹਿੰਦੇ।

ਅੰਤ 10 ਜੂਨ 1957 ਈ: ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ, ਕਾਦਰ ਦੀ ਕੁਦਰਤ ਦਾ ਕਵੀ ਸਭ ਨੂੰ ਸਦਾ ਲਈ ਅਲਵਿਦਾ ਕਹਿ ਗਿਆ, ਪਰ ਆਪਣੀਆਂ ਸਾਹਿਤਕ ਕਿਰਤਾਂ ਸਦਕਾ ਹਮੇਸ਼ਾਂ-ਹਮੇਸ਼ਾਂ ਲਈ ਅਮਰ ਹੋ ਗਿਆ।

ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਚੁੰਬਕੀ ਸ਼ਕਤੀ ਰੱਖਦੀ ਸੀ। ਉਨ੍ਹਾਂ ਲਈ ਕੋਈ ਮੇਰ-ਤੇਰ ਨਹੀਂ ਸੀ। ਉਹ ਜਿਸ ਨੂੰ ਮਿਲੇ, ਉਸ ਨੂੰ ਹੀ ਆਪਣਾ ਬਣਾ ਲਿਆ। ਕੌਮੀ ਜਾਗ੍ਰਿਤੀ ਲਿਆਉਣ, ਮਾਂ-ਬੋਲੀ ਨੂੰ ਸਤਿਕਾਰ ਦਿਵਾਉਣ ਤੇ ਧਰਮ ਪ੍ਰਚਾਰ-ਪ੍ਰਸਾਰ ਹਿੱਤ ਜੋ ਹਿੱਸਾ ਭਾਈ ਸਾਹਿਬ ਨੇ ਪਾਇਆ, ਉਹ ਇੱਕ ਲੇਖ ਵਿੱਚ ਲਿਖ ਸਕਣਾ ਅਸੰਭਵ ਹੈ। ਬਹੁਤ ਸਾਰੇ ਵਿਅਕਤੀ ਉਨ੍ਹਾਂ ਦੇ ਜੀਵਨ ਤੇ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ 'ਨਾਨਕ ਨਿਰਮਲ ਪੰਥ' ਦੇ ਪਾਂਧੀ ਬਣੇ। ਭਾਈ ਵੀਰ ਸਿੰਘ ਦੀ 'ਸ਼ਖ਼ਸੀਅਤ' ਅਤੇ 'ਸਾਹਿਤ' ਤੋਂ ਪ੍ਰਭਾਵਿਤ ਦੋ 'ਸ਼ਖ਼ਸੀਅਤਾਂ' ਦੀ ਉਦਾਹਰਣ ਨਾਲ ਇਸ ਲੇਖ ਨੂੰ ਅਸੀਂ ਪੂਰਾ ਕਰਦੇ ਹਾਂ:

ਪਹਿਲੀ ਸ਼ਖ਼ਸੀਅਤ ਹਨ, ਮਾਸਟਰ ਤਾਰਾ ਸਿੰਘ ਜੋ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਜੋਂ ਸਿੱਖ ਕੌਮ ਦੀ ਲੱਗਭਗ 50 ਸਾਲ ਅਗਵਾਈ ਕਰਦੇ ਰਹੇ, ਜਿਹੜੇ ਕਿ ਪਹਿਲਾਂ ਸਿੱਖੀ ਸਰੂਪ ਵਿੱਚ ਨਹੀਂ ਸਨ। ਜਦ ਉਨ੍ਹਾਂ ਭਾਈ ਵੀਰ ਸਿੰਘ ਦੀ ਪਹਿਲੀ ਗਲਪ ਰਚਨਾ "ਸੁੰਦਰੀ" ਪੜ੍ਹੀ ਤਾਂ ਉਹ ਇੰਨੇ ਪ੍ਰਭਾਵਿਤ ਹੋਏ ਕਿ ਸਿੱਖੀ ਸਰੂਪ ਧਾਰਨ ਕਰ ਲਿਆ।

ਦੂਸਰੀ ਉਦਾਹਰਣ ਪ੍ਰਸਿੱਧ ਦਾਰਸ਼ਨਿਕ, ਲੇਖਕ, ਕਵੀ ਪ੍ਰੋ. ਪੂਰਨ ਸਿੰਘ ਦੀ ਹੈ। ਪ੍ਰੋ. ਪੂਰਨ ਸਿੰਘ ਉੱਚ ਵਿਦਿਆ ਦੀ ਪ੍ਰਾਪਤੀ ਹਿਤ ਜਪਾਨ ਗਏ, ਜਿਥੇ ਆਪਣੇ ਅਮੋਲ ਵਿਰਸੇ 'ਸਿੱਖੀ' ਤੋਂ ਵੀ ਦੂਰ ਹੋ ਸੰਨਿਆਸ ਧਾਰਨ ਕਰ ਲਿਆ। ਦੇਸ਼ ਪਰਤਣ 'ਤੇ ਭਾਈ ਵੀਰ ਸਿੰਘ ਦੀ ਸੰਗਤ ਦਾ ਹੀ ਚਮਤਕਾਰ ਸੀ ਕਿ ਫਿਰ ਗੁਰਸਿੱਖ ਸਜ ਗਏ।

ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੇ ਸਾਹਿਤਕ ਪ੍ਰਤਿਭਾ ਨੂੰ ਸਨਮੁਖ ਰੱਖਦਿਆਂ ਡਾ. ਰਤਨ ਸਿੰਘ ਜੱਗੀ ਨੇ ਉਨ੍ਹਾਂ ਨੂੰ ਵੀਹਵੀਂ ਸਦੀ ਦਾ ਭਾਈ ਗੁਰਦਾਸ ਕਿਹਾ ਹੈ। ਭਾਵੇਂ ਕਿ ਇਹ ਮੁਕਾਬਲਾ ਕਰਨਾ ਵੀ ਠੀਕ ਨਹੀਂ ਪਰ ਅਸੀਂ ਇੰਨਾ ਜ਼ਰੂਰ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਜੀ ਤੋਂ ਪਿੱਛੋਂ ਭਾਈ ਵੀਰ ਸਿੰਘ ਦਾ ਹੀ ਨਾਮ ਆਉਂਦਾ ਹੈ।

-0-

## ਦਾਸਤਾਨਿ-ਸ਼ਹਾਦਤ ਚਾਰ ਸਾਹਿਬਜ਼ਾਦੇ

ਗੌਰਵਮਈ ਧਰਮ ਛੱਡਣ ਲਈ ਫੁਸਲਾ ਨਾ ਸਕੇ। ਇੰਝ ਮਾਸੂਮ ਬੱਚਿਆਂ ਨੇ ਧਰਮ ਤੇ ਸੁਤੰਤਰਤਾ ਲਈ ਕੁਰਬਾਨੀ ਦੀ ਮਿਸਾਲ ਕਾਇਮ ਕੀਤੀ। ਸ਼ਹੀਦੀ ਸਮੇਂ ਸਾਹਿਬਜ਼ਾਦਾ ਫ਼ਤਹਿ ਸਿੰਘ ਦੀ ਉਮਰ 6 ਸਾਲ, 10 ਮਹੀਨੇ ਤੇ 14 ਦਿਨ ਸੀ।

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਜ਼ਫਰਨਾਮੇ ਵਿੱਚ ਲਿਖਿਆ ਕਿ ਕੀ ਹੋਇਆ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ, ਪਰ ਅਜੇ ਕੁੰਡਲੀਦਾਰ ਨਾਗ ਰੂਪੀ ਖ਼ਾਲਸਾ ਉਂਜ ਦਾ ਉਂਜ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਅਦ ਮਾਤਾ ਗੁਜਰੀ ਜੀ ਨੂੰ ਵੀ ਸੂਬੇਦਾਰ ਦੇ ਸਿਪਾਹੀਆਂ ਨੇ ਤਸੀਹੇ ਦੇ ਕੇ ਠੰਢੇ ਬੁਰਜ ਵਿੱਚ ਮਾਰ ਦਿੱਤਾ। ਬਾਅਦ ਵਿੱਚ ਸਰਹਿੰਦ ਦੇ ਹੀ ਇੱਕ ਵਪਾਰੀ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਖ਼ਰੀਦੀ ਅਤੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਇੱਥੇ ਹੀ ਹੁਣ ਗੁਰਦੁਆਰਾ ਫਤਿਹਗੜ੍ਹ ਸਾਹਿਬ ਹੈ। ਸੰਸਾਰ ਦੇ ਇਤਿਹਾਸ ਵਿੱਚ ਇਹ ਸਭ ਤੋਂ ਕੀਮਤੀ ਜ਼ਮੀਨ ਮੰਨੀ ਜਾਂਦੀ ਹੈ। ਅੱਲਾ ਯਾਰ ਖਾਂ ਜੋਗੀ ਸੰਸਾਰ ਵਿੱਚ ਇਸ ਅਨੋਖੀ ਸ਼ਹਾਦਤ ਨੂੰ ਸਿੱਖ ਸਲਤਨਤ ਦਾ ਨੀਂਹ ਪੱਥਰ ਕਰਾਰ ਦਿੰਦਾ ਹੈ:

ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰ ਪਰ ਉਠਾ ਚਲੇ।
ਗੁਰਿਆਈ ਕਾ ਹੈ ਕਿਸਾ ਜਹਾਂ ਮੈਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।

## ਦਾਸਤਾਨ-ਏ-ਸਫ਼ਰ

*-ਡਾ. ਬਲਵਿੰਦਰ ਸਿੰਘ ਸੋਹਲ*

ਆਨੰਦਗੜ ਕਿਲੇ ਤੋਂ ਦੀਨੇ ਕਾਂਗੜ ਤੱਕ
ਦੋ ਜਹਾਨਾਂ ਦਿਆ ਮਾਲਕਾ ਸਿੱਖੀ ਦਾ ਬੂਟਾ ਪਾਲਣ ਖਾਤਰ
ਕੈਸਾ ਮੰਜਰ ਹੋਵੇਗਾ ਅਗਲਾ ਤੇ ਕਿੱਥੇ ਮਿਲਣੀ ਲੋਅ
ਘੜੀ ਕਹਿਰ ਦੀ ਪਰਿਵਾਰ 'ਤੇ ਕਿਵੇਂ ਢਹਿਣੀ
ਉਸਦਾ ਪਲ ਪਲ ਤੁਸਾਂ ਸਾਥੋਂ ਲਿਆ ਲੁਕੋ
ਪਤਾ ਸੀ ਤੈਨੂੰ ਕਰ ਅਰਦਾਸ ਅਨੰਦਪੁਰ ਛੱਡ ਜਾਣਾ
ਹੋ ਕੁਰਬਾਨ ਸਭਨਾ ਸੱਚਖੰਡ ਪਹੁੰਚ ਜਾਣਾ ਵਾਰੋ ਵਾਰੀ ਹੋ
ਕਸਮਾਂ ਗਊ-ਕੁਰਾਨ ਦੀਆਂ ਖਾਣ ਵਾਲੇ ਹੋਣੇ ਨੰਗੇ
ਝੂਠੇ ਧਰਮ ਦੇ ਪਰਦਿਆਂ ਅੰਦਰ ਪਾਪੀ ਲੁਕੇ ਸੀ ਜੋ
ਤੂਫਾਨ ਸਰਸਾ ਵਿਚਲਾ ਵੀ ਕਰੂ ਨੁਕਸਾਨ ਭਾਰੀ
ਜੋ ਖੋਹੂ ਖ਼ਜ਼ਾਨੇ ਪੰਥ ਦੇ ਤੇ ਦੇਊ ਪਰਿਵਾਰ ਵਿਛੋੜਾ ਸੰਜੋਅ
ਕੰਡੇ ਬੈਠ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਪਾਉਣੇ
ਅੰਮ੍ਰਿਤ ਵੇਲਾ ਸਾਂਭ ਚਾਲੇ ਪਾ ਦੇਣੇ ਜਦੋਂ ਦਿਨ ਦੀ ਚੜ੍ਹਨੀ ਲੋਅ
ਕੋਟਲੇ ਨਿਹੰਗ ਖਾਂ ਦੇ ਘਰ ਵਰਤਨੀ ਅਜਬ ਗਾਥਾ
ਸਿੰਘ ਬਚਿੱਤਰ ਤੇ ਮੁਮਤਾਜ ਦੇ ਸੰਯੋਗ ਮਿਲਣੇ ਧੁਰ ਦਰਗਾਹੋਂ ਲਿਖੇ ਪਏ ਸੀ ਜੋ
ਕਮਾਲੂਦੀਨ (ਕੁਮਾ ਮਾਸ਼ਕੀ) ਜਿਹੇ ਗੁਰੂ ਪਿਆਰੇ ਵੀ ਮਿਲਣਗੇ ਵਿੱਚ ਬੇੜੀਆਂ
ਛੰਨ ਦਾਦੀ ਪੋਤਿਆਂ ਦੇ ਕਰ ਹਵਾਲੇ
ਆਪ ਕੱਕਰ ਭਰੀ ਰਾਤ ਝੱਲਣਗੇ ਬਾਹਰ ਬੈਠ ਕੇ ਉਹ
ਨਮਕ ਹਰਾਮੀ ਗੰਗੂ ਖੱਟੂ ਲੱਖ ਲਾਹਨਤਾਂ ਰਹਿੰਦੇ ਜੁਗਾਂ ਤਾਈਂ
ਛੋਟੇ ਬੱਚਿਆਂ ਤੇ ਮਾਤਾ ਬਾਰੇ ਪਹੁੰਚ ਮੋਰਿੰਡੇ ਕੋਤਵਾਲੀ ਰਪਟ ਲਿਖਾਊ ਜੋ
ਕੱਚੀ ਗੜੀ ਚਮਕੌਰ ਨੂੰ ਧਰਮ ਦਾ ਤੀਰਥ ਬਨਾਉਣ ਖ਼ਾਤਰ
ਹੋਣੇ ਸ਼ਹੀਦ ਖਾ ਸੀਨੇ ਤੀਰ ਨੇਜ਼ੇ ਬਰਛੀਆਂ ਪਿਆਰੇ ਸਿੰਘ ਤੇ ਪੁੱਤਰ ਦੋ
ਮੰਨ ਹੁਕਮ ਸਿੰਘਾਂ ਦਾ ਮਾਰ ਤਾੜੀ ਕੱਚੀ ਗੜ੍ਹੀ ਨੂੰ ਫਤਿਹ ਬੁਲਾ ਦੇਣੀ
ਮਾਛੀਵਾੜੇ 'ਚ ਅਕਾਲ ਪੁਰਖ ਦੇ ਨਾਲ ਪਾਊ ਬਾਤਾਂ
ਰੱਖ ਇੱਟ ਦਾ ਸਰਾਣਾ ਜਦ ਸੌਂ ਗਿਆ ਉਹ
ਮਾਤਾ ਸ਼ਰਨ ਕੌਰ ਵੀ ਜਿਉਂਦੀ ਹੈ ਉਸੀ ਚਿੱਖਾ ਵਿੱਚ ਸਾੜ ਦੇਣੀ
ਬਾਲੂ ਚਿੱਖਾ ਜੋ ਅਜੀਤ, ਜੁਝਾਰ ਤੇ ਪਿਆਰੇ ਸਿੰਘਾਂ ਲਈ ਜੋ
ਨਿਸ਼ਾਨ ਸਿੱਖੀ ਦਾ ਅੰਬਰਾਂ ਤਾਂਈ ਸਦਾ ਲਈ ਝੁੱਲ ਜਾਣਾ
ਜਦੋਂ ਸਰਹੰਦ ਦੀਆਂ ਨੀਂਹਾਂ 'ਚ ਛੱਡਣੇ ਜੈਕਾਰੇ ਮੇਰੇ ਜੋਰਾਵਰ ਤੇ ਫਤਿਹ ਸਿੰਘ ਖਲੋਅ
ਮੋਤੀ ਰਾਮ ਟੱਬਰ ਨੇ ਵੀ ਆਪਣਾ ਲੋਕ ਪ੍ਰਲੋਕ ਹੈ ਸਾਧ ਲੈਣਾ
ਗਹਿਣੇ ਵੇਚ ਵੱਟ ਪਿਆਊ ਜਦੋਂ ਦੁੱਧ ਕੋਸਾ ਛੋਟੇ ਲਾਲਾਂ ਦੇ ਬੁਲਾਂ ਨਾਲ ਛੂਹ ਹੋ
ਜੁਗਾਂ ਜੁਗਾਂ ਤੱਕ ਇਸ ਸਫਲ ਸੇਵਾ ਦੀ ਠੰਡਾ ਬੁਰਜ ਸਦਾ ਭਰੂ ਗਵਾਹੀ
ਜਾਊ ਕੋਹਲੂ ਵਿੱਚ ਜਦ ਪੀੜਿਆ ਉਠੂ ਤੁਫਾਨ ਲੋਕ ਮਨਾਂ ਅੰਦਰ ਬਣ ਕੇ ਵੱਡਾ ਰੋਹ
ਸੁੱਚਾ ਨੰਦ ਪਾਪੀ ਵੀ ਕਮਾਊ ਕਹਿਰ ਦਰਬਾਰ ਅੰਦਰ
ਤੇ ਕਰਵਾ ਦੇਊ ਜ਼ਿਬਾ ਛੋਟੀ ਉਮਰ ਤੇ ਉੱਚੀ ਸੁਰਤ ਵਾਲੇ ਲਾਲਾਂ ਨੂੰ ਉਹ
ਦੀਵਾਨ ਟੋਡਰ ਮੱਲ ਨੇ ਬੋਹਲਾਂ ਦੇ ਬੋਹਲ ਨੇ ਸੋਨੇ ਦੇ ਤੋਲ ਦੇਣੇ
ਲੈਣੀ ਚਿੱਖਾ ਬਨਾਉਣ ਲਈ ਉਹ ਦੋ ਗਜ਼ ਜ਼ਮੀਨ ਦੀ ਟੁਕੜੀ ਜੋ
ਅੱਜ ਵੀ ਬੜੇ ਕਹਿੰਦੇ ਬਹੁਤ ਮਹਿੰਗੀ ਖਰੀਦੀ ਭੋਂਇ ਸਸਕਾਰ ਵਾਲੀ
ਮੈਨੂੰ ਲੱਗਦਾ ਇਨ੍ਹਾਂ ਅਨਮੋਲ ਰੂਹਾਂ ਦੇ ਹਾਣ ਦੀ ਅਜੇ ਵੀ ਨਹੀਂ ਸੀ ਉਹ
ਨੂਰੇ ਮਾਹੀ ਤੋਂ ਸੁਣ ਕੇ ਸਰਹੰਦ ਸਾਕਾ ਹੋਣਾ ਬਚਨ ਸੁਭਾਵਕੀ ਉਸ ਵੇਲੇ
ਕਾਈ ਦੀ ਜੜ ਵਾਂਗ ਹੁਣ ਪੁੱਟੀ ਜਾਣੀ ਇਹ ਜਬਰ ਜਾਲਮ ਦੀ ਗੱਦੀ ਜੋ
ਔਰੰਗੇ ਮੁਗ਼ਲ ਨੂੰ ਦੀਨ ਦੇ ਦੱਸ ਮਾਇਨੇ ਦੀਨੇ ਕਾਂਗੜ ਤੋਂ ਲਿਖਾਂਗਾ ਜ਼ਫਰਨਾਮਾ
ਜੋ ਉਸ ਕਾਇਰ ਦੀ ਆਤਮਾ ਨੂੰ ਪਾਊ ਲਾਹਨਤ
ਜਦ ਪੜੂ ਇੱਕ ਇੱਕ ਅੱਖਰ ਲਾ ਕੇ ਨੀਝ ਦੇ ਨਾਲ ਉਹ
ਵਾਹਿਗੁਰੂ ਤੂੰ ਆਪੇ ਘੜਦਾਂ ਆਪੇ ਰੰਗਦਾਂ ਆਪੇ ਖੇਲ ਖਿਲਾਵੇਂ ਤੂੰ
ਤੇਰੀਆਂ ਤੂੰ ਹੀ ਜਾਣੇ ਦਾਤਿਆ 'ਸੋਹਲ' ਸਾਡੀ ਸਮਝ ਨਾ ਆਵੇ ਉਹ।

# ਸਿੱਖ ਧਰਮ ਵਿੱਚ ਕੁਦਰਤੀ ਸੰਸਾਰ ਬਾਰੇ ਦ੍ਰਿਸ਼ਟੀਕੋਣ

*ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਇਹ ਸ਼ਬਦ 'ਮਉਲੀ ਧਰਤੀ ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥' ਇਹੋ ਦਰਸਾਉਂਦਾ ਹੈ ਕਿ ਧਰਤੀ ਅਤੇ ਆਕਾਸ਼ ਪਰਮਾਤਮਾ ਦੀ ਜੋਤ ਦੇ ਪ੍ਰਕਾਸ਼ ਨਾਲ ਭਾਵ ਕੁਦਰਤ ਨਾਲ ਖਿੜੇ ਹੋਏ ਹਨ ਤੇ ਹਰ ਘਟ ਵਿੱਚ ਉਸ ਪਰਮਾਤਮਾ ਦਾ ਹੀ ਪ੍ਰਕਾਸ਼ ਹੈ। 'ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥' ਦੇ ਭਾਵ-ਅਰਥ ਤਾਂ ਗੁਰਬਾਣੀ ਪੜ੍ਹਨ/ਸੁਣਨ ਵਾਲੇ ਸਭ ਜਾਣਦੇ ਹੀ ਹਨ! ਹਥਲੇ ਲੇਖ ਰਾਹੀਂ ਸਿੱਖ ਧਰਮ ਵਿੱਚ ਕੁਦਰਤੀ ਸੰਸਾਰ ਬਾਰੇ ਗੁਰਬਾਣੀ ਦੇ ਸੰਦਰਭ ਵਿੱਚ ਆਏ ਜ਼ਿਕਰ ਦਾ ਸੰਖੇਪ ਵੇਰਵਾ ਹੈ। ਸੁਨੇਹਾ ਇਹੋ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਸਿੱਖਿਆ ਲੈ ਕੇ ਕੁਲ ਮਨੁੱਖਤਾ ਨੂੰ ਕੁਦਰਤ ਦਾ ਸਤਿਕਾਰ ਕਰਨ ਅਤੇ ਇਸ ਦੀ ਸੁੰਦਰਤਾ ਨੂੰ ਬਹਾਲ ਰੱਖਣ ਦੇ ਨਜ਼ਰੀਏ ਤੋਂ ਇਸ ਦੀ ਸੰਭਾਲ ਕਰਨ ਨੂੰ ਤਵੱਜੋ ਦੇਣੀ ਚਾਹੀਦੀ ਹੈ। -ਪ੍ਰਬੰਧਕੀ ਸੰਪਾਦਕ*

## ਤਰਜੀਹਾਂ

ਡਾ. ਪੀ. ਐੱਸ. ਤਿਆਗੀ
ਫੋਨ: +91-9855446519



ਕੁਦਰਤ ਸਾਡੇ ਆਲੇ-ਦੁਆਲੇ ਦੀ ਕੁਦਰਤੀ, ਭੌਤਿਕ ਦੁਨੀਆ ਹੈ, ਜਿਸ ਵਿੱਚ ਪੌਦਿਆਂ ਤੇ ਜਾਨਵਰਾਂ ਵਰਗੀਆਂ ਸਾਰੀਆਂ ਜੀਵਤ ਚੀਜ਼ਾਂ ਅਤੇ ਹਵਾ, ਪਾਣੀ, ਲੈਂਡਸਕੇਪ ਵਰਗੀਆਂ ਨਿਰਜੀਵ ਚੀਜ਼ਾਂ ਸ਼ਾਮਲ ਹਨ। ਇਸ ਵਿੱਚ ਉਹ ਸਭ ਕੁਝ ਸ਼ਾਮਲ ਹੈ, ਜੋ ਮਨੁੱਖ ਦੁਆਰਾ ਨਹੀਂ ਬਣਾਇਆ ਗਿਆ ਹੈ। ਘਰ ਤੋਂ ਬਾਹਰ ਨਿਕਲਦੇ ਹੀ ਅਸੀਂ ਆਪਣੇ ਆਲੇ-ਦੁਆਲੇ ਜੋ ਵੀ ਦੇਖਦੇ ਹਾਂ, ਉਹ ਕੁਦਰਤ ਦਾ ਹਿੱਸਾ ਹੈ। ਰੁੱਖ, ਫੁੱਲ, ਕੀੜੇ-ਮਕੌੜੇ, ਲੈਂਡਸਕੇਪ, ਸੂਰਜ ਦੀ ਰੌਸ਼ਨੀ, ਹਵਾ, ਹਰ ਚੀਜ਼ ਜੋ ਸਾਡੇ ਵਾਤਾਵਰਣ ਨੂੰ ਇੰਨਾ ਸੁੰਦਰ ਬਣਾਉਂਦੀ ਹੈ, ਕੁਦਰਤ ਦਾ ਹਿੱਸਾ ਹੈ। ਸੰਖੇਪ ਵਿੱਚ ਸਾਡਾ ਵਾਤਾਵਰਣ ਕੁਦਰਤ ਹੈ। ਕੁਦਰਤ ਦੀ ਸੁੰਦਰਤਾ ਨੂੰ ਪਰਿਭਾਸ਼ਿਤ ਕਰਨਾ ਔਖਾ ਹੈ, ਪਰ ਦੇਖਣਾ ਆਸਾਨ ਹੈ। ਕੁਦਰਤ ਦੀ ਸੁੰਦਰਤਾ ਨੂੰ ਸਾਰੀਆਂ ਚੀਜ਼ਾਂ ਅਤੇ ਥਾਵਾਂ ਵਿੱਚ ਦੇਖਿਆ ਜਾ ਸਕਦਾ ਹੈ, ਜਿਵੇ ਕਿ ਫੁੱਲਾਂ, ਪੰਛੀਆਂ, ਪੌਦਿਆਂ ਅਤੇ ਜਾਨਵਰਾਂ ਦੀ ਵਿਭਿੰਨਤਾ, ਪਹਾੜਾਂ, ਅਸਮਾਨ, ਵਾਦੀਆਂ ਅਤੇ ਪਹਾੜੀਆਂ ਵਿੱਚ। ਸੰਖੇਪ ਵਿੱਚ, ਪਰਮਾਤਮਾ ਦੀ ਹਰ ਰਚਨਾ ਵਿੱਚ ਸੁੰਦਰਤਾ ਮੌਜੂਦ ਹੈ। ਮਨੁੱਖ ਪਹਾੜੀ ਸਥਾਨਾਂ 'ਤੇ ਛੁੱਟੀਆਂ ਦੌਰਾਨ, ਬਾਗਾਂ ਵਿੱਚ, ਜੰਗਲਾਂ ਵਿੱਚ, ਸਮੁੰਦਰੀ ਕੰਢੇ 'ਤੇ, ਝੀਲਾਂ ਵਿੱਚ ਬੋਟਿੰਗ ਕਰਦੇ ਸਮੇਂ ਅਤੇ ਚਿੜੀਆਘਰ ਵਿੱਚ ਕੁਦਰਤ ਦੀ ਸੁੰਦਰਤਾ ਦਾ ਆਨੰਦ ਮਾਣਦਾ ਹੈ। ਪਰ ਜ਼ਿੰਦਗੀ ਦਾ ਆਨੰਦ ਲੈਣ ਲਈ ਚੰਗੇ ਪ੍ਰਦੂਸ਼ਣ ਮੁਕਤ ਵਾਤਾਵਰਣ ਦੀ ਲੋੜ ਹੁੰਦੀ ਹੈ। ਬਦਕਿਸਮਤੀ ਨਾਲ ਸਾਡੇ ਆਲੇ-ਦੁਆਲੇ ਦਾ ਵਾਤਾਵਰਣ ਦਿਨੋ-ਦਿਨ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ ਅਤੇ ਕੁਦਰਤ ਦੀ ਸੁੰਦਰਤਾ ਮਨੁੱਖੀ ਗਤੀਵਿਧੀਆਂ ਕਾਰਨ ਤੇਜ਼ੀ ਨਾਲ ਖਤਮ ਹੋ ਰਹੀ ਹੈ।

ਦੁਨੀਆ ਭਰ ਦੀਆਂ ਧਾਰਮਿਕ ਪਰੰਪਰਾਵਾਂ ਆਮ ਤੌਰ 'ਤੇ ਕੁਦਰਤੀ ਸੰਸਾਰ ਦਾ ਸਤਿਕਾਰ ਸਿਖਾਉਂਦੀਆਂ ਹਨ ਅਤੇ ਲੋਕਾਂ ਨੂੰ ਪੌਦਿਆਂ ਤੇ ਰੁੱਖਾਂ ਦੀ ਰੱਖਿਆ ਕਰਨ ਲਈ ਕਹਿੰਦੀਆਂ ਹਨ। ਬਹੁਤ ਸਾਰੇ ਧਾਰਮਿਕ ਗ੍ਰੰਥ ਮਨੁੱਖਾਂ ਨੂੰ ਸ੍ਰਿਸ਼ਟੀ ਦੇ ਪ੍ਰਬੰਧਕ ਜਾਂ ਟਰੱਸਟੀ ਵਜੋਂ ਪੇਸ਼ ਕਰਦੇ ਹਨ, ਜਿਨ੍ਹਾਂ ਨੂੰ ਪੌਦਿਆਂ ਅਤੇ ਵਿਸ਼ਾਲ ਵਾਤਾਵਰਣ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਿੱਖ ਧਰਮ ਕੁਦਰਤੀ ਸੰਸਾਰ ਦੀ ਦੇਖ-ਰੇਖ ਲਈ ਸਤਿਕਾਰ ਦੀ ਮੰਗ ਕਰਦਾ ਹੈ; ਪੌਦਿਆਂ ਨੂੰ ਬ੍ਰਹਮ ਰਚਨਾ ਵਜੋਂ ਮਹੱਤਵ ਦਿੱਤਾ ਜਾਂਦਾ ਹੈ ਅਤੇ ਮਨੁੱਖੀ ਭਲਾਈ ਲਈ ਜ਼ਰੂਰੀ ਮੰਨਿਆ ਜਾਂਦਾ ਹੈ। ਪੌਦਿਆਂ ਦੀ ਦੇਖਭਾਲ ਸਿੱਖ ਨੈਤਿਕਤਾ ਦਾ ਇੱਕ ਕੁਦਰਤੀ ਪ੍ਰਗਟਾਵਾ ਹੈ। ਸਿੱਖ ਚਿੰਤਨ ਵਿੱਚ ਪੌਦਿਆਂ ਦਾ ਮਹੱਤਵਪੂਰਨ ਸਥਾਨ ਹੈ। ਆਧੁਨਿਕ ਸਮੇਂ ਵਿੱਚ ਬਹੁਤ ਸਾਰੇ ਸਿੱਖ ਸਮੂਹ ਵਾਤਾਵਰਣ ਪ੍ਰੋਜੈਕਟਾਂ ਵਿੱਚ ਸਰਗਰਮ ਹਨ- ਰੁੱਖ ਲਗਾਉਣ ਦੀਆਂ ਮੁਹਿੰਮਾਂ, ਨਦੀਆਂ ਦੀ ਸਫਾਈ, ਜੈਵਿਕ ਖੇਤੀ ਪਹਿਲਕਦਮੀਆਂ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਮੁਹਿੰਮਾਂ ਇਨ੍ਹਾਂ ਨੂੰ ਸੇਵਾ ਦੇ ਰੂਪਾਂ ਵਜੋਂ ਪੇਸ਼ ਕਰਦੇ ਹਨ।

ਰੁੱਖ ਕੁਦਰਤ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਨ। ਬਹੁਤ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਪੌਦਿਆਂ ਦੀ ਮਹੱਤਤਾ ਅਤੇ ਕੁਦਰਤ ਦੀ ਸੁਰੱਖਿਆ ਨੂੰ ਚੰਗੀ ਤਰ੍ਹਾਂ ਦਰਸਾਇਆ ਗਿਆ ਹੈ। ਦੁਨੀਆ ਭਰ ਦੇ ਧਾਰਮਿਕ ਗ੍ਰੰਥ ਪੌਦਿਆਂ ਦੇ ਪਿਆਰ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਇੱਕ ਮਜਬੂਤ ਨੈਤਿਕ ਆਧਾਰ ਪ੍ਰਦਾਨ ਕਰਦੇ ਹਨ। ਹਿੰਦੂ ਧਰਮ ਵਿੱਚ ਬਹੁਤ ਸਾਰੇ ਰੁੱਖਾਂ ਨੂੰ ਪਵਿੱਤਰ ਹਸਤੀਆਂ ਮੰਨਿਆ ਜਾਂਦਾ ਹੈ ਅਤੇ ਪੂਜਾ ਕੀਤੀ ਜਾਂਦੀ ਹੈ। ਬੋਹੜ ਦਾ ਰੁੱਖ ਅਮਰਤਾ ਦਾ ਪ੍ਰਤੀਕ ਹੈ, ਪਿੱਪਲ ਨੂੰ ਭਗਵਾਨ ਵਿਸ਼ਨੂੰ ਦਾ ਨਿਵਾਸ ਮੰਨਿਆ ਜਾਂਦਾ ਹੈ, ਅਸ਼ੋਕ ਦਾ ਰੁੱਖ ਪਿਆਰ ਅਤੇ ਸ਼ਾਂਤੀ ਦਾ ਪ੍ਰਤੀਕ ਹੈ। ਤੁਲਸੀ ਦੇ ਪੌਦੇ ਨੂੰ ਹਿੰਦੂ ਘਰਾਂ ਵਿੱਚ ਇੱਕ ਜੀਵਤ ਦੇਵੀ ਲਕਸ਼ਮੀ ਮੰਨਿਆ ਜਾਂਦਾ ਹੈ।


ਸਿੱਖ ਧਰਮ ਸਿਖਾਉਂਦਾ ਹੈ ਕਿ ਸਾਰੀ ਸ੍ਰਿਸ਼ਟੀ ਇੱਕ ਸਿਰਜਣਹਾਰ (ਵਾਹਿਗੁਰੂ) ਦਾ ਪ੍ਰਗਟਾਵਾ ਹੈ। ਇਸ ਲਈ ਕੁਦਰਤ- ਜਿਸ ਵਿੱਚ ਪੌਦੇ, ਰੁੱਖ, ਪਾਣੀ, ਹਵਾ, ਧਰਤੀ ਸ਼ਾਮਲ ਹਨ- ਨੂੰ ਪਰਮਾਤਮਾ ਦੀ ਸ੍ਰਿਸ਼ਟੀ ਦੇ ਹਿੱਸੇ ਵਜੋਂ ਸਤਿਕਾਰਿਆ ਜਾਂਦਾ ਹੈ। ਸਿੱਖ ਧਰਮ ਵਿੱਚ ਕੁਦਰਤ ਲਈ ਪਿਆਰ ਕੁਦਰਤੀ ਤੌਰ 'ਤੇ ਇਸਦੇ ਅਧਿਆਤਮਿਕ ਪਰਿਸਰ ਤੋਂ ਵਗਦਾ ਹੈ। ਸਾਰਿਆਂ ਵਿੱਚ ਪਰਮਾਤਮਾ ਨੂੰ ਵੇਖਣਾ, ਹੁਕਮ ਦੇ ਅੰਦਰ ਰਹਿਣਾ ਅਤੇ ਸਾਰਿਆਂ ਦੀ ਭਲਾਈ ਲਈ ਨਿਰਸਵਾਰਥ ਸੇਵਾ ਕਰਨਾ, ਸਿੱਖ ਧਰਮ ਦੇ ਨਿਯਮ ਹਨ। ਵਾਤਾਵਰਣ ਸੰਕਟ ਦੇ ਯੁੱਗ ਵਿੱਚ ਇਹ ਸਿੱਖਿਆਵਾਂ ਸਿੱਖਾਂ ਨੂੰ ਵਿਸ਼ਵਾਸ ਦੇ ਪ੍ਰਗਟਾਵੇ ਵਜੋਂ ਧਰਤੀ ਦੀ ਰੱਖਿਆ ਕਰਨ ਲਈ ਨੈਤਿਕ ਅਤੇ ਵਿਹਾਰਕ- ਦੋਵੇਂ ਰਸਤੇ ਪ੍ਰਦਾਨ ਕਰਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਕੁਦਰਤ ਦੇ ਤੱਤਾਂ (ਹਵਾ, ਪਾਣੀ, ਧਰਤੀ, ਰੁੱਖ, ਫੁੱਲ ਆਦਿ) ਨੂੰ ਗੁਰੂ ਵਜੋਂ ਦਰਸਾਇਆ ਗਿਆ ਹੈ। ਜਪੁਜੀ ਸਾਹਿਬ ਵਿੱਚ ਕੁਦਰਤ ਨੂੰ ਸਰਲ ਸ਼ਬਦਾਂ ਵਿੱਚ ਸਮਝਾਇਆ ਹੈ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥

ਇਹ ਸ਼ਬਦ ਸਾਨੂੰ ਕੁਦਰਤ ਪ੍ਰਤੀ ਡੂੰਘਾ ਸਤਿਕਾਰ ਤੇ ਵਾਤਾਵਰਣ ਨਾਲ ਸਾਡੇ ਪਵਿੱਤਰ ਸਬੰਧ ਪ੍ਰਤੀ ਜਾਗਰੂਕਤਾ ਸਿਖਾਉਂਦੇ ਹਨ, ਅਤੇ ਕੁਦਰਤੀ ਤੱਤਾਂ ਨੂੰ ਬ੍ਰਹਮ ਸ੍ਰਿਸ਼ਟੀ ਦਾ ਇੱਕ ਅਨਿੱਖੜਵਾਂ ਅੰਗ ਸਵਿਕਾਰ ਕਰਦੇ ਹਨ। ਕੁਦਰਤ ਪ੍ਰਤੀ ਪਿਆਰ ਨੂੰ ਦਰਸਾਉਂਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਪੰਨਿਆਂ 'ਤੇ ਕਈ ਵਾਰ ਆਏ ਹਨ, ਜਿਸ ਵਿੱਚ ਕੁਦਰਤ ਦੀ ਮਹੱਤਤਾ ਦਾ ਜ਼ਿਕਰ ਕੀਤਾ ਗਿਆ ਹੈ।

ਈਕੋਸਿੱਖ (ਵਾਤਾਵਰਣ ਸੰਬੰਧੀ ਗੈਰ-ਸਰਕਾਰੀ ਸੰਸਥਾ) ਨੇ ਇੱਕ ਪ੍ਰਕਾਸ਼ਨ ਜਾਰੀ ਕੀਤਾ ਹੈ, ਜਿਸਦਾ ਸਿਰਲੇਖ ਹੈ- 'ਇੱਕ ਬਗੀਚਾ।' ਇਹ ਸਰੋਤ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ (ਸਲੋਕਾਂ) ਦਾ ਸੰਗ੍ਰਹਿ ਹੈ, ਜੋ ਮਨੁੱਖਤਾ ਅਤੇ ਵਾਤਾਵਰਣ ਵਿਚਕਾਰ ਇੱਕ ਸਦਭਾਵਨਾਪੂਰਨ ਤੇ ਹਮਦਰਦੀ ਭਰੇ ਰਿਸ਼ਤੇ 'ਤੇ ਜ਼ੋਰ ਦਿੰਦੇ ਹਨ। ਸਿੱਖ ਗੁਰੂਆਂ ਨਾਲ ਸਬੰਧਤ ਇੱਕ ਸਾਖੀ ਵਿੱਚ ਕੁਦਰਤ ਪ੍ਰਤੀ ਪਿਆਰ ਦਰਸਾਇਆ ਗਿਆ ਹੈ। ਛੋਟੇ ਹੁੰਦਿਆਂ ਗੁਰੂ ਹਰਿ ਰਾਇ ਸਾਹਿਬ ਜੀ ਕੀਰਤਪੁਰ ਸਾਹਿਬ ਵਿਖੇ ਫੁੱਲਾਂ ਦੇ ਬਾਗ ਵਿੱਚ ਖੇਡ ਰਹੇ ਸਨ। ਉਨ੍ਹਾਂ ਨੇ ਇੱਕ ਢਿੱਲਾ ਚੋਗਾ ਪਾਇਆ ਹੋਇਆ ਸੀ। ਦੌੜਦੇ ਸਮੇਂ ਚੋਗਾ ਗੁਲਾਬ ਦੇ ਪੌਦੇ ਦੇ ਕੰਡਿਆਂ ਵਿੱਚ ਫਸ ਗਿਆ, ਜਿਸ ਨਾਲ ਗੁਲਾਬ ਦੇ ਪੌਦੇ ਦੇ ਕੁਝ ਫੁੱਲ, ਪੱਤੇ ਅਤੇ ਟਾਹਣੀਆਂ ਟੁੱਟ ਗਈਆਂ। ਗੁਰੂ ਹਰਗੋਬਿੰਦ ਸਾਹਿਬ ਜੀ (ਗੁਰੂ ਹਰ ਰਾਏ ਜੀ ਦੇ ਦਾਦਾ ਜੀ) ਨੇ ਹਰਿ ਰਾਇ ਸਾਹਿਬ ਜੀ ਨੂੰ ਸਮਝਾਇਆ ਕਿ ਹਮੇਸ਼ਾ ਧਿਆਨ ਨਾਲ ਚੱਲਣਾ ਚਾਹੀਦਾ ਹੈ। ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਤੁਹਾਡੇ ਕੱਪੜੇ/ਸਰੀਰ ਦਾ ਕੋਈ ਵੀ ਹਿੱਸਾ ਰਸਤੇ ਵਿੱਚ ਕਿਸੇ ਵੀ ਚੀਜ਼ ਨੂੰ ਨੁਕਸਾਨ ਨਾ ਪਹੁੰਚਾਏ। ਇਸ ਤੋਂ ਸਾਨੂੰ ਇਹ ਸਮਝ ਮਿਲਦੀ ਹੈ ਕਿ ਜ਼ਿੰਦਗੀ ਵਿੱਚ ਚੱਲਦੇ ਸਮੇਂ, ਸਾਨੂੰ ਆਪਣੇ ਆਚਰਣ ਅਤੇ ਵਿਹਾਰ ਦਾ ਧਿਆਨ ਰੱਖਣਾ ਚਾਹੀਦਾ ਹੈ ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਕਿਸੇ ਨੂੰ ਜਾਂ ਕਿਸੇ ਵੀ ਜੀਵਤ ਚੀਜ਼ ਨੂੰ ਨੁਕਸਾਨ ਨਾ ਪਹੁੰਚਾਈਏ। ਇਸ ਸਬਕ ਨੇ ਗੁਰੂ ਸਾਹਿਬ ਨੂੰ ਕੁਦਰਤ ਨਾਲ ਪਿਆਰ ਕਰਨ ਵਿੱਚ ਮਦਦ ਕੀਤੀ। ਗੁਰੂ ਹਰਿ ਰਾਇ ਜੀ ਨੂੰ ਇਤਿਹਾਸਕ ਤੌਰ 'ਤੇ ਕੁਦਰਤ ਨਾਲ ਉਨ੍ਹਾਂ ਦੇ ਡੂੰਘੇ ਸਬੰਧ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਕੀਰਤਪੁਰ ਸਾਹਿਬ ਵਿਖੇ ਇੱਕ ਮਸ਼ਹੂਰ ਬਾਗ਼ ਅਤੇ ਇੱਕ ਮੁਫ਼ਤ ਹਸਪਤਾਲ ਸਥਾਪਤ ਕੀਤਾ, ਜੋ ਕਿ ਅਸਲ ਵਿੱਚ ਇੱਕ ਕੁਦਰਤੀ ਇਲਾਜ ਤੇ ਸਿਹਤ ਸੰਭਾਲ ਕੇਂਦਰ ਵਜੋਂ ਕੰਮ ਕਰਦਾ ਸੀ।





ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਫਲਾਂ ਨਾਲ ਭਰੀ ਦੁਖ ਭੰਜਨੀ ਬੇਰੀ ਦੇ ਨੇੜੇ ਸ਼ਰਧਾਲੂ

ਪੌਦਿਆਂ ਅਤੇ ਵਾਤਾਵਰਣ ਦੀ ਦੇਖਭਾਲ ਨੂੰ ਮਨੁੱਖਤਾ ਦੀ ਸੇਵਾ ਕਰਨ ਅਤੇ ਸਿਰਜਣਹਾਰ ਦਾ ਸਨਮਾਨ ਕਰਨ ਦੇ ਅਨੁਕੂਲ ਮੰਨਿਆ ਜਾਂਦਾ ਹੈ। ਸਿੱਖਾਂ ਵਿੱਚ ਗੁਰਦੁਆਰਿਆਂ ਦੇ ਨੇੜੇ ਅਤੇ ਤੀਰਥ ਯਾਤਰਾਵਾਂ ਦੇ ਨਾਲ ਰੁੱਖ ਲਗਾਉਣ ਤੇ ਉਨ੍ਹਾਂ ਦੀ ਦੇਖਭਾਲ ਕਰਨ; ਪੂਜਾ ਸਥਾਨਾਂ ਦੇ ਆਲੇ-ਦੁਆਲੇ ਬਗੀਚਿਆਂ ਅਤੇ ਸਾਫ਼-ਸੁਥਰੇ ਵਾਤਾਵਰਣ ਨੂੰ ਬਣਾਈ ਰੱਖਣ ਦੀ ਪਰੰਪਰਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਕਈ ਰੁੱਖਾਂ ਦਾ ਜ਼ਿਕਰ ਹੈ, ਜਿਨ੍ਹਾਂ ਨੂੰ ਅਧਿਆਤਮਿਕ ਸਬਕ ਸਿਖਾਉਣ ਲਈ ਪ੍ਰਤੀਕਾਤਮਕ ਤੌਰ 'ਤੇ ਵਰਤਿਆ ਗਿਆ ਹੈ। ਇਹ ਰੁੱਖ ਸਿਰਫ਼ ਬਨਸਪਤੀ ਨਹੀਂ ਹਨ ਬਲਕਿ ਨਿਮਰਤਾ, ਸਦਗੁਣ ਅਤੇ ਆਲੇ-ਦੁਆਲੇ ਦੇ ਪ੍ਰਭਾਵ ਵਰਗੇ ਸੰਕਲਪਾਂ ਨੂੰ ਦਰਸਾਉਣ ਲਈ ਆਇਤਾਂ ਵਿੱਚ ਬੁਣੇ ਗਏ ਹਨ। ਇਸਦੀ ਇੱਕ ਪ੍ਰਮੁੱਖ ਉਦਾਹਰਣ ਇੱਕ ਬਾਂਸ ਦੇ ਰੁੱਖ, ਜੋ ਕਿ ਸਖ਼ਤ ਅਤੇ ਅਡੋਲ ਰਹਿੰਦਾ ਹੈ, ਦੀ ਤੁਲਨਾ ਇੱਕ ਅਜਿਹੇ ਵਿਅਕਤੀ ਨਾਲ ਕੀਤੀ ਗਈ ਹੈ, ਜੋ ਹੰਕਾਰ ਨਾਲ ਘਿਰਿਆ ਹੋਇਆ ਹੈ। ਚੰਦਨ ਦੇ ਰੁੱਖ ਦੀ ਖੁਸ਼ਬੂ ਇਸਦੇ ਨੇੜੇ ਦੀ ਹਰ ਚੀਜ਼ ਨੂੰ ਪ੍ਰਭਾਵਿਤ ਕਰਦੀ ਹੈ। ਚੰਦਨ ਦੇ ਰੁੱਖ ਦੇ ਨੇੜੇ ਉੱਗਦਾ ਨੀਵਾਂ ਕੌੜਾ ਨਿੰਮ ਦਾ ਰੁੱਖ, ਖੁਸ਼ਬੂਦਾਰ ਚੰਦਨ ਦੇ ਰੁੱਖ ਵਰਗਾ ਹੋ ਜਾਂਦਾ ਹੈ। ਪਰ ਬਾਂਸ ਦਾ ਰੁੱਖ, ਜੋ ਇਸਦੇ ਨੇੜੇ ਉੱਗਦਾ ਹੈ, ਚੰਦਨ ਦੀ ਖੁਸ਼ਬੂ ਨਹੀਂ ਲੈਂਦਾ; ਕਿਉਂਕਿ ਇਹ ਬਹੁਤ ਉੱਚਾ ਅਤੇ ਹੰਕਾਰੀ ਹੈ।

ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ॥
ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ॥

ਗੁਰੂ ਗ੍ਰੰਥ ਸਾਹਿਬ ਵਿੱਚ ਵਰਣਿਤ ਕੁਝ ਮਹੱਤਵਪੂਰਨ ਰੁੱਖ ਹਨ: ਬੇਰ, ਪਿੱਪਲ, ਬੋਹੜ, ਅੰਬ, ਕਿੱਕਰ, ਚੰਦਨ, ਨਿੰਮ, ਬਾਂਸ, ਪਾਰਜਾਤ, ਮੌਲਸ਼੍ਰੀ, ਸਿੰਬਲ, ਜੰਡ ਆਦਿ।

ਗੁਰੂ ਗ੍ਰੰਥ ਸਾਹਿਬ ਵਰਗੇ ਧਾਰਮਿਕ ਗ੍ਰੰਥਾਂ ਤੋਂ ਸਿੱਖਿਆ ਲੈ ਕੇ, ਕੁਝ ਗੈਰ-ਸਰਕਾਰੀ ਸੰਗਠਨ ਅਤੇ ਵਾਤਾਵਰਣ ਪ੍ਰੇਮੀ ਰੁੱਖਾਂ ਤੇ ਕੁਦਰਤ ਦੀ ਸੁਰੱਖਿਆ ਲਈ ਅੱਗੇ ਆ ਰਹੇ ਹਨ। ਅਮਰੀਕਾ-ਆਧਾਰਤ ਵਾਤਾਵਰਣ ਐਨ.ਜੀ.ਓ. ਈਕੋ ਸਿੱਖ ਨੇ ਸਥਾਨਕ ਪਿੰਡ ਵਾਸੀਆਂ ਨਾਲ ਮਿਲ ਕੇ ਪਵਿੱਤਰ ਗ੍ਰੰਥ ਵਿੱਚ ਦੱਸੇ ਗਏ ਪੌਦਿਆਂ ਦੀ ਵਿਸ਼ੇਸ਼ਤਾ ਵਾਲਾ ਇੱਕ ਵਿਲੱਖਣ ਬਾਗ਼ ਬਣਾਇਆ, ਜੋ ਸਿੱਖਾਂ ਦੇ ਕੁਦਰਤ ਲਈ ਪਿਆਰ ਨੂੰ ਉਜਾਗਰ ਕਰਦਾ ਹੈ। 2021 ਵਿੱਚ ਸਥਾਪਿਤ ਇਸ ਬਾਗ਼ ਦਾ ਨਾਮ 'ਗੁਰੂ ਗ੍ਰੰਥ ਸਾਹਿਬ ਬਾਗ' ਰੱਖਿਆ ਗਿਆ ਹੈ, ਜੋ ਕਿ ਮੋਗਾ (ਪੰਜਾਬ) ਦੇ ਪੱਤੋ ਹੀਰਾ ਸਿੰਘ ਪਿੰਡ ਵਿੱਚ ਸਥਿਤ ਹੈ। ਇਸਨੂੰ ਦੁਨੀਆ ਦਾ ਪਹਿਲਾ ਅਜਿਹਾ ਬਾਗ਼ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿੱਚ ਕੁਦਰਤ ਪ੍ਰਤੀ ਪਿਆਰ ਨੂੰ ਇੱਕ ਹੋਰ ਪਹਿਲੂ ਤੋਂ ਵੀ ਦਰਸਾਇਆ ਗਿਆ ਹੈ। ਬਹੁਤ ਸਾਰੇ ਗੁਰਦੁਆਰਿਆਂ ਦੇ ਨਾਮ ਰੁੱਖਾਂ ਦੇ ਨਾਮ 'ਤੇ ਰੱਖੇ ਗਏ ਹਨ। ਕੁਝ ਵਿਦਵਾਨਾਂ/ਕੁਦਰਤ ਪ੍ਰੇਮੀਆਂ ਦੁਆਰਾ ਕੀਤੀ ਗਈ ਖੋਜ ਨੇ 48 ਇਤਿਹਾਸਕ ਸਿੱਖ ਧਾਰਮਿਕ ਸਥਾਨਾਂ ਦੀ ਪਛਾਣ ਕੀਤੀ ਹੈ, ਜੋ ਸਤਾਰਾਂ ਦੇਸੀ ਪ੍ਰਜਾਤੀਆਂ ਦੇ ਰੁੱਖਾਂ ਦੇ ਨਾਵਾਂ ਨਾਲ ਜੁੜੇ ਹੋਏ ਹਨ। ਬਹੁਤ ਸਾਰੇ ਪਵਿੱਤਰ ਰੁੱਖ ਚਮਤਕਾਰੀ ਸਾਖੀਆਂ ਜਾਂ ਇਤਿਹਾਸਕ ਘਟਨਾਵਾਂ ਨਾਲ ਜੁੜੇ ਹੋਏ ਹਨ। ਇੰਟਰਨੈੱਟ ਸਰੋਤ ਤੋਂ ਇਹ ਪਤਾ ਲੱਗਿਆ ਹੈ ਕਿ ਦਮਨਬੀਰ ਸਿੰਘ ਜਸਪਾਲ (ਸੇਵਾਮੁਕਤ ਆਈ.ਏ.ਐਸ. ਅਧਿਕਾਰੀ, ਚੰਡੀਗੜ੍ਹ ਨੇਚਰ ਐਂਡ ਹੈਲਥ ਸੋਸਾਇਟੀ ਦੇ ਚੇਅਰਮੈਨ) ਨੇ ਸਿੱਖ ਧਰਮ ਦੇ ਪਵਿੱਤਰ ਰੁੱਖਾਂ ਵਿੱਚੋਂ ਦਰਸਾਈਆਂ ਗਈਆਂ ਰੁੱਖਾਂ ਦੀਆਂ ਕਿਸਮਾਂ ਨੂੰ ਸੁਰੱਖਿਅਤ ਰੱਖਣ ਲਈ ਚੰਡੀਗੜ੍ਹ ਵਿੱਚ ਆਪਣੀ ਨਿੱਜੀ ਜਾਇਦਾਦ 'ਤੇ ਰੁੱਖਾਂ ਦਾ ਇੱਕ ਅਜਾਇਬ ਘਰ ਸਥਾਪਤ ਕੀਤਾ ਹੈ। ਇਸ ਵਿੱਚ ਦੁਖ ਭੰਜਨੀ ਬੇਰ ਵਰਗੇ ਪ੍ਰਮੁੱਖ ਪਵਿੱਤਰ ਰੁੱਖਾਂ ਦੇ ਕਲੋਨ ਹਨ। ਇਤਿਹਾਸਕ ਰੁੱਖਾਂ ਦੀ ਸੰਭਾਲ ਦੀ ਇੱਕ ਜਿਉਂਦੀ ਜਾਗਦੀ ਉਦਾਹਰਣ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਵਿੱਚ 400 ਸੌ ਸਾਲ ਤੋਂ ਵੱਧ ਪੁਰਾਣੇ 3 ਬੇਰੀ ਦੇ ਰੁੱਖਾਂ ਦੀ ਮੌਜੂਦਗੀ ਹੈ। ਇਹ ਹਨ: ਦੁਖ ਭੰਜਨੀ ਬੇਰੀ (ਇੱਕ ਕੋਹੜੀ ਇਸ ਰੁੱਖ ਦੇ ਨੇੜੇ ਪਾਣੀ ਦੇ ਤਲਾਅ ਵਿੱਚ ਇਸ਼ਨਾਨ ਕਰਨ ਤੋਂ ਬਾਅਦ ਠੀਕ ਹੋ ਗਿਆ ਸੀ। ਅੱਜ ਪਵਿੱਤਰ ਸਰੋਵਰ ਇੱਥੇ ਸਥਿਤ ਹੈ); ਬੇਰ ਬਾਬਾ ਬੁੱਢਾ ਸਾਹਿਬ (ਇਹ ਰੁੱਖ ਸਿੱਖ ਧਰਮ ਦੇ ਇੱਕ ਪ੍ਰਮੁੱਖ ਧਾਰਮਿਕ ਹਸਤੀ ਬਾਬਾ ਬੁੱਢਾ ਜੀ ਨਾਲ ਜੁੜਿਆ ਹੈ); ਇਲਾਇਚੀ ਬੇਰ (ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਆਪਣੇ ਘੋੜੇ ਇਸ ਰੁੱਖ ਨਾਲ ਬੰਨ੍ਹੇ ਸਨ ਤੇ ਮੱਸੇ ਰੰਘੜ ਦਾ ਸਿਰ ਕੱਟਣ ਲਈ ਸੁਨਹਿਰੀ ਮੰਦਰ ਵਿੱਚ ਦਾਖਲ ਹੋਏ ਸਨ। ਪੰਜਾਬ ਅਤੇ ਹੋਰ ਕਈ ਰਾਜਾਂ ਵਿੱਚ ਗੁਰਦੁਆਰਿਆਂ ਦੇ ਨਾਮ ਸਿੱਖ ਗੁਰੂਆਂ ਨਾਲ ਜੁੜੇ ਇਤਿਹਾਸਕ ਦਰੱਖਤਾਂ ਦੇ ਨਾਮ 'ਤੇ ਰੱਖੇ ਗਏ ਹਨ। ਕੁਝ ਮਹੱਤਵਪੂਰਨ ਗੁਰਦੁਆਰੇ ਇਹ ਹਨ: ਸੁਲਤਾਨਪੁਰ ਲੋਧੀ ਵਿੱਚ ਗੁਰਦੁਆਰਾ ਬੇਰ ਸਾਹਿਬ (ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ); ਬਠਿੰਡਾ ਦੇ ਲਖੀਸਰ ਵਿੱਚ ਸਥਿਤ ਗੁਰਦੁਆਰਾ ਫਲਾਹੀ ਸਾਹਿਬ (ਇਹ ਮੰਨਿਆ ਜਾਂਦਾ ਹੈ ਕਿ ਇਸ ਸਥਾਨ 'ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮਿੱਟੀ ਵਿੱਚ ਦੱਬੇ ਹੋਏ ਦਾਤੂਨ ਤੋਂ 4 ਫਲਾਹੀ ਦੇ ਰੁੱਖ ਵਿਕਸਤ ਹੋਏ ਸਨ); ਗੁਰਦੁਆਰਾ ਪਿਪਲੀ ਸਾਹਿਬ, ਅੰਮ੍ਰਿਤਸਰ (ਗੁਰੂ ਅਰਜੁਨ ਦੇਵ ਜੀ ਨਾਲ ਜੁੜਿਆ); ਉਤਰਾਖੰਡ ਦੇ ਚੰਪਾਵਤ ਜ਼ਿਲ੍ਹੇ ਵਿੱਚ ਸਥਿਤ ਗੁਰਦੁਆਰਾ ਮੀਠਾ ਰੀਠਾ ਸਾਹਿਬ (ਇਹ ਗੁਰਦੁਆਰਾ ਸਿੱਖ ਧਰਮ ਵਿੱਚ ਬਹੁਤ ਪਵਿੱਤਰ ਸਥਾਨ ਰੱਖਦਾ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਖੁਦ ਭਾਈ ਮਰਦਾਨਾ ਨਾਲ ਇਸ ਸਥਾਨ 'ਤੇ ਆਏ ਸਨ); ਮੋਹਾਲੀ (ਪੰਜਾਬ) ਵਿੱਚ ਸਥਿਤ ਗੁਰਦੁਆਰਾ ਅੰਬ ਸਾਹਿਬ (ਸਿੱਖ ਗੁਰੂਆਂ ਦੇ ਸ਼ਰਧਾਲੂ ਭਾਈ ਖੁਰਮ ਜੀ ਨਾਲ ਸੰਬੰਧਿਤ ਹੈ) ਅਤੇ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਇਮਲੀ ਸਾਹਿਬ (ਗੁਰੂ ਨਾਨਕ ਦੇਵ ਜੀ ਆਪਣੀ ਦੂਜੀ ਉਦਾਸੀ ਦੌਰਾਨ ਇਸ ਸਥਾਨ 'ਤੇ ਇਮਲੀ ਦੇ ਦਰੱਖਤ ਹੇਠ ਬੈਠੇ ਸਨ)।

ਉਪਰੋਕਤ ਦਿੱਤੇ ਗਏ ਬਿਰਤਾਂਤ ਤੋਂ ਇਹ ਸਪੱਸ਼ਟ ਹੈ ਕਿ ਸਿੱਖ ਧਰਮ ਧਰਤੀ 'ਤੇ ਜੀਵਨ ਦੇ ਸਾਰੇ ਰੂਪਾਂ ਦਾ ਸਤਿਕਾਰ ਕਰਨ ਅਤੇ ਕੁਦਰਤੀ ਸੰਸਾਰ ਦੀ ਸੰਭਾਲ ਕਰਨ ਦੀ ਮੰਗ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਤੋਂ, ਆਓ ਕੁਦਰਤ ਦਾ ਸਤਿਕਾਰ ਕਰੀਏ ਅਤੇ ਇਸਨੂੰ ਉਹ ਸਤਿਕਾਰ ਦੇਈਏ ਜਿਸਦੀ ਇਹ ਹੱਕਦਾਰ ਹੈ। ਮੌਜੂਦਾ ਪੀੜ੍ਹੀ ਦੀ ਜ਼ਿੰਮੇਵਾਰੀ ਹੈ ਕਿ ਉਹ ਵਾਤਾਵਰਣ ਦੀ ਰੱਖਿਆ ਕਰੇ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਰਹਿਣ ਲਈ ਇੱਕ ਬਿਹਤਰ ਗ੍ਰਹਿ ਮਿਲ ਸਕੇ। ਆਓ ਅਸੀਂ ਰੁੱਖਾਂ ਨੂੰ ਓਨਾ ਹੀ ਪਿਆਰ ਕਰੀਏ, ਜਿੰਨਾ ਮਸ਼ਹੂਰ ਕਵੀ ਸ਼ਿਵ ਬਟਾਲਵੀ ਨੇ ਆਪਣੀ ਕਵਿਤਾ 'ਰੁੱਖ' ਵਿੱਚ ਰੁੱਖਾਂ ਨੂੰ ਆਪਣੇ ਪਰਿਵਾਰ- ਮਾਂ, ਪਿਤਾ, ਭਰਾ, ਧੀਆਂ ਆਦਿ ਦੇ ਰੂਪ ਵਿੱਚ ਦਰਸਾਇਆ ਹੈ:

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਵਾਂ
ਕੁਝ ਰੁੱਖ ਨੂੰਹਾਂ-ਧੀਆਂ ਲੱਗਦੇ
ਕੁਝ ਰੁੱਖ ਵਾਂਗ ਭਰਾਵਾਂ।

# ਕਿਰਤ ਦਾ ਪ੍ਰਤੀਕ ਕਰਤਾਰਪੁਰ ਸਾਹਿਬ

**ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾ਼ਲ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾ਼ਲ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਪੰਜਵੀਂ ਕਿਸ਼ਤ, ਜਿਸ ਵਿੱਚ ਕਿਰਤ ਦੇ ਪ੍ਰਤੀਕ ਕਰਤਾਰਪੁਰ ਸਾਹਿਬ ਦੇ ਨਾਲ ਨਾਲ ਪਾਕਿ ਟੀ ਹਾਊਸ ਦਾ ਸੰਖੇਪ ਵੇਰਵਾ ਦਰਜ ਹੈ...**



**ਰਵਿੰਦਰ ਸਹਿਰਾਅ**
ਫੋਨ: 219-900-1115

ਦਸੰਬਰ ਦੀ ਦੋ ਤਰੀਕ। ਰਾਤੀਂ ਮੁਸ਼ਤਾਕ ਸੂਫ਼ੀ ਹੋਰਾਂ ਨਾ਼ਲ ਗੱਲ ਹੋਈ ਤਾਂ ਉਨ੍ਹਾਂ ਪੁੱਛਿਆ ਕਿ ਕੱਲ੍ਹ ਦਾ ਕੀ ਪ੍ਰੋਗਰਾਮ ਹੈ। ਮੈਂ ਕਿਹਾ ਕਰਤਾਰਪੁਰ ਸਾਹਿਬ ਚੱਲਾਂਗੇ। ਸੂਫ਼ੀ ਹੋਰੀਂ ਕਹਿੰਦੇ, "ਯਾਰ ਗਿਆ ਤਾਂ ਅਜੇ ਤੱਕ ਮੈਂ ਵੀ ਨਹੀਂ ਉਥੇ। ਮੈਂ ਵੀ ਚੱਲਾਂਗਾ ਤੁਹਾਡੇ ਨਾ਼ਲ। ਅਜੇ ਤਕ ਕੋਈ ਸਬੱਬ ਹੀ ਨਹੀਂ ਬਣ ਸਕਿਆ।" ਸਾਨੂੰ ਖ਼ੁਸ਼ੀ ਹੋਈ। ਐਹੋ ਜਿਹੇ ਸੂਝਵਾਨ ਸ਼ਖ਼ਸ ਦੀ ਸੰਗਤ ਕੌਣ ਨਹੀਂ ਚਾਹੇਗਾ! ਉਂਜ ਤਾਹਿਰ ਸੰਧੂ ਨੇ ਸਾਨੂੰ ਪਹਿਲਾਂ ਹੀ ਕਹਿ ਛੱਡਿਆ ਸੀ ਕਿ ਜੇਕਰ ਸੂਫ਼ੀ ਹੋਰੀਂ ਨਾ ਜਾ ਸਕਣ ਤਾਂ ਸ਼ਾਹਜੇਬ ਤੁਹਾਡੇ ਨਾ਼ਲ ਜਾਏਗਾ। ਮੁਸ਼ਤਾਕ ਹੋਰੀਂ ਉਸੇ ਵਕਤ ਪ੍ਰੋ. ਕਲਿਆਣ ਸਿੰਘ ਕਲਿਆਣ ਨੂੰ ਜਾਣ ਬਾਰੇ ਦੱਸਿਆ ਤੇ ਉਨ੍ਹਾਂ ਅੱਗੋਂ ਉਥੋਂ ਪ੍ਰਬੰਧਕੀ ਅਮਲੇ ਨੂੰ ਇਤਲਾਹ ਕਰ ਦਿੱਤੀ।

ਲਾਹੌਰ ਤੋਂ ਕਰਤਾਰਪੁਰ ਸਾਹਿਬ (ਜ਼ਿਲ੍ਹਾ ਨਾਰੋਵਾਲ) ਕੋਈ 130 ਕਿਲੋਮੀਟਰ ਜਾਂ 78 ਕੁ ਮੀਲ ਹੈ। ਪਰ ਪਹੁੰਚਣ ਨੂੰ ਢਾਈ ਘੰਟੇ ਲੱਗ ਜਾਂਦੇ ਹਨ। ਥੋੜ੍ਹੀ ਦੇਰ ਮੋਟਰਵੇ 'ਤੇ ਅੱਗੋਂ ਲੋਕਲ ਸੜਕਾਂ ਲੈਣੀਆਂ ਪੈਂਦੀਆਂ ਹਨ। ਪਿੰਡ ਦੀਆਂ ਸੜਕਾਂ ਦੀ ਹਾਲਤ ਵੀ ਏਨੀ ਵਧੀਆ ਨਹੀਂ ਹੁੰਦੀ। ਸੂਫ਼ੀ ਹੋਰਾਂ ਨੂੰ ਘਰੋਂ ਲੈ ਕੇ ਤੁਰਦਿਆਂ ਥੋੜ੍ਹਾ ਸਮਾਂ ਲੱਗ ਗਿਆ। ਅਸੀਂ ਤਕਰੀਬਨ ਇੱਕ ਵਜੇ ਦੀ ਕਰੀਬ ਗੁਰੂ ਘਰ ਦੇ ਲਾਗੇ ਹੀ ਸੀ ਕਿ ਸਿਕਿਓਰਿਟੀ ਵਾਲਿਆਂ ਦੇ ਫ਼ੋਨ ਆਉਣ ਲੱਗ ਪਏ ਪਈ ਅਸੀਂ ਕਿੰਨੇ ਕੁ ਵਜੇ ਪਹੁੰਚ ਰਹੇ ਹਾਂ। ਸੂਫ਼ੀ ਹੋਰੀਂ ਦੱਸਿਆ ਕਿ ਬੱਸ ਦਸ ਪੰਦਰਾਂ ਮਿੰਟ ਹੋਰ ਲੱਗਣਗੇ। ਪਹੁੰਚਣ ਦੀ ਦੇਰ ਸੀ ਕਿ ਇੱਕ ਨੌਜਵਾਨ (ਵਕਫ਼ ਬੋਰਡ ਦਾ) ਸਾਡੀ ਕਾਰ ਕੋਲ ਆਇਆ ਤੇ ਪੁੱਛਿਆ, 'ਮੁਸ਼ਤਾਕ ਸੂਫ਼ੀ?' ਇਹ ਸਪੈਸ਼ਲ ਪ੍ਰੋਟੋਕੋਲ ਅਫ਼ਸਰ ਅਕਰਮ ਖ਼ਾਨ ਸੀ। ਇਹ ਚੈੱਕ ਪੋਸਟ ਗੁਰੂ ਘਰ ਤੋਂ ਕੋਈ ਇੱਕ ਕਿਲੋਮੀਟਰ ਬਾਹਰ ਹੈ। ਉਸਨੇ ਕਿਹਾ ਕਿ ਮੈਨੂੰ ਫਾਲੋ ਕਰੋ। ਅਸੀਂ ਉਹਦੀ ਕਾਰ ਦੇ ਮਗਰ ਆਪਣੀ ਕਾਰ ਲਾ ਲਈ ਤੇ ਇਮੀਗ੍ਰੇਸ਼ਨ ਦਫ਼ਤਰ ਅੱਗੇ ਜਾ ਕੇ ਪਾਰਕ ਕਰ ਦਿੱਤੀ। ਬੜੀ ਜਲਦੀ ਅਸੀਂ ਉਥੋਂ ਵਿਹਲੇ ਹੋ ਗਏ। ਦਰਸ਼ਨੀ ਡਿਉਢੀ ਮੂਹਰੇ ਉਨ੍ਹੇ ਸਾਡੀਆਂ ਤਸਵੀਰਾਂ ਵੀ ਖਿੱਚੀਆਂ। ਫਿਰ ਉਹ ਸਾਨੂੰ ਇੱਕ ਗਾਈਡ ਵਾਂਗ ਹਰ ਚੀਜ਼ ਦਿਖਾਉਣ ਲਈ ਸਾਡੇ ਨਾ਼ਲ-ਨਾ਼ਲ ਰਿਹਾ। ਸੂਫ਼ੀ ਹੋਰੀਂ ਉੱਕਰੀਆਂ ਹੋਈਆਂ ਕੁਝ ਲਿਖਤਾਂ 'ਚ ਗ਼ਲਤੀਆਂ ਵੱਲ ਧਿਆਨ ਦੁਆਇਆ ਤਾਂ ਉਹਨੇ ਕਿਹਾ ਜੀ ਸਾਨੂੰ ਲਿਖ ਕੇ ਭੇਜ ਦਿਉ ਅਸੀਂ ਠੀਕ ਕਰਵਾ ਦਿਆਂਗੇ। ਉਹਨੇ ਸ਼ੁਕਰੀਆ ਕੀਤਾ ਤੇ ਕਿਹਾ ਤੁਸੀਂ ਆਪ ਹੀ ਘੁੰਮ ਫਿਰ ਕੇ ਸਾਰਾ ਕੁਝ ਦੇਖੋ। ਅਗਰ ਕਿਸੇ ਕਿਸਮ ਦੀ ਤਕਲੀਫ਼ ਆਵੇ ਤਾਂ ਮੈਨੂੰ ਫ਼ੋਨ ਕਰ ਦੇਣਾ। ਅਸੀਂ ਉਹਦਾ ਧੰਨਵਾਦ ਕੀਤਾ।

ਗੁਰੂਘਰ ਨੂੰ ਦਰਬਾਰ ਡੇਰਾ ਬਾਬਾ ਨਾਨਕ ਵੀ ਕਿਹਾ ਜਾਂਦਾ ਹੈ। ਭਾਰਤ ਦੀ ਸਰਹੱਦ ਤੋਂ ਇਹ ਸਿਰਫ਼ ਚਾਰ ਕਿਲੋਮੀਟਰ ਹੈ। ਹੁਣ ਵਾਲੀ ਵਿਸ਼ਾਲ ਉਸਾਰੀ ਬਾਬਾ ਨਾਨਕ ਦੀ ਪੰਜ ਸੌ ਪੰਜਾਹਵੀਂ ਜਨਮ ਸ਼ਤਾਬਦੀ ਸਮੇਂ 12 ਨਵੰਬਰ 2019 ਵਿੱਚ ਤਿਆਰ ਕਰਵਾਈ ਗਈ। ਇਮਰਾਨ ਖ਼ਾਨ ਦੀ ਸਰਕਾਰ ਨੇ ਇਹ ਮਹਾਂ ਪ੍ਰਾਜੈਕਟ ਦਸ ਮਹੀਨਿਆਂ ਵਿੱਚ ਮੁਕੰਮਲ ਕਰਵਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਦਸ ਏਕੜ ਦੇ ਖੁੱਲ੍ਹੇ ਵਿਹੜੇ ਦੇ ਦੁਆ਼ਲੇ ਖ਼ੂਬਸੂਰਤ ਸੰਗਮਰਮਰੀ ਬਰਾਂਡੇ, ਲੰਗਰ ਹਾਲ ਅਤੇ ਵਾਤਾਨੁਕੂਲ ਸੈਂਕੜੇ ਕਮਰੇ ਹਨ। ਪੁਰਾਣੀ ਇਮਾਰਤ ਜੋ ਪਟਿਆਲੇ ਦੇ ਮਹਾਰਾਜੇ ਭੁਪਿੰਦਰ ਸਿੰਘ ਵੱਲੋਂ ਤਿਆਰ ਕਰਵਾਈ ਗਈ ਦੱਸੀ ਜਾਂਦੀ ਹੈ, ਨੂੰ ਵੀ ਸੰਭਾਲ ਕੇ ਰੱਖਿਆ ਗਿਆ ਹੈ। 22 ਸਤੰਬਰ 1539 ਨੂੰ ਬਾਬਾ ਨਾਨਕ 18 ਸਾਲ ਕਿਰਤ (ਖੇਤੀ) ਕਰਨ ਤੋਂ ਬਾਅਦ ਇਸੇ ਜਗ੍ਹਾ ਜੋਤੀ ਜੋਤ ਸਮਾਏ ਸਨ। ਮੁਸਲਮਾਨ ਭਾਈਚਾਰੇ ਵੱਲੋਂ ਇੱਥੇ ਉਨ੍ਹਾਂ ਦੀ ਮਜ਼ਾਰ ਵੀ ਬਣਾਈ ਗਈ ਸੀ। ਉਹ ਖ਼ੂਹ ਵੀ ਸਾਂਭਿਆ ਹੋਇਆ ਹੈ, ਜਿਹਦੇ ਨਾ਼ਲ ਬਾਬਾ ਜੀ ਖੇਤਾਂ ਨੂੰ ਪਾਣੀ ਦਿਆ ਕਰਦੇ ਸਨ। ਇਹ ਗੁਰੂਘਰ ਰਾਵੀ ਦਰਿਆ ਦੇ ਕੰਢੇ ਉਪਰ ਹੈ। ਰੇਲਵੇ ਸਟੇਸ਼ਨ ਵੀ ਏਥੋਂ ਚਾਰ ਕਿਲੋਮੀਟਰ ਹੈ। 1972 ਦੀ ਭਾਰਤ-ਪਾਕਿ ਜੰਗ ਸਮੇਂ ਇੱਥੇ ਬੰਬ ਵੀ ਡਿੱਗਿਆ ਸੀ। ਜਿਸਦਾ ਖੋਲ ਵੀ ਉਥੇ ਸਾਂਭਿਆ ਹੋਇਆ ਹੈ। ਖੰਡੇ ਅਤੇ ਕਿਰਪਾਨ ਦੀ ਸ਼ਕਲ ਵਿੱਚ ਇੱਕ ਵੱਡ ਅਕਾਰੀ ਥੜ੍ਹੇ ਦੀ ਵੀ ਉਸਾਰੀ ਕੀਤੀ ਗਈ ਹੈ। ਕਿਰਪਾਨ ਵਾਲੇ ਥੜ੍ਹੇ ਤੋਂ 9 ਨਵੰਬਰ 2019 ਨੂੰ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਰਦਾ ਹਟਾਇਆ ਸੀ। ਸੋਨੇ ਦੀ ਪਾਲਕੀ ਦਿੱਲੀ ਦੀ ਸੰਗਤ ਵੱਲੋਂ ਭੇਟ ਕੀਤੀ ਗਈ। ਅੱਜ ਜੇ ਬਾਬਾ ਜੀ ਜਿਉਂਦੇ ਹੁੰਦੇ ਤਾਂ ਸੋਨੇ ਦੀਆਂ ਪਾਲਕੀਆਂ ਚੜ੍ਹਾਉਣ ਵਾਲਿਆਂ ਨੂੰ ਜ਼ਰੂਰ ਫਿਟਕਾਰ ਪਾਉਂਦੇ। ਹੱਥੀਂ ਕਿਰਤ ਕਰਨ ਵਾਲੇ ਬਾਬਾ ਜੀ ਭਲਾ ਸੋਨੇ ਨੂੰ ਕਿੰਨਾ ਕੁ ਮੋਹ ਕਰ ਸਕਦੇ ਸਨ!

ਗੁਰਦਵਾਰਾ ਸਾਹਿਬ ਦੀ ਪੁਰਾਣੀ ਛੋਟੀ ਜਿਹੀ ਇਮਾਰਤ ਵਿੱਚ ਅਸੀਂ ਪੌੜੀਆਂ ਚੜ੍ਹ ਕੇ ਉਪਰ ਗਏ, ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਸਾਨੂੰ ਅਤੇ ਮੁਸ਼ਤਾਕ ਸੂਫ਼ੀ ਜੀ ਨੂੰ ਵੀ ਸਿਰੋਪਾ ਦਿੱਤਾ ਗਿਆ। ਬਾਹਰ ਆਏ ਤਾਂ ਕਈ ਮੁਸਲਿਮ ਯਾਤਰੀਆਂ ਸਾਡੇ ਨਾ਼ਲ ਫ਼ੋਟੋਆਂ ਖਿਚਵਾਈਆਂ। ਉਨ੍ਹਾਂ 'ਚੋਂ ਕਈ ਆਸਟ੍ਰੇਲੀਆ ਅਤੇ ਕੈਨੇਡਾ ਤੋਂ ਸਨ। ਇੱਕ-ਦੋ ਸੱਜਣ ਗੁਆਂਢੀ ਪਿੰਡ ਤੋਂ ਸਨ ਤੇ ਸਾਨੂੰ ਉਥੇ ਰੁਕ ਕੇ ਚਾਹ ਪਾਣੀ ਪੀ ਕੇ ਜਾਣ ਦੀ ਸੁਲਾਹ ਮਾਰੀ; ਪਰ ਸਾਡੇ ਕੋਲ ਵਕਤ ਹੀ ਬੜਾ ਘੱਟ ਸੀ। ਸੋ ਅਸਾਂ ਉਨ੍ਹਾਂ ਤੋਂ ਮਾਜ਼ਰਤ ਚਾਹੀ। ਲੰਗਰ ਛਕਿਆ ਤੇ ਮੁੜ ਲਾਹੌਰ ਵਾਲੇ ਪਾਸੇ ਕਾਰ ਮੋੜ ਲਈ।

ਬਾਬਾ ਜੀ ਦੀ ਕਿਰਤ ਭੋਇੰ ਦੇ ਦੀਦਾਰੇ ਕਰਕੇ ਸਾਡੀਆਂ ਰੂਹਾਂ ਰੱਜ ਗਈਆਂ। ਅਸੀਂ ਸਾਰੇ ਜਣੇ ਇੱਕ ਵੱਖਰੇ ਜਿਹੇ ਅਹਿਸਾਸ ਨਾ਼ਲ ਉੱਡੂੰ-ਉੱਡੂੰ ਕਰ ਰਹੇ ਸੀ। ਮੁਸ਼ਤਾਕ ਸੂਫ਼ੀ ਹੋਰੀਂ ਵੀ ਧੰਨ-ਧੰਨ ਹੋ ਗਏ ਸਨ। ਪੰਦਰਾਂ-ਵੀਹ ਮੀਲ ਦੂਰ ਆ ਕੇ ਅਸੀਂ ਇੱਕ ਪੈਟਰੋਲ ਪੰਪ 'ਤੇ ਰੁਕੇ ਕਿ ਚਲੋ ਚਾਹ ਦਾ ਕੱਪ-ਕੱਪ ਹੀ ਪੀ ਲੈਂਦੇ ਆਂ। ਅਸੀਂ ਅਜੇ ਗੱਡੀ 'ਚੋਂ ਉਤਰੇ ਹੀ ਸੀ ਕਿ ਲਾਗਲੀ ਗਰਾਊਂਡ ਵਿੱਚ ਪੰਦਰਾਂ-ਵੀਹ, ਦਸ-ਬਾਰਾਂ ਸਾਲ ਦੀ ਉਮਰ ਦੇ ਬੱਚੇ ਕ੍ਰਿਕਟ ਖੇਡ ਰਹੇ ਸਨ ਤੇ ਸਾਨੂੰ ਦੇਖ ਕੇ ਭੱਜੇ ਆਏ। ਮੇਰੇ ਨਾ਼ਲ ਫ਼ੋਟੋ ਕਰਵਾਉਣ ਦੀ ਮੰਗ ਕਰਨ ਤੇ ਅਸੀਂ ਫ਼ੋਟੋ ਕਰਵਾਈ। ਇੱਕ ਬੱਚਾ ਕਹਿੰਦਾ, "ਤੁਸੀਂ ਮੈਨੂੰ ਵੀ ਪਗੜੀ ਬੰਨ੍ਹਣੀ ਸਿਖਾਉ।" ਮੈਂ ਕਿਹਾ, ਕਾਕਾ ਹੁਣ ਨਹੀਂ ਫਿਰ ਕਦੀ ਸਹੀ। ਅਸੀਂ ਸਾਰਿਆਂ ਲਈ ਚਿਪਸ ਖ਼ਰੀਦ ਕੇ ਦੇਣ ਦੀ ਪੇਸ਼ਕਸ਼ ਕੀਤੀ। ਇੱਕ-ਦੋ ਨੂੰ ਛੱਡ ਕੇ ਉਨ੍ਹਾਂ ਨਾਹ ਕਰ ਦਿੱਤੀ। ਉਨ੍ਹਾਂ ਦੀ ਰੀਸੇ ਦੂਜਿਆਂ ਨੇ ਵੀ ਕਿਹਾ, ਨਹੀਂ ਜੀ ਅਸੀਂ ਤਾਂ ਸਿਰਫ਼ ਫ਼ੋਟੋ ਹੀ ਕਰਵਾਉਣੀ ਸੀ। ਨੀਰੂ ਕਹਿੰਦੀ ਇੱਕ ਵੇਰ ਫਿਰ ਸੋਚ ਲਉ। ਤੁਸੀਂ ਜੋ ਵੀ ਖਾਣਾ ਚਾਹੁੰਦੇ ਹੋ, ਮੈਂ ਸਾਰਿਆਂ ਦੇ ਪੈਸੇ ਦਿਆਂਗੀ। ਇੱਕ ਸੱਤ-ਅੱਠ ਸਾਲ ਦਾ ਬੜਾ ਸ਼ਰਾਰਤੀ ਜਿਹਾ ਤੇ ਹਾਜ਼ਰ ਜੁਆਬ ਬੱਚਾ ਕਹਿੰਦਾ, "ਨਾਂਹ ਜੀ ਨਾਂਹ! ਅਸੀਂ ਸਾਰੇ ਪੰਜਾਬੀ ਆਂ ਤੇ ਪੰਜਾਬੀ ਹੀ ਪੰਜਾਬੀਆਂ ਦੇ ਕੰਮ ਔਂਦੇ ਆ।" ਸਾਨੂੰ ਹਾਸਾ ਵੀ ਆਇਆ ਤੇ ਉਨ੍ਹਾਂ ਉਪਰ ਰਸ਼ਕ ਵੀ ਆਇਆ।

ਉਧਰ ਤਾਹਿਰ ਦਾ ਫ਼ੋਨ 'ਤੇ ਫ਼ੋਨ ਆ ਰਿਹਾ ਸੀ ਕਿ ਕਿੱਥੇ ਕੁ ਪਹੁੰਚੇ ਹੋ। ਉਸ ਨੇ ਕੋਈ ਪ੍ਰੋਗਰਾਮ ਬਣਾਇਆ ਸੀ, ਲਾਹੌਰੋਂ ਲੇਟ ਚੱਲਣ ਕਾਰਨ ਸਾਰਾ ਕੰਮ ਲੇਟ ਹੋ ਰਿਹਾ ਸੀ। ਅਸੀਂ ਮਿੱਥੇ ਪ੍ਰੋਗਰਾਮ ਮੁਤਾਬਕ ਤਿੰਨ ਚਾਰ ਵਜੇ ਲਾਹੌਰ ਪਹੁੰਚ ਜਾਣਾ ਸੀ, ਪਰ ਅਸੀਂ ਤਾਂ ਅਜੇ ਲਾਹੌਰ ਨਾਰੋਵਾਲ ਰਿੰਗ ਰੋਡ ਦੇ ਵਿਚਕਾਰ ਜਿਹੇ ਸੀ। ਮੁਸ਼ਤਾਕ ਹੋਰਾਂ ਦੀਆਂ ਗੱਲਾਂ ਵੀ ਸੁਣਨ ਵਾਲੀਆਂ ਸਨ। ਉਹ ਦੱਸ ਰਹੇ ਸੀ ਕਿ



ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਸਹਿਰਾਅ ਜੋੜਾ ਅਤੇ ਮੁਸ਼ਤਾਕ ਸੂਫ਼ੀ

ਦਰਿਆ ਰਾਵੀ ਭਾਵੇਂ ਦੂਜੇ ਦਰਿਆਵਾਂ ਦੇ ਮੁਕਾਬਲੇ ਛੋਟਾ ਹੈ, ਪਰ ਇਹਦੀ ਮਹੱਤਤਾ ਕਿਤੇ ਜ਼ਿਆਦਾ ਹੈ। ਇਹ ਪੰਜਾਬ ਦੇ ਵੱਡੇ ਸ਼ਹਿਰਾਂ ਦੇ ਕੋਲ ਦੀ ਖ਼ਾਸ ਕਰਕੇ ਲਾਹੌਰ ਦੇ ਨਾ਼ਲ ਦੀ ਲੰਘਦਾ ਹੈ। ਮੈਨੂੰ ਲਹਿੰਦੇ ਪੰਜਾਬ ਦੀ ਇੱਕ ਅਗਿਆਤ ਬੀਬੀ ਦੇ ਗਾਏ ਬੋਲ ਯਾਦ ਆ ਗਏ:

ਜੇ ਏਥੋਂ ਕਿਤੇ ਰਾਵੀ ਲੰਘ ਜਾਵੇ
ਹਯਾਤੀ ਪੰਜ ਆਬੀ ਬਣ ਜਾਵੇ
ਮੈਂ ਬੇੜੀਆਂ ਹਜ਼ਾਰ ਤੋੜ ਲਾਂ
ਮੈਂ ਪਾਣੀ 'ਚੋਂ ਸਾਹ ਨਿਚੋੜ ਲਾਂ
ਜੇ ਐਥੋਂ ਕਦੀ ਰਾਵੀ ਲੰਘ ਜਾਵੇ
ਜੇ ਰਾਵੀ ਵਿੱਚ ਪਾਣੀ ਕੋਈ ਨਹੀਂ
ਤੇ ਆਪਣੀ ਕਹਾਣੀ ਕੋਈ ਨਈਂ

ਜੇ ਸੰਗ ਬੇਲੀ ਯਾਰ ਕੋਈ ਨਹੀਂ
ਤਾਂ ਕਿਸੇ ਨੂੰ ਸੁਣਾਈ ਕੋਈ ਨਹੀਂ
ਅੱਖਾਂ 'ਚ ਦਰਿਆ ਘੋਲ ਕੇ
ਮੈਂ ਜ਼ਖ਼ਮਾਂ ਦੀ ਥਾਂ ਰੋੜ ਲਾਂ
ਜੇ ਐਥੋਂ ਕਿਤੇ ਰਾਵੀ ਲੰਘ ਜਾਵੇ

ਇਹ ਕੇਹੀ ਮਜਬੂਰੀ ਹੋ ਗਈ
ਕਿ ਸੱਜਣਾਂ ਤੋਂ ਦੂਰੀ ਹੋ ਗਈ
ਤੇ ਦਿਲਿਆਂ ਦੇ ਨਾ਼ਲ ਵਗਦੀ
ਇਹ ਜਿੰਦ ਕਦੋਂ ਪੂਰੀ ਹੋ ਗਈ
ਬਿਗਾਨਿਆਂ ਦੀ ਰਾਹ ਛੋੜ ਕੇ
ਮੈਂ ਆਪਣੀ ਮੁਹਾਰ ਮੋੜ ਲਾਂ
ਜੇ ਐਥੋਂ ਕਦੀ ਰਾਵੀ ਲੰਘ ਜਾਵੇ
ਹਯਾਤੀ ਪੰਜ ਆਬੀ ਬਣ ਜਾਵੇ।



ਪਾਕਿ ਟੀ ਹਾਊਸ ਵਿੱਚ ਕੁਝ ਅਦੀਬਾਂ ਨਾਲ

## ਪਾਕਿ ਟੀ ਹਾਊਸ

ਜਿਵੇਂ ਪਹਿਲਾਂ ਦੱਸਿਆ ਕਿ ਕਰਤਾਰਪੁਰ ਤੋਂ ਆਉਂਦਿਆਂ ਤਾਹਿਰ ਸੰਧੂ ਵਾਰ-ਵਾਰ ਫ਼ੋਨ ਕਰਕੇ ਪੁੱਛ ਰਿਹਾ ਸੀ ਕਿ ਕਿੱਥੇ ਕੁ ਪਹੁੰਚ ਗਏ ਹੋ? ਮਿੱਥੇ ਸਮੇਂ ਤੋਂ ਅਸੀਂ ਕਾਫ਼ੀ ਲੇਟ ਸੀ। ਡਰਾਈਵਰ ਸਾਨੂੰ ਉਸਦੇ ਦਫ਼ਤਰ ਮੂਹਰੇ ਲੈ ਆਇਆ। ਉਸਨੇ ਕੁਝ ਦੋਸਤ ਬੁਲਾਏ ਹੋਏ ਸਨ, ਸਾਨੂੰ ਮਿਲਾਉਣ ਲਈ। ਹੁਣ ਤਾਂ ਛੇ ਵੱਜ ਚੁੱਕੇ ਸਨ। ਹਲਕਾ ਜਿਹਾ ਨ੍ਹੇਰਾ ਵੀ ਉਤਰ ਆਇਆ ਸੀ ਅਤੇ ਉਹ ਸਾਡੀ ਉਡੀਕ ਕਰਕੇ ਜਾ ਚੁੱਕੇ ਸਨ। ਸਾਨੂੰ ਦੇਖ ਤਾਹਿਰ ਥੋੜ੍ਹਾ ਜਿਹਾ ਰੀਲੈਕਸ ਹੋਇਆ; ਪਰ ਅਸੀਂ ਤਾਂ ਮੁਸ਼ਤਾਕ ਜੀ ਦੇ ਹਵਾਲੇ ਸੀ ਅਤੇ ਮੁਸ਼ਤਾਕ ਹੋਰਾਂ ਦਾ ਸੁਭਾਅ ਐਹੋ ਜਿਹਾ ਹੈ ਕਿ ਤੁਸੀਂ ਕੋਈ ਗੱਲ ਉਨ੍ਹਾਂ ਨੂੰ ਧੱਕੇ ਨਾ਼ਲ ਨਹੀਂ ਮੰਨਵਾ ਸਕਦੇ। ਇਨ੍ਹਾਂ ਸੱਜਣਾਂ ਦਾ ਇੱਕ ਗਰੁੱਪ ਕਿਸੇ ਵੇਲੇ ਯਾਹੀਆ ਖਾਂ ਦੀ ਫ਼ੌਜੀ ਹਕੂਮਤ ਦਾ ਵਿਰੋਧ ਕਰਦਾ ਹੁੰਦਾ ਸੀ ਤੇ ਇਨ੍ਹਾਂ ਦੀ ਜੀਵਨ ਸ਼ੈਲੀ ਅਜਿਹੀ ਬਣ ਚੁੱਕੀ ਹੈ ਕਿ ਤੁਸੀਂ ਉਸਦੇ ਮੇਚ ਸੌਖਿਆਂ ਹੀ ਨਹੀਂ ਆ ਸਕਦੇ। ਖ਼ੈਰ! ਅਸੀਂ ਕਾਹਲੀ ਨਾ਼ਲ ਚਾਹ ਪੀਤੀ ਤੇ ਡਰਾਈਵਰ ਨੂੰ ਕਿਹਾ ਕਿ ਮੁਸ਼ਤਾਕ ਹੋਰਾਂ ਨੂੰ ਉਨ੍ਹਾਂ ਦੇ ਘਰ ਛੱਡ ਆ।

ਤਾਹਿਰ ਕਹਿੰਦਾ ਡਰਾਈਵਰ ਏਥੇ ਆ ਕੇ ਸਾਨੂੰ ਉਡੀਕ ਲਵੇਗਾ ਜਾਂ ਫ਼ੋਨ ਕਰਕੇ ਉਨ੍ਹਾਂ ਨੂੰ ਕਹਿ ਦਿਆਂਗੇ ਕਿ ਤੂੰ ਅੱਜ ਛੁੱਟੀ ਕਰ। ਕਹਿੰਦਾ ਫਟਾਫਟ ਮੇਰੀ ਕਾਰ ਵਿੱਚ ਬੈਠੋ। ਭਾਜੀ ਮੈਂ ਤੁਹਾਡੀ ਪਸੰਦ ਦੀ ਥਾਂ ਦਿਖਾਉਣੀ ਹੈ। ਦਸ-ਪੰਦਰਾਂ ਮਿੰਟਾਂ ਬਾਅਦ ਉਸਦੀ ਕਾਰ ਰੁਕੀ ਤੇ ਸਾਨੂੰ ਉਤਰਨ ਲਈ ਕਿਹਾ। ਉਹਨੇ ਕਾਰ ਪਾਰਕ ਕੀਤੀ। ਇਹ ਬਿਲਕੁਲ ਫੂਡ ਸਟਰੀਟ 'ਤੇ ਅਨਾਰਕਲੀ ਬਾਜ਼ਾਰ ਦੇ ਨੇੜੇ-ਤੇੜੇ ਸੀ। ਉਹ ਸਾਡੇ ਵੱਲ ਆਇਆ ਤੇ ਇੱਕ ਛੋਟੀ ਜਿਹੀ ਦੋ ਮੰਜ਼ਲੀ ਇਮਾਰਤ ਵੱਲ ਇਸ਼ਾਰਾ ਕੀਤਾ। ਉੱਪਰ ਲਿਖਿਆ ਹੋਇਆ- PAK TEA HOUSE! ਮੇਰੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਇਸ ਬਾਰੇ ਮੈਂ ਪਹਿਲਾਂ ਸੁਣ/ਪੜ੍ਹ ਤਾਂ ਰੱਖਿਆ ਸੀ, ਪਰ ਮੇਰੀ ਜਾਣਕਾਰੀ ਮੁਤਾਬਕ ਇਹ ਹੁਣ ਬੰਦ ਹੋ ਚੁੱਕਿਆ ਸੀ। ਇਸ ਨੂੰ ਦੇਖ ਕੇ ਮੇਰੀਆਂ ਅੱਖਾਂ ਸਾਹਮਣੇ ਇਕਦਮ ਜਲੰਧਰ ਦਾ ਕੌਫ਼ੀ ਹਾਊਸ ਆ ਗਿਆ। ਕੰਪਨੀ ਬਾਗ਼ ਦੇ ਐਨ ਸਾਹਮਣੇ ਨਿੱਕੀਆਂ-ਨਿੱਕੀਆਂ ਪੌੜੀਆਂ ਚੜ੍ਹ ਕੇ ਉਪਰ ਹੁੰਦਾ ਸੀ ਇਹ ਕੌਫ਼ੀ ਹਾਊਸ। ਜੋ ਲੇਖਕਾਂ ਨੇ ਸਾਰਾ ਦਿਨ ਇੱਕ ਕੱਪ ਕੌਫ਼ੀ (ਪੈਂਤੀ ਪੈਸੇ ਦੀ) ਪੀ ਕੇ ਬੈਠੇ ਰਹਿਣਾ ਤੇ ਆਖ਼ਰ ਉਹ ਬੰਦ ਹੋ ਗਿਆ। ਮੈਂ ਖ਼ਾਬਾਂ 'ਚੋਂ ਨਿਕਲ ਕੇ ਮੁੜ ਲਾਹੌਰ ਦੇ ਟੀ-ਹਾਊਸ ਆ ਜਾਂਦਾ ਹਾਂ।

ਅਸੀਂ ਉਸ ਟੀ-ਹਾਊਸ ਅੰਦਰ ਦਾਖ਼ਲ ਹੋ ਗਏ, ਜਿਸ ਦੀ ਅਦਬੀ ਹਲਕਿਆਂ ਵਿੱਚ ਇਤਿਹਾਸਕ ਮਹੱਤਤਾ ਹੈ। ਇਹ ਕੋਈ ਇੱਕ ਸਦੀ ਪੁਰਾਣਾ ਹੈ। ਖੱਬੇ ਪੱਖੀ ਅਦੀਬਾਂ ਦਾ ਇਹ ਮੱਕਾ ਸੀ। ਜਿੱਥੇ ਉਹ ਜੁੜ ਬਹਿੰਦੇ ਸਨ। ਪਾਕਿਸਤਾਨ ਬਣਨ ਤੋਂ ਪਹਿਲਾਂ ਇਹਦਾ ਨਾਂ ਇੰਡੀਆ ਟੀ-ਹਾਊਸ ਦੱਸਿਆ ਜਾਂਦਾ ਹੈ। 1940 ਵਿੱਚ ਇੱਕ ਸਿੱਖ ਪਰਿਵਾਰ ਨੇ ਬਣਾਇਆ ਦੱਸਿਆ ਜਾਂਦਾ ਹੈ। ਵੰਡ ਮਗਰੋਂ ਇਹਦਾ ਨਾਂ ਪਾਕਿ ਟੀ-ਹਾਊਸ ਪੈ ਗਿਆ ਜਾਂ ਰੱਖ ਦਿੱਤਾ ਗਿਆ। ਅੰਦਰ ਤਸਵੀਰਾਂ ਦੇਖ ਕੇ ਤਾਹਿਰ ਦੇ ਦੱਸਣ ਮੁਤਾਬਕ ਫ਼ੈਜ਼ ਅਹਿਮਦ ਫ਼ੈਜ਼, ਇਬਨੇ ਇੰਸ਼ਾ, ਅਹਿਮਦ ਫਰਾਜ਼, ਸਆਦਤ ਹਸਨ ਮੰਟੋ, ਮੁਨੀਰ ਨਿਆਜ਼ੀ, ਕਮਾਲ ਰਿਜ਼ਵੀ, ਨਾਸਿਰ ਕਾਜ਼ਮੀ, ਉਸਤਾਦ ਅਮਾਨਤ ਅਲੀ ਖਾਂ, ਡਾ. ਮੁਹੰਮਦ ਬਾਰਿਕ, ਇਫ਼ਤਿਖਾਰ ਜਾਨਿਬ, ਸ਼ਾਹਿਦ ਹਮੀਦ, ਸਲੀਮ ਸਾਹਿਦ ਵਰਗੇ ਕਿੰਨੇ ਹੀ ਮਹਾਨ ਅਦੀਬ ਇੱਥੇ ਆ ਕੇ ਬਹਿੰਦੇ ਤੇ ਚਾਹ ਪੀਂਦੇ ਰਹੇ ਹਨ। ਇਹ ਲੋਕ ਖ਼ਾਸ ਮੀਟਿੰਗਾਂ ਲਈ ਉਪਰ ਵਾਲੇ ਹਿੱਸੇ ਵਿੱਚ ਬਹਿੰਦੇ ਅਤੇ ਵਿਚਾਰ-ਵਟਾਂਦਰਾ ਕਰਦੇ ਸਨ। ਨੌਜੁਆਨ ਮੁੰਡੇ ਇਨ੍ਹਾਂ ਨੂੰ ਦੇਖਣ ਲਈ ਏਥੇ ਆਉਂਦੇ ਸਨ।

ਦੱਸਦੇ ਨੇ ਕਿ 2000 ਦੇ ਕਰੀਬ ਇਹ ਬੰਦ ਹੋ ਗਿਆ। ਕੁਝ ਜਾਇਦਾਦ ਦਾ ਝਗੜਾ ਵੀ ਸੀ; ਜੋ ਤਾਹਿਰ ਸੰਧੂ ਤੇ ਹੋਰ ਖੱਬੇ ਪੱਖੀ ਵਕੀਲਾਂ ਨੇ ਸੁਲਝਾਇਆ। 8 ਮਾਰਚ 2013 ਨੂੰ ਨਵਾਜ ਸ਼ਰੀਫ਼ ਦੀ ਸਰਕਾਰ ਨੇ ਕੋਈ 80 ਲੱਖ ਰੁਪਏ ਖ਼ਰਚ ਕੇ ਇਸ ਨੂੰ ਬਿਹਤਰ ਬਣਾ ਕੇ ਫਿਰ ਦੁਬਾਰਾ ਖੁਲ੍ਹਵਾਇਆ। ਫਿਰ ਰੌਣਕਾਂ ਲੱਗਣ ਲੱਗੀਆਂ। ਹਰ ਵਿਚਾਰਧਾਰਾ ਦੇ ਲੇਖਕ, ਨੌਜੁਆਨ ਇੱਥੇ ਬਹਿ ਕੇ ਵਿਚਾਰ ਸਾਂਝੇ ਕਰਨ ਲੱਗ ਪਏ। ਹੁਣ ਫਿਰ ਦੁਬਾਰਾ ਇਹ ਸਥਾਨ ਬੌਧਿਕ ਬਹਿਸ ਮੁਬਾਹਸੇ ਦਾ ਕੇਂਦਰ ਬਣ ਗਿਆ ਹੈ।

ਅਸੀਂ ਥੱਲੇ ਅਤੇ ਉੱਪਰ- ਦੋਵੇਂ ਹਿੱਸੇ ਦੇਖੇ। ਮੰਟੋ ਅਜੇ ਵੀ ਕੰਧ ਉਪਰ ਟੰਗਿਆ ਤਨਜ਼ਾਂ ਕੱਸ ਰਿਹਾ ਸੀ। ਫ਼ੈਜ਼ ਆਪਣੀ ਗੰਭੀਰ ਤੱਕਣੀ ਨਾ਼ਲ ਜਿਵੇਂ ਹਕੂਮਤਾਂ ਨੂੰ ਵੰਗਾਰ ਰਿਹਾ ਹੋਵੇ। ਕੁੱਝ ਅਦੀਬ ਜੋ ਤਾਹਿਰ ਨੂੰ ਜਾਣਦੇ ਵਾਲੇ ਸਨ, ਵੀ ਉਥੇ ਮਿਲੇ। ਉਪਰਲੇ ਹਿੱਸੇ ਵਿੱਚ ਕੋਈ ਮੀਟਿੰਗ ਹੋਣ ਜਾ ਰਹੀ ਸੀ। ਅਸੀਂ ਕਾਹਲੀ-ਕਾਹਲੀ ਚਾਹ ਪੀਤੀ, ਕੁਝ ਤਸਵੀਰਾਂ ਖਿਚਵਾਈਆਂ ਤੇ ਬਾਹਰ ਆ ਗਏ। ਸੱਚਮੁੱਚ ਹੀ ਇੱਥੇ ਬਿਤਾਇਆ ਕੋਈ ਅੱਧਾ ਘੰਟਾ ਯਾਦਗਾਰੀ ਹੋ ਨਿਬੜਿਆ।


# ਨੋਬਲ ਪੁਰਸਕਾਰ

ਸੱਚੋ-ਸੱਚ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



## ਉਤਪਤੀ, ਵਿਕਾਸ ਤੇ ਮਨੁੱਖੀ ਸੱਭਿਅਤਾ ਉਤੇ ਇਸ ਦਾ ਪਰਿਵਰਤਨਸ਼ੀਲ ਪ੍ਰਭਾਵ




### ਜਾਣ-ਪਛਾਣ

ਕੁਝ ਦਿਨ ਪਹਿਲਾਂ ਇੱਕ ਆਮ ਘਟਨਾ ਨੇ ਮੈਨੂੰ ਇਹ ਲੇਖ ਲਿਖਣ ਲਈ ਉਤਸ਼ਾਹਿਤ ਕਰ ਦਿੱਤਾ। ਮੇਰਾ ਧਿਆਨ "On Wisconsin" (For University of Wisconsin - Madison Alumni and friends -Winter 2015) ਨਾਂ ਦੇ ਮੈਗਜ਼ੀਨ ਦੇ ਕਵਰ ਪੇਜ ਦੇ ਹੇਠਲੇ ਖੱਬੇ ਕੋਨੇ ਵਿੱਚ ਲਿਖੇ "Nobel Prize U" ਨੇ ਖਿੱਚਿਆ, "ਉਨ੍ਹਾਂ ਪ੍ਰਤਿਭਾਵਾਂ ਨੂੰ ਮਿਲੋ, ਜਿਨ੍ਹਾਂ ਨੇ ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਨੂੰ ਇੱਕ ਖੋਜ ਪਾਵਰਹਾਊਸ ਬਣਾਇਆ ਹੈ।" ਇਸਨੇ ਮੈਨੂੰ ਇਸ ਮੈਗਜ਼ੀਨ ਦੇ ਪੰਨਾ 24 'ਤੇ ਛਪੇ ਲੇਖ "ਨੋਬਲ ਪੁਰਸਕਾਰ ਕਿਵੇਂ ਜਿੱਤੀਏ? ਯੂਨੀਵਰਸਿਟੀ ਆਫ ਵਿਸਕਾਨਸਿਨ ਮੈਡੀਸਨ ਫੈਕਲਟੀ ਅਤੇ ਸਾਬਕਾ ਵਿਦਿਆਰਥੀਆਂ ਨੂੰ ਮਿਲੋ, ਜਿਨ੍ਹਾਂ ਦੀਆਂ ਖੋਜਾਂ ਨੇ ਦੁਨੀਆ ਬਦਲ ਦਿੱਤੀ" ਨਾਮਕ ਲੇਖ ਪੜ੍ਹਨ ਲਈ ਉਤਸੁਕ ਕੀਤਾ। ਇਹ ਲੇਖ ਮੈਗਜ਼ੀਨ ਦੇ ਸੀਨੀਅਰ ਸਟਾਫ ਲੇਖਕ ਪ੍ਰੈਸਟਨ ਸ਼ਮਿਟ ਨੇ ਲਿਖਿਆ ਹੈ।

ਇਸ ਲੇਖ ਦੇ ਪਹਿਲੇ ਚਾਰ ਪੈਰੇ ਹੂ-ਬ-ਹੂ ਪੇਸ਼ ਕਰਨ ਦੇ ਯੋਗ ਹਨ ਤਾਂ ਕਿ ਬਾਕੀ ਲੇਖ ਲਈ ਸੁਰ ਨਿਰਧਾਰਤ ਕੀਤੀ ਜਾ ਸਕੇ।

**1.** "ਵਿਗਿਆਨ ਇੱਕ ਟੀਮ ਖੇਡ ਹੈ। ਹਰ ਖੋਜ ਕੁਦਰਤ ਵਿੱਚ ਸਹਿਯੋਗੀ ਹੁੰਦੀ ਹੈ, ਬੁਨਿਆਦੀ ਵਿਗਿਆਨਕ ਖੋਜ ਅਤੇ ਦੁਨੀਆ ਭਰ ਦੇ ਅਣਗਿਣਤ ਵਿਗਿਆਨੀਆਂ ਦੇ ਦੁਹਰਾਏ ਯੋਗਦਾਨਾਂ 'ਚ ਨਿਰਮਾਣ ਕਰਦੀ ਹੈ।"

**2.** "ਇਸ ਲਈ ਅਸੀਂ ਸਟਾਕਹੋਮ, ਸਵੀਡਨ ਵਿੱਚ ਉਨ੍ਹਾਂ ਲੋਕਾਂ ਦਾ ਵਿਰੋਧ ਨਹੀਂ ਕਰ ਸਕਦੇ, ਜਿਨ੍ਹਾਂ ਨੂੰ ਸਾਰੇ ਵੇਰੀਏਬਲਾਂ ਨੂੰ ਅਲੱਗ ਕਰਨਾ ਹੁੰਦਾ ਹੈ ਅਤੇ ਹਰੇਕ ਨੋਬਲ ਪੁਰਸਕਾਰ ਲਈ ਖਾਸ ਵਿਗਿਆਨੀਆਂ ਨੂੰ ਵੱਖਰਾ ਕਰਨਾ ਹੁੰਦਾ ਹੈ।"

**3.** "ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਸਬੰਧਾਂ ਵਾਲੇ 19 ਵਿਦਵਾਨਾਂ ਨੇ ਨੋਬਲ ਪੁਰਸਕਾਰ ਜਿੱਤਿਆ ਹੈ, ਜਿਸ ਵਿੱਚ ਸਾਬਕਾ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਵੀ ਸ਼ਾਮਲ ਹਨ। ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਦੇਸ਼ ਦੀਆਂ ਚੋਟੀ ਦੀਆਂ 20 ਯੂਨੀਵਰਸਿਟੀਆਂ ਵਿੱਚ ਸ਼ੁਮਾਰ ਹੈ।"


**4.** "ਅਤੇ ਫਿਰ ਵੀ ਇਹ, ਇਸ ਕੈਂਪਸ ਵਿੱਚ ਹੋਣ ਵਾਲੇ ਸਾਰੇ ਨੋਬਲ-ਯੋਗ ਕੰਮ ਲਈ ਕਾਫ਼ੀ ਨਹੀਂ ਜਾਪਦਾ ਹੈ।"

---

ਮੈਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਡਾ. ਹਰਗੋਵਿੰਦ ਖੋਰਾਣਾ ਉਨ੍ਹਾਂ 19 ਨੋਬਲ ਪੁਰਸਕਾਰ ਜੇਤੂ ਵਿਗਿਆਨੀਆਂ ਵਿੱਚੋਂ ਇੱਕ ਸੀ। ਉਹ ਇੱਕ ਪੰਜਾਬੀ ਸੀ, ਜਿਸਦਾ ਜਨਮ 9 ਜਨਵਰੀ 1922 ਨੂੰ ਇੱਕ ਛੋਟੇ ਜਿਹੇ ਪਿੰਡ ਰਾਏਪੁਰ, ਜ਼ਿਲ੍ਹਾ ਖਾਨੇਵਾਲ, ਪੰਜਾਬ (ਹੁਣ ਪਾਕਿਸਤਾਨ) ਵਿੱਚ ਹੋਇਆ ਸੀ। ਉਸਨੇ ਖੋਜ ਕੀਤੀ ਕਿ "ਜੀਨ, ਪ੍ਰੋਟੀਨ ਦੇ ਉਤਪਾਦਨ ਨੂੰ ਕਿਵੇਂ ਨਿਰਦੇਸ਼ਤ ਕਰਦੇ ਹਨ।" ਇਹ ਇੱਕ ਅਜਿਹਾ ਮਹੱਤਵਪੂਰਨ ਕੰਮ ਸੀ, ਜਿਸਨੇ ਜੈਨੇਟਿਕ ਕੋਡ ਨੂੰ ਅਨ-ਕੋਡ ਕੀਤਾ ਅਤੇ ਸਮਝਿਆ। ਨਤੀਜੇ ਵਜੋਂ 1968 ਦਾ ਨੋਬਲ ਪੁਰਸਕਾਰ ਡਾ. ਖੋਰਾਣਾ ਨੂੰ ਮਿਲਿਆ। ਉਸ ਸਮੇਂ ਮੈਂ ਅਤੇ ਮੇਰਾ ਇੱਕ ਦੋਸਤ ਡਾ. ਜਸਮੇਰ ਸਿੰਘ ਹਿਸਾਰ (ਹਰਿਆਣਾ) ਵਿੱਚ ਬਾਇਓਕੈਮਿਸਟਰੀ ਮਾਇਨਰ ਦੇ ਨਾਲ ਫਾਰਮਾਕੋਲੋਜੀ ਮੇਜਰ ਵਿੱਚ ਮਾਸਟਰਜ਼ ਕਰ ਰਹੇ ਸੀ। ਇਸ ਖੋਜ ਨੇ ਉਸ ਸਮੇਂ ਦੇ ਯੁਵਕ ਖੋਜੀਆਂ ਨੂੰ ਬਾਇਓਕੈਮਿਸਟਰੀ ਅਤੇ ਜੈਨੇਟਿਕਸ ਪੜ੍ਹਨ ਅਤੇ ਖੋਜ ਕਰਨ ਲਈ ਬਹੁਤ ਉਤਸ਼ਾਹਿਤ ਕੀਤਾ।

ਇੱਥੇ ਮੈਂ ਆਪਣੇ ਚਾਰ ਹਮਜਮਾਤੀਆਂ, ਜਿਨ੍ਹਾਂ ਨੇ ਬਾਇਓਕੈਮਿਸਟਰੀ, ਮੈਡੀਸਨ, ਇਮਯੂਨੋਲੋਜੀ ਅਤੇ ਜੈਨੇਟਿਕਸ ਵਿੱਚ ਉਚ ਕੋਟੀ ਦੀ ਸਿੱਖਿਆ ਪ੍ਰਾਪਤ ਕੀਤੀ ਤੇ ਫਿਰ ਖੋਜ ਖੇਤਰ ਵਿੱਚ ਵੀ ਬਹੁਤ ਵੱਡੀ ਮੁਹਾਰਤ ਹਾਸਲ ਕੀਤੀ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

**1. ਡਾ. ਇੰਦਰਜੀਤ ਸਿੰਘ ਢੀਂਡਸਾ:** ਐਮ.ਐਸਸੀ. ਬਾਇਓਕੈਮਿਸਟਰੀ ਪੀ.ਯੂ. ਚੰਡੀਗੜ੍ਹ; ਆਇਓਵਾ ਏਮਜ਼ ਤੋਂ ਪੀਐਚ.ਡੀ.; ਡੀ.ਐਸ.ਸੀ. ਅਤੇ ਪੋਸਟ ਡਾਕਟਰੇਟ; ਮੈਸੇਚਿਉਸੇਟਸ ਜਨਰਲ ਹਸਪਤਾਲ ਅਤੇ ਹਾਰਵਰਡ ਮੈਡੀਕਲ ਸਕੂਲ ਬੋਸਟਨ। ਜੌਹਨ-ਹਾਪਕਿੰਸ ਸਕੂਲ ਆਫ਼ ਮੈਡੀਸਨ, ਬਾਲਟੀਮੋਰ ਵਿੱਚ ਫੈਕਲਟੀ ਮੈਂਬਰ ਵਜੋਂ ਕੰਮ ਕੀਤਾ। ਹੁਣ 'ਚਿਲਡਰਨ ਰਿਸਰਚ ਇੰਸਟੀਚਿਊਟ' ਮੈਡੀਕਲ ਯੂਨੀਵਰਸਿਟੀ ਆਫ਼ ਸਾਊਥ ਕੈਰੋਲੀਨਾ, ਚਾਰਲਸਟਨ ਦੇ ਇੱਕ ਵਿਸ਼ੇਸ਼ ਪ੍ਰੋਫੈਸਰ ਅਤੇ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਖੋਜ ਦੇ ਖੇਤਰ: ਮਨੁੱਖੀ ਬਾਇਓਕੈਮਿਸਟਰੀ, ਇਮਯੂਨੋਲੋਜੀ ਅਤੇ ਜੈਨੇਟਿਕਸ। 10 ਤੋਂ 12 ਸਾਲ ਦੀ ਉਮਰ ਤੱਕ ਦੇ ਛੋਟੇ ਮੁੰਡਿਆਂ ਦੀ ਇੱਕ ਆਟੋਇਮਿਊਨ ਘਾਤਕ ਬਿਮਾਰੀ ਐਡਰੇਨੋ-ਲੀਯੂਕੋ-ਡਿਸਟ੍ਰੋਫੀ (ਏ.ਐਲ.ਡੀ.) ਲਈ ਡਰੱਗ ਡਿਵੈਲਪਮੈਂਟ ਉਤੇ ਧਿਆਨ ਕੇਂਦਰਿਤ ਕਰ ਰਹੇ ਹਨ।




**2. ਡਾ. ਅਮਰਜੀਤ ਸਿੰਘ ਕਲੇਰ (ਸਵਰਗਵਾਸੀ):** ਐਮ.ਐਸ.ਸੀ. ਮਾਈਕਰੋਬਾਇਓਲੋਜੀ, ਹਿਸਾਰ; ਪੀਐਚ.ਡੀ. ਜੈਨੇਟਿਕਸ; ਬ੍ਰਾਂਡੀਜ਼ ਯੂਨੀਵਰਸਿਟੀ, ਵਾਲਥਮ (ਅਮਰੀਕਾ); ਪੋਸਟ ਡਾਕਟਰੇਟ- ਯੂਨੀਵਰਸਿਟੀ ਆਫ ਕੈਲੀਫੋਰਨੀਆ-ਬਰਕਲੇ ਤੋਂ ਸਿੱਖਿਆ ਪ੍ਰਾਪਤ ਕੀਤੀ। ਫਿਰ ਕੋਲਡ ਸਪਰਿੰਗ ਹਾਰਬਰ ਜੈਨੇਟਿਕਸ ਇੰਸਟੀਚਿਊਟ-ਨਿਊ ਯਾਰਕ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ- ਰੌਕਵਿਲ (ਵਾਸ਼ਿੰਗਟਨ ਡੀ.ਸੀ.) ਵਿਖੇ ਫੈਕਲਟੀ ਮੈਂਬਰ ਵਜੋਂ ਮਨੁੱਖੀ ਜੈਨੇਟਿਕਸ ਵਿੱਚ ਖੋਜ ਕੀਤੀ। ਉਨ੍ਹਾਂ ਨੇ ਜੈਨੇਟਿਕ ਸਬੰਧ ਸਥਾਪਤ ਕੀਤੇ ਕਿ ਕਿਉਂ ਲਗਭਗ 12% ਲੋਕ ਖੱਬੇ ਹੱਥ ਵਾਲੇ ਹਨ ਤੇ 87% ਸੱਜੇ ਹੱਥ ਵਾਲੇ ਹਨ ਅਤੇ ਬਾਕੀ 1% ਦੋ-ਪੱਖੀ ਹਨ (ਕਿਸੇ ਵੀ ਹੱਥ ਵਾਲੇ)।

**3. ਡਾ. ਦੇਵੀਦਿਆਲ ਬਾਂਸਲ:** ਐਮ.ਐਸਸੀ. ਬਾਇਓਕੈਮਿਸਟਰੀ ਪੀ.ਯੂ. ਚੰਡੀਗੜ੍ਹ; ਪੀ.ਐਚਡੀ.; ਬਾਇਓਕੈਮਿਸਟਰੀ, ਬੇਲਫਾਸਟ, ਆਇਰਲੈਂਡ ਅਤੇ ਪੋਸਟਡਾਕਟੋਰਲ; ਕੈਨਸਸ ਯੂਨੀਵਰਸਿਟੀ ਮੈਡੀਕਲ ਸਕੂਲ-ਕੈਨਸਸ। ਉਨ੍ਹਾਂ ਦਾ ਖੋਜ ਖੇਤਰ 'ਮਨੁੱਖੀ ਸ਼ੂਗਰ' (ਡਾਇਅਬਟੀਜ਼) ਬਿਮਾਰੀ ਸੀ। ਉਹ ਪੀ.ਯੂ. ਚੰਡੀਗੜ੍ਹ ਤੋਂ ਬਾਇਓਕੈਮਿਸਟਰੀ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਅਤੇ ਪੀ.ਜੀ.ਆਈ. ਚੰਡੀਗੜ੍ਹ ਤੋਂ ਸਹਾਇਕ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ।

**4. ਡਾ. ਜਸਮੇਰ ਸਿੰਘ:** ਐਮ.ਐਸਸੀ.; ਫਾਰਮਾਕੋਲੋਜੀ ਅਤੇ ਪੀਐਚ.ਡੀ. ਪੈਰਾਸਿਟੌਜੀ; ਪੀ.ਏ.ਯੂ. ਲੁਧਿਆਣਾ ਵਿੱਚ ਮੇਰਾ ਸਹਿਪਾਠੀ ਸੀ। ਉਹ ਪੀ.ਏ.ਯੂ. ਲੁਧਿਆਣਾ ਦੇ ਵੈਟਰਨਰੀ ਸਾਇੰਸ ਕਾਲਜ ਦੇ ਪੈਰਾਸਿਟੋਜੀ ਦੇ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾਮੁਕਤ ਹੋਏ। ਉਨ੍ਹਾਂ ਨੇ ਵੱਖ-ਵੱਖ ਪਸ਼ੂਆਂ ਦੀਆਂ ਬਿਮਾਰੀਆਂ 'ਤੇ ਖੋਜ ਕੀਤੀ। ਉਨ੍ਹਾਂ ਨੇ ਕੁਝ ਪਸ਼ੂਆਂ ਦੀਆਂ ਬਿਮਾਰੀਆਂ (ਹੀਮੋਗਲੋਬਿਨੂਰੀਆ ਡੇਗੇਨਾਲਾ, ਮਾਸਟਾਈਟਸ ਆਦਿ) ਅਤੇ ਕੁਝ ਮਨੁੱਖੀ ਬਿਮਾਰੀਆਂ ਦੇ 'ਬਾਇਓਕੈਮਿਸਟਰੀ ਆਧਾਰਤ ਬਿਮਾਰੀ ਪਰਿਕਲਪਨਾਵਾਂ' ਤਿਆਰ ਕੀਤੀਆਂ (ਬੇਨਾਈਨ ਪ੍ਰੋਸਟੇਟ ਹਾਈਪਰਟ੍ਰੋਫੀ-ਬੀ.ਪੀ.ਐਚ. {ਗਦੂਦਾਂ ਦਾ ਰੋਗ}, ਮਾਈਗ੍ਰੇਨ, ਬਰੈਸਟ ਕੈਂਸਰ, ਅਲਕੋਹਲ-ਡੀਟੌਕਸ, ਇੱਥੋਂ ਤੱਕ ਕਿ ਔਟਿਜ਼ਮ ਅਤੇ ਅਲਜ਼ਾਈਮਰ ਵੀ)।

---

ਨੋਬਲ ਪੁਰਸਕਾਰ ਅੱਜ ਦੁਨੀਆ ਦੇ ਸਭ ਤੋਂ ਵੱਧ ਮਾਨਤਾ ਪ੍ਰਾਪਤ ਅਤੇ ਸਤਿਕਾਰਤ ਸੰਸਥਾਵਾਂ ਵਿੱਚੋਂ ਇੱਕ ਹੈ। ਕੁਦਰਤੀ ਵਿਗਿਆਨ ਤੋਂ ਲੈ ਕੇ ਸਾਹਿਤ, ਅਰਥਸ਼ਾਸਤਰ ਅਤੇ ਸ਼ਾਂਤੀ ਤੱਕ ਕਈ ਸ਼੍ਰੇਣੀਆਂ ਵਿੱਚ ਹਰ ਸਾਲ ਦਿੱਤਾ ਜਾਂਦਾ ਹੈ ਤੇ ਇਹ ਮਨੁੱਖੀ ਪ੍ਰਾਪਤੀ ਦੇ ਸਿਖਰ ਦਾ ਪ੍ਰਤੀਕ ਹੈ। ਇਨਾਮ ਦੀ ਮਹੱਤਤਾ ਸਿਰਫ ਮਾਨਤਾ ਤੱਕ ਸੀਮਤ ਨਹੀਂ ਹੈ, ਸਗੋਂ ਇਹ ਵਿਸ਼ਵਵਿਆਪੀ ਚਰਚਾਵਾਂ ਨੂੰ ਆਕਾਰ ਦਿੰਦਾ ਹੈ, ਨੀਤੀ ਨੂੰ ਪ੍ਰਭਾਵਤ ਕਰਦਾ ਹੈ, ਉੱਤਮਤਾ ਲਈ ਮਾਪਦੰਡ ਨਿਰਧਾਰਤ ਕਰਦਾ ਹੈ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਗਿਆਨ ਤੇ ਨੈਤਿਕਤਾ ਦੀਆਂ ਸੀਮਾਵਾਂ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕਰਦਾ ਹੈ।

ਨੋਬਲ ਪੁਰਸਕਾਰ ਦੀ ਕਹਾਣੀ ਇੱਕ ਆਦਮੀ ਦੀ ਆਪਣੀ ਵਿਰਾਸਤ ਦਾ ਸਾਹਮਣਾ ਕਰਨ, ਮਨੁੱਖੀ ਪ੍ਰਾਪਤੀ ਦੇ ਜਸ਼ਨ ਨੂੰ ਅਪਣਾਉਣ ਵਾਲੇ ਸਮਾਜ ਅਤੇ ਤਰੱਕੀ ਤੇ ਸ਼ਾਂਤੀ ਵੱਲ ਵਧਦੀ ਇੱਕ ਵਿਸ਼ਵਵਿਆਪੀ ਸੱਭਿਅਤਾ ਦੀ ਕਹਾਣੀ ਵੀ ਹੈ। ਇਹ ਲੇਖ ਇਨਾਮ ਦੀ ਉਤਪਤੀ, ਸੰਸਥਾਗਤ ਵਿਕਾਸ ਅਤੇ ਵਿਗਿਆਨ, ਸੱਭਿਆਚਾਰ, ਰਾਜਨੀਤੀ ਤੇ ਮਨੁੱਖਤਾ ਉਤੇ ਇਸਦੇ ਦੂਰਗਾਮੀ ਨਤੀਜਿਆਂ ਦਾ ਇੱਕ ਵਿਆਪਕ ਇਤਿਹਾਸਕ ਬਿਰਤਾਂਤ ਪ੍ਰਦਾਨ ਕਰਦਾ ਹੈ।

ਨੋਬਲ ਪੁਰਸਕਾਰ ਐਲਫ੍ਰੇਡ ਬਰਨਹਾਰਡ ਨੋਬਲ ਨਾਂ ਦੇ ਇੱਕ ਵਿਅਕਤੀ ਦੇ ਨਾਮ 'ਤੇ ਰੱਖਿਆ ਗਿਆ ਸੀ। ਐਲਫ੍ਰੇਡ ਬਰਨਹਾਰਡ ਨੋਬਲ (1833-1896) ਦਾ ਜਨਮ ਇੱਕ ਅਜਿਹੇ ਪਰਿਵਾਰ ਵਿੱਚ ਹੋਇਆ ਸੀ, ਜੋ ਵਿਗਿਆਨਕ ਅਤੇ ਤਕਨੀਕੀ ਕੰਮਾਂ ਵਿੱਚ ਡੂੰਘਾਈ ਨਾਲ ਸ਼ਾਮਲ ਸੀ। ਉਸਦੇ ਪਿਤਾ ਇਮੈਨੁਅਲ ਨੋਬਲ ਇੱਕ ਇੰਜੀਨੀਅਰ ਅਤੇ ਖੋਜੀ ਸਨ, ਜੋ ਜਲ ਸੈਨਾ ਦੀਆਂ ਖਾਣਾਂ ਅਤੇ ਮਕੈਨੀਕਲ ਯੰਤਰਾਂ ਵਿੱਚ ਕੰਮ ਕਰਨ ਲਈ ਜਾਣੇ ਜਾਂਦੇ ਸਨ। ਵਿੱਤੀ ਅਸਥਿਰਤਾ ਨੇ ਪਰਿਵਾਰ ਦੇ ਸ਼ੁਰੂਆਤੀ ਸਾਲਾਂ ਨੂੰ ਚਿੰਨ੍ਹਿਤ ਕੀਤਾ, ਪਰ ਐਲਫ੍ਰੇਡ ਦੇ ਬਚਪਨ ਦੌਰਾਨ ਸੇਂਟ ਪੀਟਰਸਬਰਗ ਵਿੱਚ ਉਨ੍ਹਾਂ ਦੇ ਸਥਾਨੰਤਰਣ ਨੇ ਉਸਨੂੰ ਇੱਕ ਖੁਸ਼ਹਾਲ ਵਿਗਿਆਨਕ ਵਾਤਾਵਰਣ ਵਿੱਚ ਉਜਾਗਰ ਕੀਤਾ।

ਐਲਫ੍ਰੇਡ ਨੇ ਰਸਾਇਣ ਵਿਗਿਆਨ, ਭੌਤਿਕ ਵਿਗਿਆਨ ਅਤੇ ਭਾਸ਼ਾਵਾਂ ਵਿੱਚ ਸ਼ੁਰੂਆਤੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਅੰਤ ਵਿੱਚ ਕਈ ਯੂਰਪੀਅਨ ਭਾਸ਼ਾਵਾਂ ਵਿੱਚ ਮੁਹਾਰਤ ਹਾਸਲ ਕਰ ਲਈ। ਉਸਦੀ ਵਿਸ਼ਵਵਿਆਪੀ ਸਿੱਖਿਆ ਅਤੇ ਵਿਗਿਆਨਕ ਪ੍ਰਯੋਗਾਂ ਦੇ ਸੰਪਰਕ ਨੇ ਉਸਦੇ ਭਵਿੱਖ ਦੀਆਂ ਕਾਢਾਂ ਦੀ ਨੀਂਹ ਰੱਖੀ।

### ਐਲਫ੍ਰੇਡ ਬਰਨਹਾਰਡ ਨੋਬਲ ਦੀਆਂ ਦੁਨੀਆ ਨੂੰ ਬਦਲ ਦੇਣ ਵਾਲੀਆਂ ਕਾਢਾਂ

ਨੋਬਲ ਦੇ 355 ਪੇਟੈਂਟਾਂ ਵਿੱਚੋਂ ਸਭ ਤੋਂ ਪ੍ਰਭਾਵਸ਼ਾਲੀ ਡਾਇਨਾਮਾਈਟ ਸੀ, ਜਿਸਨੂੰ 1867 ਵਿੱਚ ਪੇਟੈਂਟ ਕੀਤਾ ਗਿਆ ਸੀ। ਡਾਇਨਾਮਾਈਟ ਨੇ:

*ਆਵਾਜਾਈ ਬੁਨਿਆਦੀ ਢਾਂਚਾ, ਸੁਰੰਗਾਂ, ਸੜਕਾਂ ਅਤੇ ਰੇਲਵੇ ਨੂੰ ਸਮਰੱਥ ਬਣਾਇਆ

*ਬੇਮਿਸਾਲ ਪੈਮਾਨੇ 'ਤੇ ਮਾਈਨਿੰਗ ਦਾ ਨਿਰਮਾਣ ਕੀਤਾ

*ਇੰਜੀਨੀਅਰਿੰਗ ਪ੍ਰੋਜੈਕਟ ਦੇ ਲੈਂਡਸਕੇਪ ਨੂੰ ਮੁੜ ਆਕਾਰ ਦਿੱਤਾ

*ਨੋਬਲ ਨੇ ਜੈਲਿਨਾਈਟ ਅਤੇ ਬੈਲਿਸਟਾਈਟ ਦੀ ਵੀ ਕਾਢ ਕੱਢੀ, ਜਿਸ ਨੇ ਵਿਸਫੋਟਕ ਤਕਨਾਲੋਜੀ ਨੂੰ ਹੋਰ ਅੱਗੇ ਵਧਾਇਆ।

ਨੋਬਲ ਦੇ ਸ਼ਾਂਤੀਪੂਰਨ ਉਦਯੋਗਿਕ ਉਪਯੋਗਾਂ ਦੇ ਦ੍ਰਿਸ਼ਟੀਕੋਣ, ਇਸ ਵਿਸਫੋਟਕ ਤੱਥ ਦੁਆਰਾ ਢਕੇ ਗਏ ਸਨ ਜੋ ਕਿ ਵਿਸਫੋਟਕ ਯੁੱਧ ਦੇ ਵਧੇਰੇ ਪ੍ਰਭਾਵਸ਼ਾਲੀ ਸੰਦ ਬਣ ਗਏ ਸਨ। ਹਾਲਾਂਕਿ ਨੋਬਲ ਨੇ ਕਦੇ ਵੀ ਆਪਣੀਆਂ ਕਾਢਾਂ ਨੂੰ ਵਿਨਾਸ਼ਕਾਰੀ ਉਦੇਸ਼ਾਂ ਲਈ ਨਹੀਂ ਬਣਾਇਆ ਸੀ, ਪਰ ਉਹ ਉਨ੍ਹਾਂ ਦੀ ਦੋਹਰੀ ਵਰਤੋਂ ਬਾਰੇ ਵੱਧ ਤੋਂ ਵੱਧ ਜਾਣੂ ਹੋ ਗਿਆ।

### ਨੋਬਲ ਦੀ ਜ਼ਿੰਦਗੀ 'ਚ ਇੱਕ ਇਤਿਹਾਸਕ ਮੋੜ: 'ਮੌਤ ਦਾ ਵਪਾਰੀ' ਸ਼ਰਧਾਂਜਲੀ

1888 ਵਿੱਚ ਐਲਫ੍ਰੇਡ ਨੋਬਲ ਦੀ ਮੌਤ ਦੀ ਸ਼ਰਧਾਂਜਲੀ ਦੇ ਅਚਾਨਕ ਪ੍ਰਕਾਸ਼ਨ, ਜੋ ਕਿ ਅਸਲ 'ਚ ਉਸਦੇ ਭਰਾ ਲੁਡਵਿਗ ਦੀ ਮੌਤ ਤੋਂ ਬਾਅਦ ਗਲਤੀ ਨਾਲ ਲਿਖਿਆ ਗਿਆ ਸੀ, ਨੇ ਉਸ 'ਤੇ ਡੂੰਘਾ ਮਨੋਵਿਗਿਆਨਕ ਪ੍ਰਭਾਵ ਪਾਇਆ। ਫਰੈਂਚ ਭਾਸ਼ਾ ਵਿੱਚ 'ਲੇ ਮਾਰਚੈਂਡ ਡੇ ਲਾ ਮੋਰਟ ਐਸਟ ਮੋਰਟ' ('ਮੌਤ ਦਾ ਵਪਾਰੀ ਮਰ ਗਿਆ ਹੈ') ਸਿਰਲੇਖ ਨੇ ਨੋਬਲ ਨੂੰ ਇੱਕ ਅਜਿਹੀ ਸ਼ਖਸੀਅਤ ਵਜੋਂ ਦਰਸਾਇਆ, ਜਿਸਨੇ ਖੂਨ-ਖਰਾਬੇ ਤੋਂ ਲਾਭ ਉਠਾਇਆ।

ਇਤਿਹਾਸਕਾਰ ਸਹਿਮਤ ਹਨ ਕਿ ਇਸ ਪਲ ਨੇ ਐਲਫ੍ਰੇਡ ਨੋਬਲ ਦੇ ਜੀਵਨ ਵਿੱਚ ਇੱਕ ਨੈਤਿਕ ਸੰਕਟ ਪੈਦਾ ਕਰ ਦਿੱਤਾ। ਨੋਬਲ ਨੂੰ ਡਰ ਸੀ ਕਿ ਇਤਿਹਾਸ ਉਸਨੂੰ ਮਨੁੱਖੀ ਤਰੱਕੀ ਵਿੱਚ ਯੋਗਦਾਨ ਪਾਉਣ ਦੀ ਬਜਾਏ ਹਿੰਸਾ ਦੇ ਪ੍ਰੋਮੋਟਰ ਵਜੋਂ ਯਾਦ ਰੱਖੇਗਾ। ਇਸ ਚਿੰਤਾ ਨੇ ਸੰਭਾਵਤ ਤੌਰ 'ਤੇ ਉਸਦੇ ਬਾਅਦ ਦੇ ਕੰਮਾਂ ਨੂੰ ਪ੍ਰਭਾਵਿਤ ਕੀਤਾ, ਜਿਸਦੇ ਸਿੱਟੇ ਵਜੋਂ ਉਸਦੀ ਕਿਸਮਤ ਇੱਕ ਵਿਸ਼ਵਵਿਆਪੀ ਮਾਨਵਤਾਵਾਦੀ ਵਿਰਾਸਤ ਨੂੰ ਸਮਰਪਿਤ ਕਰਨ ਦਾ ਕੱਟੜਪੰਥੀ ਫੈਸਲਾ ਲਿਆ ਗਿਆ।

### ਨੋਬਲ ਦੀ ਵਸੀਅਤ: ਮੁਕਤੀ ਅਤੇ ਉਮੀਦ

ਆਪਣੀ ਅੰਤਿਮ ਵਸੀਅਤ (27 ਨਵੰਬਰ 1895) ਵਿੱਚ ਨੋਬਲ ਨੇ ਆਪਣੀ ਦੌਲਤ ਦਾ ਲਗਭਗ 94% ਇੱਕ ਇਨਾਮ ਫੰਡ ਸਥਾਪਤ ਕਰਨ ਲਈ ਸਮਰਪਿਤ ਕੀਤਾ। 'ਵਸੀਅਤ' ਅਨੁਸਾਰ ਉਨ੍ਹਾਂ ਲੋਕਾਂ ਨੂੰ ਪੁਰਸਕਾਰ ਦਿੱਤੇ ਜਾਣਗੇ, ਜਿਨ੍ਹਾਂ ਦੇ ਕੰਮ ਨੇ 'ਮਨੁੱਖਜਾਤੀ ਨੂੰ ਸਭ ਤੋਂ ਵੱਡਾ ਲਾਭ' ਦਿੱਤਾ ਹੋਵੇ। ਉਦਾਹਰਣ ਵਜੋਂ ਇਸ ਵਿੱਚ:

- ਭੌਤਿਕ ਵਿਗਿਆਨ
- ਰਸਾਇਣ ਵਿਗਿਆਨ
- ਸਰੀਰ ਵਿਗਿਆਨ/Medicine
- ਸਾਹਿਤ ਅਤੇ ਸ਼ਾਂਤੀ ਲਈ ਕੰਮ ਸ਼ਾਮਲ ਸਨ।

ਸ਼ਾਂਤੀ ਪੁਰਸਕਾਰ ਇੱਕ ਨਾਰਵੇਈ (Norway) ਕਮੇਟੀ ਦੁਆਰਾ ਦਿੱਤਾ ਜਾਣਾ ਸੀ, ਜੋ ਕਿ ਨੋਬਲ ਦੇ ਨਾਰਵੇ ਦੀਆਂ ਗੈਰ-ਫੌਜੀ ਪਰੰਪਰਾਵਾਂ ਵਿੱਚ ਵਿਸ਼ਵਾਸ ਅਤੇ ਸੰਭਵ ਤੌਰ 'ਤੇ ਸਕੈਂਡੇਨੇਵੀਅਨ ਸ਼ਾਂਤੀ ਅੰਦੋਲਨਾਂ ਲਈ ਉਸਦੀ ਪ੍ਰਸ਼ੰਸਾ ਨੂੰ ਦਰਸਾਉਂਦਾ ਹੈ।

ਕਈਆਂ ਨੇ ਸਵਾਲ ਕੀਤਾ ਕਿ ਗਣਿਤ ਨੂੰ ਕਿਉਂ ਬਾਹਰ ਰੱਖਿਆ ਗਿਆ ਸੀ? ਇਸ ਬਾਬਤ ਕਈ ਸਿਧਾਂਤ ਮੌਜੂਦ ਹਨ- ਨਿੱਜੀ ਵਿਵਾਦਾਂ ਤੋਂ ਲੈ ਕੇ ਨੋਬਲ ਦੇ ਵਿਸ਼ਵਾਸ ਤੱਕ। ਹਾਲਾਂਕਿ ਕੋਈ ਵੀ ਵਿਵਾਦ ਨਿਰਣਾਇਕ ਤੌਰ 'ਤੇ ਸਾਬਤ ਨਹੀਂ ਹੋਇਆ ਹੈ; ਪਰ ਇਹ ਭੁੱਲ ਅੱਜ ਤੱਕ ਵੀ ਨੋਬਲ ਪੁਰਸਕਾਰ ਦੀ ਚਰਚਾ ਦਾ ਹਿੱਸਾ ਬਣੀ ਹੋਈ ਹੈ।

### ਨੋਬਲ ਪ੍ਰਣਾਲੀ ਦੀ ਸਥਾਪਨਾ ਅਤੇ ਵਿਕਾਸ (1901-ਮੌਜੂਦਾ)

**(ੳ) ਨੋਬਲ ਦੇ ਦ੍ਰਿਸ਼ਟੀਕੋਣ ਦਾ ਸ਼ੁਰੂਆਤੀ ਵਿਰੋਧ:** 'ਨੋਬਲ ਦੀ ਵਸੀਅਤ' ਅਜੇ ਵੀ ਵਿਵਾਦਪੂਰਨ ਸੀ। ਉਸਦੇ ਰਿਸ਼ਤੇਦਾਰਾਂ ਨੇ ਫੰਡਾਂ ਦੀ ਵੰਡ ਦਾ ਵਿਰੋਧ ਕੀਤਾ ਅਤੇ ਸਵੀਡਿਸ਼ ਰਾਜ ਵਿਹਾਰਕਤਾ ਬਾਰੇ ਵੀ ਅਨਿਸ਼ਚਿਤ ਸੀ। ਉਸਨੇ ਇਨਾਮ-ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਵਜੋਂ ਜਾਣੀਆਂ ਜਾਂਦੀਆਂ ਵਿਗਿਆਨਕ ਜਾਂ ਰਾਜਨੀਤਿਕ ਸੰਸਥਾਵਾਂ ਨਾਲ ਸਲਾਹ-ਮਸ਼ਵਰਾ ਨਹੀਂ ਕੀਤਾ ਸੀ।

ਗੰਭੀਰ ਗੱਲਬਾਤ ਤੋਂ ਬਾਅਦ ਨੋਬਲ ਫਾਊਂਡੇਸ਼ਨ ਨੇ 1900 ਦੇ ਦਹਾਕੇ ਵਿੱਚ ਇਨਾਮਾਂ ਦਾ ਪ੍ਰਬੰਧਨ ਕਰਨ, ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਅਤੇ ਨੋਬਲ ਦੇ ਇਰਾਦਿਆਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸੰਭਾਲੀ।

**(ਅ)** ਪਹਿਲਾ ਨੋਬਲ ਪੁਰਸਕਾਰ ਸਮਾਰੋਹ 10 ਦਸੰਬਰ 1901 ਨੂੰ ਨੋਬਲ ਦੀ ਬਰਸੀ 'ਤੇ ਆਯੋਜਿਤ ਕੀਤਾ ਗਿਆ ਸੀ। ਪਹਿਲੇ ਪੁਰਸਕਾਰ ਜੇਤੂਆਂ ਨੇ ਇੱਕ ਉੱਚ ਬੌਧਿਕ ਅਤੇ ਨੈਤਿਕ ਮਿਆਰ ਸਥਾਪਤ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਵਿਲਹੈਲਮ ਰੌਂਟਗੇਨ (ਭੌਤਿਕ ਵਿਗਿਆਨ)- ਐਕਸ-ਰੇ ਦੀ ਖੋਜ
- ਜੈਕਬਸ ਵੈਨ'ਟ ਹਾਫ (ਰਸਾਇਣ ਵਿਗਿਆਨ)- ਰਸਾਇਣਕ ਗਤੀਸ਼ੀਲਤਾ
- ਐਮਿਲ ਵੌਨ ਬੇਹਰਿੰਗ (ਦਵਾਈ/Medicine) - ਡਿਪਥੀਰੀਆ ਸੀਰਮ ਥੈਰੇਪੀ


⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

*ਉਂਜ ਤਾਂ ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਦੇ ਸਾਰੇ ਨੋਬਲ ਪੁਰਸਕਾਰ ਜੇਤੂਆਂ ਨੇ ਮਨੁੱਖਤਾ ਦੇ ਭਲੇ ਲਈ ਸ਼ਾਨਦਾਰ ਯੋਗਦਾਨ ਪਾਇਆ ਹੈ; ਪਰ ਮੈਂ ਪਾਠਕਾਂ ਨਾਲ ਦੋ ਨੋਬਲ ਪੁਰਸਕਾਰ ਜੇਤੂਆਂ ਦੇ ਵਿਗਿਆਨਕ ਯੋਗਦਾਨ ਸਾਂਝੇ ਕਰਨ ਵਿੱਚ ਥੋੜ੍ਹਾ ਪੱਖਪਾਤ ਕਰ ਰਿਹਾ ਹਾਂ: ਇੱਕ ਪੰਜਾਬ (ਪਹਿਲਾਂ ਭਾਰਤ ਤੇ ਹੁਣ ਪਾਕਿਸਤਾਨ) ਤੋਂ ਹੈ (ਡਾ. ਹਰਗੋਵਿੰਦ ਖੋਰਾਣਾ), ਕਿਉਂਕਿ ਮੈਂ ਵੀ ਪੰਜਾਬ ਤੋਂ ਹਾਂ। ਅਤੇ ਦੂਜਾ ਇੱਕ ਵੈਟਰਨਰੀ ਪੈਰਾਸਾਈਟੋਲੋਜਿਸਟ ਹੈ (ਡਾ. ਵਿਲੀਅਮ ਕੈਂਪਬੈਲ - ਐਂਟੀ-ਪੈਰਾਸਾਈਟਿਕ ਦਵਾਈਆਂ 'ਤੇ ਖੋਜ ਨਾਲ ਪੀਐਚ.ਡੀ.); ਤੇ ਮੈਂ ਵੀ ਵੈਟਰਨਰੀ ਪੈਰਾਸਾਈਟੋਲੋਜੀ ਵਿੱਚ ਪੀਐਚ.ਡੀ. (1974) ਹਾਂ, ਪੋਲਟਰੀ ਬਿਮਾਰੀਆਂ ਨੂੰ ਕੰਟਰੋਲ ਕਰਨ ਲਈ ਐਂਟੀ-ਪੈਰਾਸਾਈਟਿਕ ਦਵਾਈਆਂ 'ਤੇ ਖੋਜ ਕੰਮ ਦੇ ਨਾਲ।*

# ਨੋਬਲ ਪੁਰਸਕਾਰ ਜੇਤੂ: ਡਾ. ਹਰਗੋਵਿੰਦ ਖੋਰਾਣਾ ਅਤੇ ਵਿਲੀਅਮ ਕੈਂਪਬੈਲ

## ਜੈਨੇਟਿਕ ਕੋਡ ਨੂੰ ਤੋੜਨ ਤੇ ਸਮਝਣ ਵਾਲਾ ਪਹਿਲਾ ਇਨਸਾਨ

ਡਾ. ਹਰਗੋਵਿੰਦ ਖੋਰਾਣਾ ਨੇ ਆਧੁਨਿਕ ਜੀਨ-ਥੈਰੇਪੀ ਅਤੇ ਜੀਨੋਮ-ਸੰਪਾਦਨ ਲਈ ਰਾਹ ਸਾਫ਼ ਕੀਤਾ। ਡਾ. ਖੋਰਾਣਾ ਛੋਟੇ ਜਿਹੇ ਪਿੰਡ ਰਾਏਪੁਰ ਵਿੱਚ ਜੰਮਿਆ ਤੇ ਗਰੀਬੀ ਵਿੱਚ ਵੱਡਾ ਹੋਇਆ। ਉਸਦਾ ਪਰਿਵਾਰਕ ਘਰ ਅੰਸ਼ਕ ਤੌਰ 'ਤੇ ਇੱਕ ਵਾੜਾ/ਵਿਹੜਾ ਸੀ, ਜਿਸ ਵਿੱਚ ਗਾਵਾਂ ਅਤੇ ਘੋੜੇ ਬੱਝੇ ਹੁੰਦੇ ਸਨ।



ਕੋਈ ਸਕੂਲ ਨਹੀਂ ਸੀ, ਇਸ ਲਈ ਭਵਿੱਖ ਦੇ ਨੋਬਲ ਪੁਰਸਕਾਰ ਜੇਤੂ ਨੇ ਆਪਣੇ ਪਿਤਾ ਤੋਂ ਇੱਕ ਦਰੱਖਤ ਹੇਠ ਪੜ੍ਹਨਾ ਸਿੱਖਿਆ। ਜਦੋਂ ਛੇ ਸਾਲ ਦੀ ਉਮਰ ਵਿੱਚ ਡਾ. ਖੋਰਾਣਾ ਕੋਲ ਆਪਣੀ ਪਹਿਲੀ ਪੈਨਸਿਲ ਆਈ ਸੀ, ਤਾਂ ਇਹ ਇੱਕ ਅਤੀ ਮਹੱਤਵਪੂਰਨ ਜੀਵਨ ਘਟਨਾ ਸੀ। ਉਨ੍ਹਾਂ ਨੇ ਨੋਬਲ ਪੁਰਸਕਾਰ ਲਈ ਇੱਕ ਆਤਮਕਥਾ ਐਂਟਰੀ ਵਿੱਚ ਲਿਖਿਆ, "ਹਾਲਾਂਕਿ ਗਰੀਬ ਸਨ, ਪਰ ਮੇਰੇ ਪਿਤਾ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਸਮਰਪਿਤ ਸਨ ਅਤੇ ਲਗਭਗ 100 ਲੋਕਾਂ ਦੁਆਰਾ ਵਸੇ ਪਿੰਡ ਵਿੱਚ ਅਸੀਂ ਲਗਭਗ ਇਕਲੌਤਾ ਪੜ੍ਹਿਆ-ਲਿਖਿਆ ਪਰਿਵਾਰ ਸਾਂ।"


ਡਾ. ਖੋਰਾਣਾ ਨੇ ਭਾਰਤ ਵਿੱਚ ਰਸਮੀ ਸਿੱਖਿਆ ਪ੍ਰਾਪਤ ਕੀਤੀ ਅਤੇ ਆਪਣੇ ਆਪ ਨੂੰ ਇੱਕ ਪ੍ਰਤਿਭਾਸ਼ਾਲੀ ਸਾਬਤ ਕੀਤਾ। 1960 ਵਿੱਚ ਉਹ ਬਾਇਓਕੈਮਿਸਟਰੀ ਦੇ ਪ੍ਰੋਫੈਸਰ ਬਣਨ ਅਤੇ ਐਂਜ਼ਾਈਮ ਰਿਸਰਚ ਇੰਸਟੀਚਿਊਟ ਨੂੰ ਸਹਿ-ਨਿਰਦੇਸ਼ਿਤ ਕਰਨ ਲਈ ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਆਏ। ਇੱਥੇ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਖੋਜ ਕੀਤੀ ਕਿ ਜੀਨ, ਪ੍ਰੋਟੀਨ ਦੇ ਉਤਪਾਦਨ ਨੂੰ ਕਿਵੇਂ ਨਿਰਦੇਸ਼ਤ ਕਰਦੇ ਹਨ। ਇਸ ਮਹੱਤਵਪੂਰਨ ਖੋਜ ਨੇ ਜੈਨੇਟਿਕ ਕੋਡ ਨੂੰ ਤੋੜਿਆ ਤੇ ਸਮਝਿਆ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ 1968 ਦਾ ਨੋਬਲ ਪੁਰਸਕਾਰ ਮਿਲਿਆ।

ਡਾ. ਖੋਰਾਣਾ ਆਪਣੇ ਨਿਮਰ ਬਚਪਨ ਨੂੰ ਯਾਦ ਕਰਦੇ ਹੋਏ ਅਕਸਰ ਵਿਚਾਰ ਇਕੱਠੇ ਕਰਨ ਲਈ ਵਿਸਕਾਨਸਿਨ ਦੇ ਪੇਂਡੂ ਇਲਾਕਿਆਂ ਵਿੱਚ ਜਾਂਦੇ ਸਨ। 1970 ਵਿੱਚ ਡਾ. ਖੋਰਾਣਾ ਨੇ ਦੁਨੀਆ ਦਾ ਪਹਿਲਾ ਸਿੰਥੈਟਿਕ ਜੀਨ ਬਣਾਇਆ, ਇਹ ਦਰਸਾਉਂਦੇ ਹੋਏ ਕਿ ਵਿਰਾਸਤ ਦੀ ਮੂਲ ਇਕਾਈ ਨੂੰ ਇੱਕ ਪ੍ਰਯੋਗਸ਼ਾਲਾ ਵਿੱਚ ਜੈਵਿਕ ਰਸਾਇਣਾਂ ਨਾਲ ਬਣਾਇਆ ਜਾ ਸਕਦਾ ਹੈ। ਉਸਦੀਆਂ ਖੋਜਾਂ ਨੇ ਆਧੁਨਿਕ ਜੀਨ-ਥੈਰੇਪੀ ਅਤੇ ਜੀਨੋਮ-ਸੰਪਾਦਨ ਲਈ ਰਸਤਾ ਸਾਫ਼ ਕਰਨ ਵਿੱਚ ਮਦਦ ਕੀਤੀ, ਜਿਸਦੇ ਨਤੀਜੇ ਵਜੋਂ ਗੰਭੀਰ ਜੈਨੇਟਿਕ ਬਿਮਾਰੀਆਂ ਵਾਲੇ ਲੋਕਾਂ ਲਈ ਕ੍ਰਾਂਤੀਕਾਰੀ ਇਲਾਜ ਪੈਦਾ ਹੋਏ ਹਨ।

ਜਾਹਰ ਹੈ ਕਿ ਡਾ. ਖੋਰਾਣਾ ਦੀ ਸ਼ਖਸੀਅਤ ਬਾਰੇ ਘੱਟ ਦੱਸਿਆ ਜਾਣ ਕਰ ਕੇ ਲੋਕਾਂ ਦੀਆਂ ਨਜ਼ਰਾਂ ਵਿੱਚ ਉਨ੍ਹਾਂ ਦੀ ਪਛਾਣ ਗੁਆਚਦੀ ਜਾ ਰਹੀ ਸੀ। 1969 ਵਿੱਚ ਯਾਨੀ ਨੋਬਲ ਪੁਰਸਕਾਰ ਪ੍ਰਾਪਤ ਕਰਨ ਤੋਂ ਸਿਰਫ਼ ਇੱਕ ਸਾਲ ਬਾਅਦ, ਵਿਸਕਾਨਸਿਨ ਦੇ ਸੈਨੇਟਰ 'ਅਰਨੇਸਟ ਕੇਪਲਰ' ਚੈਂਬਰ ਫਲੋਰ 'ਤੇ ਗਏ ਅਤੇ ਵਿਲਾਪ ਕੀਤਾ ਕਿ ਕੁਝ ਜਨਤਕ ਕਰਮਚਾਰੀ ਗਵਰਨਰ ਨਾਲੋਂ ਵੱਧ ਤਨਖਾਹ ਲੈ ਰਹੇ ਸਨ। ਨਾਵਾਂ ਦੀ ਸੂਚੀ ਦਾ ਹਵਾਲਾ ਦਿੰਦੇ ਹੋਏ ਉਸਨੇ ਮਜ਼ਾਕ ਉਡਾਇਆ: "ਹਰ ਗੋਵਿੰਦ ਖੋਰਾਣਾ ਬਾਰੇ, ਕੀ ਤੁਹਾਡੇ ਵਿੱਚੋਂ ਕੋਈ ਉਸਨੂੰ ਜਾਣਦਾ ਹੈ?" ਹੋਰ ਕੋਈ ਜਾਣੇ ਨਾ ਜਾਣੇ, ਪਰ ਐਮ.ਆਈ.ਟੀ. ਲੀਡਰਸ਼ਿਪ ਨੇ ਡਾ. ਖੋਰਾਣਾ ਨੂੰ ਜ਼ਰੂਰ ਜਾਣਿਆ ਅਤੇ 1970 ਵਿੱਚ ਖੋਰਾਣਾ ਨੂੰ ਮੈਡੀਸਨ ਤੋਂ ਦੂਰ ਨੌਕਰੀ 'ਤੇ ਰੱਖਿਆ, ਜਿਸਨੇ ਡਾ. ਖੋਰਾਣਾ ਦੇ ਇੱਕ ਦਹਾਕੇ ਦੇ ਕੰਮ ਤੋਂ ਬਾਅਦ ਯੂਨੀਵਰਸਿਟੀ ਆਫ ਵਿਸਕਾਨਸਿਨ-ਮੈਡੀਸਨ ਦੀ ਵਿਗਿਆਨਕ ਦੁਨੀਆ ਨੂੰ ਹਮੇਸ਼ਾ ਲਈ ਬਦਲ ਦਿੱਤਾ।

## ਨੋਬਲ ਪੁਰਸਕਾਰ ਜੇਤੂ-2015: ਇੱਕ ਅਦਭੁਤ ਦਵਾਈ ਦੀ ਖੋਜ ਲਈ

30 ਜਨਵਰੀ 2025 ਨੂੰ ਵਿਸ਼ਵ ਸਿਹਤ ਸੰਗਠਨ ਨੇ ਐਲਾਨ ਕੀਤਾ ਕਿ ਨਾਈਜੀਰੀਆ, ਹੁਣ ਨਦੀ-ਅੰਨ੍ਹਾਪਣ (River Blindness) ਦੇ ਰੋਗ ਨੂੰ ਖਤਮ ਕਰਨ ਵਾਲਾ ਪਹਿਲਾ ਅਫਰੀਕੀ ਦੇਸ਼ ਬਣ ਗਿਆ ਸੀ। 1980 ਦੇ ਦਹਾਕੇ ਤੋਂ ਪਹਿਲਾਂ ਇਹ ਬਿਮਾਰੀ ਇੱਕ 'ਪਰਜੀਵੀ' (Parasite) ਦੁਆਰਾ ਹੁੰਦੀ ਸੀ ਅਤੇ ਕਾਲੀਆਂ ਮੱਖੀਆਂ ਤੋਂ ਫੈਲਦੀ ਸੀ। ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਇੱਕ ਜਨਤਕ ਸਿਹਤ ਸੰਕਟ ਬਣ ਗਈ ਸੀ ਅਤੇ ਦੁਨੀਆ ਭਰ ਦੇ ਲੱਖਾਂ ਲੋਕਾਂ ਵਿੱਚ ਵੀ ਅੰਨ੍ਹੇਪਣ ਦਾ ਕਾਰਨ ਵੀ ਬਣ ਗਈ ਸੀ। ਹੁਣ ਇਹ ਬਿਮਾਰੀ ਇੱਕ ਐਂਟੀ-ਪਰਜੀਵੀ ਦਵਾਈ 'ਆਈਵਰਮੇਕਟਿਨ' (IVERMECTIN) ਦੀ ਵੱਡੇ ਪੱਧਰ 'ਤੇ ਵੰਡ ਦੇ ਕਾਰਨ ਤੇਜ਼ੀ ਨਾਲ ਘਟ ਰਹੀ ਹੈ, ਜੋ ਯੂਨੀਵਰਸਿਟੀ ਆਫ ਵਿਸਕਾਨਸਿਨ ਦੇ ਸਾਬਕਾ ਵਿਦਿਆਰਥੀ ਵਿਲੀਅਮ ਕੈਂਪਬੈਲ ਦੁਆਰਾ ਪਹਿਲੀ ਵਾਰ ਖੋਜੀ ਗਈ ਸੀ।



ਕੈਂਪਬੈਲ 1970 ਦੇ ਦਹਾਕੇ ਦੇ ਮੱਧ ਵਿੱਚ ਫਾਰਮਾਸਿਊਟੀਕਲ ਕੰਪਨੀ **'ਮਰਕ'** ਵਿੱਚ ਇੱਕ ਵਿਗਿਆਨੀ ਸੀ, ਜਦੋਂ ਉਸਨੇ ਖੋਜ ਕੀਤੀ ਕਿ ਮਿੱਟੀ ਦੇ ਬੈਕਟੀਰੀਆ ਦੀ ਇੱਕ ਨਵੀਂ ਪ੍ਰਜਾਤੀ ਵਿੱਚ ਇੱਕ ਕਿਰਿਆਸ਼ੀਲ ਪਦਾਰਥ ਚੂਹਿਆਂ ਵਿੱਚ ਗੋਲ ਕੀੜਿਆਂ (Round Worms) ਅਤੇ ਘਰੇਲੂ ਜਾਨਵਰਾਂ ਵਿੱਚ ਹੋਰ ਪਰਜੀਵੀਆਂ ਨੂੰ ਮਾਰਨ ਵਿੱਚ ਅਸਾਧਾਰਨ ਤੌਰ 'ਤੇ ਪ੍ਰਭਾਵਸ਼ਾਲੀ ਸੀ। 1981 ਵਿੱਚ ਜਾਨਵਰਾਂ ਦੀ ਸਿਹਤ ਉਤਪਾਦ ਵਜੋਂ ਆਈਵਰਮੇਕਟਿਨ ਨਾਮੀਂ ਇੱਕ ਵਧੇਰੇ ਸ਼ਕਤੀਸ਼ਾਲੀ ਡੈਰੀਵੇਟਿਵ (ਦਵਾਈ) ਜਾਰੀ ਕੀਤਾ ਗਿਆ ਸੀ। ਇਹ ਦਵਾਈ ਕੁੱਤਿਆਂ ਤੇ ਬਿੱਲੀਆਂ ਦੇ ਦਿਲ ਦੇ ਕੀੜਿਆਂ (Heartworms) ਦੀ ਰੋਕਥਾਮ ਲਈ ਇੱਕ ਆਮ ਤੌਰ 'ਤੇ ਵਰਤੀ ਜਾਣ ਵਾਲੀ ਦਵਾਈ ਵੀ ਹੈ।

ਕੈਂਪਬੈਲ ਨੇ ਸੰਭਾਵੀ ਮਨੁੱਖੀ ਉਪਯੋਗਾਂ ਦੀ ਵਕਾਲਤ ਕੀਤੀ ਅਤੇ 'ਨਦੀ-ਅੰਨ੍ਹਾਪਣ' ਖਤਮ ਕਰਨ ਵਾਲੇ ਇੱਕ ਟੀਚੇ ਨੂੰ ਪਛਾਣਿਆ। 1987 ਵਿੱਚ ਮਨੁੱਖੀ ਵਰਤੋਂ ਲਈ ਆਈਵਰਮੇਕਟਿਨ ਨੂੰ ਮਨਜ਼ੂਰੀ ਦਿੱਤੀ ਗਈ ਸੀ ਅਤੇ ਉਦੋਂ ਤੋਂ ਮਰਕ ਫਾਰਮਾਸਿਊਟੀਕਲਸ (Merck Pharmaceuticals) ਨੇ ਨਦੀ ਅੰਨ੍ਹੇਪਣ ਦਾ ਮੁਕਾਬਲਾ ਕਰਨ ਲਈ ਲਗਭਗ 5 ਬਿਲੀਅਨ ਖੁਰਾਕਾਂ ਦਾਨ ਕੀਤੀਆਂ ਹਨ। ਦਵਾਈ ਦੀ ਵਰਤੋਂ ਖੁਰਕ, ਸਿਰ ਦੀਆਂ ਜੂੰਆਂ ਅਤੇ ਹੋਰ ਗਰਮ ਖੰਡੀ ਬਿਮਾਰੀਆਂ ਜਿਵੇਂ ਕਿ ਹਾਥੀ ਰੋਗ (Elephantiasis) ਦੇ ਇਲਾਜ ਲਈ ਵੀ ਕੀਤੀ ਗਈ ਹੈ। ਇਸ ਦਵਾਈ ਨੇ ਦੁਨੀਆ ਦੇ ਬਹੁਤ ਸਾਰੇ ਸਭ ਤੋਂ ਗਰੀਬ ਹਿੱਸਿਆਂ ਵਿੱਚ ਲੱਖਾਂ ਲੋਕਾਂ ਨੂੰ ਲਾਭ ਪਹੁੰਚਾਇਆ ਹੈ। 2015 ਵਿੱਚ ਕੈਂਪਬੈਲ ਨੂੰ ਉਸਦੇ ਬਹਾਦਰੀ ਭਰੇ ਯੋਗਦਾਨ ਲਈ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਕੈਂਪਬੈਲ ਆਇਰਲੈਂਡ ਵਿੱਚ ਵੱਡਾ ਹੋਇਆ ਅਤੇ ਯੂਨੀਵਰਸਿਟੀ ਆਫ ਵਿਸਕਾਨਸਿਨ ਵਿੱਚ ਵੈਟਰਨਰੀ ਸਾਇੰਸ ਤੇ ਜੀਵ ਵਿਗਿਆਨ ਵਿੱਚ ਗ੍ਰੈਜੂਏਟ ਕੰਮ ਲਈ ਅਮਰੀਕਾ ਆ ਗਿਆ। ਉਹ ਹਾਈ ਸਕੂਲ ਵਿੱਚ ਹੀ ਪਰਜੀਵੀਆਂ ਨਾਲ ਜੁੜਿਆ ਹੋਇਆ ਸੀ, ਜਦੋਂ ਇੱਕ ਖੇਤੀਬਾੜੀ ਸ਼ੋਅ ਵਿੱਚ ਜਾਣ ਨਾਲ ਉਸਨੂੰ ਭੇਡਾਂ ਅਤੇ ਪਸ਼ੂਆਂ ਵਿੱਚ ਇੱਕ ਆਮ ਜਿਗਰ (Liver) ਦੇ ਪਰਜੀਵੀ ਨਾਲ ਜਾਣੂ ਕਰਵਾਇਆ ਗਿਆ। ਉਹ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੋਇਆ ਕਿ ਇੱਕ ਦਵਾਈ ਇਸਦਾ ਆਸਾਨੀ ਨਾਲ ਇਲਾਜ ਕਰ ਸਕਦੀ ਹੈ। ਯੂਨੀਵਰਸਿਟੀ ਆਫ ਵਿਸਕਾਨਸਿਨ ਵਿੱਚ ਉਸਦੇ ਸਲਾਹਕਾਰ, ਵੈਟਰਨਰੀ ਸਾਇੰਸ ਦੇ ਪ੍ਰੋਫੈਸਰ 'ਆਰਲੀ ਟੌਡ' ਨੇ ਕੈਂਪਬੈਲ ਨੂੰ ਆਪਣੀ ਡਾਕਟਰੇਟ ਦੀ ਡਿਗਰੀ ਪੂਰੀ ਕਰਨ ਤੋਂ ਬਾਅਦ Merck Pharmaceuticals ਵਿੱਚ ਨੌਕਰੀ ਵਾਸਤੇ ਅਰਜ਼ੀ ਦੇਣ ਲਈ ਉਤਸ਼ਾਹਿਤ ਕੀਤਾ। ਪਹਿਲਾਂ ਕੈਂਪਬੈਲ ਨੂੰ ਫਾਰਮਾਸਿਊਟੀਕਲ ਉਦਯੋਗ ਵਿੱਚ ਨੌਕਰੀ ਸ਼ੁਰੂ ਕਰਨ ਬਾਰੇ ਕਾਫ਼ੀ ਸ਼ੰਕੇ ਸਨ। ਉਸ ਦੇ ਸ਼ਬਦਾਂ ਵਿੱਚ: "ਮੈਂ ਸਿਰਫ ਵਿਗਿਆਨ ਦੀ ਖ਼ਾਤਰ ਵਿਗਿਆਨ 'ਤੇ ਹੀ ਕੰਮ ਕਰਨਾ ਚਾਹੁੰਦਾ ਸੀ, ਉਪਯੋਗਤਾ ਲਈ ਨਹੀਂ।" ਉਸਨੇ 2023 ਯੂਨੀਵਰਸਿਟੀ ਆਫ ਵਿਸਕਾਨਸਿਨ ਡਿਸਟਿੰਗੂਇਸ਼ਡ ਐਲੂਮਨੀ ਅਵਾਰਡ ਪ੍ਰਾਪਤ ਕਰਨ ਤੋਂ ਬਾਅਦ ਕਿਹਾ, "ਪਰ ਮੈਨੂੰ ਕੁਝ ਅਜਿਹਾ ਕਰਨ ਤੋਂ ਬਹੁਤ ਖੁਸ਼ੀ ਅਤੇ ਉਤਸ਼ਾਹ ਮਿਲਿਆ, ਜੋ ਅਸਲ ਵਿੱਚ ਲਾਭਦਾਇਕ ਸਿੱਧ ਹੋਇਆ।"

***(ਪ੍ਰੈਸਟਨ ਸ਼ਮਿਟ, "ਆਨ ਵਿਸਕਾਨਸਿਨ" ਮੈਗਜ਼ੀਨ ਦੇ ਸੀਨੀਅਰ ਸਟਾਫ ਲੇਖਕ ਵੱਲੋਂ)***

- ਸੂਲੀ ਪਰੂਧੋਮ (ਸਾਹਿਤ)- ਕਾਵਿਕ ਆਦਰਸ਼ਵਾਦ
- ਹੈਨਰੀ ਡੂਨੈਂਟ ਅਤੇ ਫਰੈਡਰਿਕ ਪਾਸੀ (ਸ਼ਾਂਤੀ)- ਮਾਨਵਤਾਵਾਦੀ ਅਤੇ ਸ਼ਾਂਤੀ ਦੀ ਵਕਾਲਤ।

ਇਨ੍ਹਾਂ ਜੇਤੂਆਂ ਦੀਆਂ ਚੋਣਾਂ ਨੋਬਲ ਦੇ ਕਈ ਪੱਧਰਾਂ 'ਤੇ ਮਨੁੱਖਤਾ ਨੂੰ ਲਾਭ ਪਹੁੰਚਾਉਣ ਦੇ ਆਦਰਸ਼ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

### ਇਨਾਮ ਸ਼੍ਰੇਣੀਆਂ ਅਤੇ ਪ੍ਰਸ਼ਾਸਕੀ ਵਿਕਾਸ ਦਾ ਵਿਸਥਾਰ

**(ੳ) ਆਰਥਿਕ ਵਿਗਿਆਨ ਦਾ ਜੋੜ:** 1968 ਵਿੱਚ ਆਪਣੀ 300ਵੀਂ ਵਰ੍ਹੇਗੰਢ 'ਤੇ ਸਵੀਡਿਸ਼ ਸੈਂਟਰਲ ਬੈਂਕ ਨੇ ਐਲਫ੍ਰੇਡ ਨੋਬਲ ਦੀ ਯਾਦ ਵਿੱਚ 'ਆਰਥਿਕ ਵਿਗਿਆਨ' ਵਿੱਚ ਸਵੇਰੀਗੇਸ ਰਿਕਸਬੈਂਕ ਪੁਰਸਕਾਰ ਦੀ ਸਥਾਪਨਾ ਕੀਤੀ। ਹਾਲਾਂਕਿ ਇਹ ਨੋਬਲ ਦੀ ਅਸਲ ਵਸੀਅਤ ਵਿੱਚ ਸ਼ਾਮਲ ਨਹੀਂ, ਪਰ ਇਹ ਅਸਲ ਇਨਾਮਾਂ ਦੇ ਨਾਲ ਦਿੱਤਾ ਜਾਂਦਾ ਹੈ ਅਤੇ ਇਸਨੂੰ ਵਿਆਪਕ ਤੌਰ 'ਤੇ ਨੋਬਲ ਪਰਿਵਾਰ ਦਾ ਹਿੱਸਾ ਮੰਨਿਆ ਜਾਂਦਾ ਹੈ। ਉਦੋਂ ਤੋਂ ਅਰਥ ਸ਼ਾਸਤਰ ਦੇ ਇਨਾਮਾਂ ਨੇ ਵਿਸ਼ਵਵਿਆਪੀ ਵਿਕਾਸ ਸਿਧਾਂਤ, ਨੀਤੀ-ਨਿਰਮਾਣ ਅਤੇ ਵਿੱਤੀ ਸ਼ਾਸਨ ਨੂੰ ਆਕਾਰ ਦਿੱਤਾ ਹੈ।

**(ਅ) ਬਦਲਦੇ ਮਾਪਦੰਡ, ਪਾਰਦਰਸ਼ਤਾ ਤੇ ਗਲੋਬਲ ਸਮਾਵੇਸ਼:** ਸਮੇਂ ਦੇ ਨਾਲ ਕਮੇਟੀਆਂ ਨੇ ਇਨ੍ਹਾਂ ਨਾਲ ਨਜਿੱਠਣ ਲਈ ਆਪਣੀਆਂ ਮੁਲੰਕਣ ਪ੍ਰਕਿਰਿਆਵਾਂ ਨੂੰ ਸੋਧਿਆ ਹੈ। ਉਦਾਹਰਣ ਵਜੋਂ:

- ਵਿਗਿਆਨਕ ਖੋਜ ਦੀ ਵਧਦੀ ਮਾਤਰਾ
- ਅੰਤਰ-ਅਨੁਸ਼ਾਸਨੀ ਕੰਮ
- ਨਾਮਜ਼ਦ ਵਿਅਕਤੀਆਂ ਦੀ ਅੰਤਰਰਾਸ਼ਟਰੀ ਵਿਭਿੰਨਤਾ ਵਿੱਚ ਵਾਧਾ ਅਤੇ
- ਇੱਕ ਗਲੋਬਲਾਈਜ਼ਡ ਬੌਧਿਕ ਭਾਈਚਾਰੇ ਦੀ ਸੋਚ ਸੰਭਾਲ ਦੇ ਕਾਰਜ ਕਰਨਾ ਸ਼ਾਮਿਲ ਹਨ।

ਇਨ੍ਹਾਂ ਤਰੱਕੀਆਂ ਦੇ ਬਾਵਜੂਦ ਅਸਮਾਨਤਾਵਾਂ ਬਰਕਰਾਰ ਹਨ। ਸਾਰੇ ਜੇਤੂਆਂ ਵਿੱਚੋਂ ਮਹਿਲਾ ਪੁਰਸਕਾਰ ਜੇਤੂ 10% ਤੋਂ ਵੀ ਘੱਟ ਹਨ, ਜੋ ਕਿ ਅਕਾਦਮਿਕ ਅਤੇ ਸਮਾਜ ਦੇ ਅੰਦਰ ਵਿਆਪਕ ਢਾਂਚਾਗਤ ਅਸਮਾਨਤਾਵਾਂ ਨੂੰ ਦਰਸਾਉਂਦੇ ਹਨ।

**(ੲ)** ਨੋਬਲ ਇਤਿਹਾਸ ਇਨਾਮ ਨੇ ਕਈ ਵਿਵਾਦਾਂ ਨੂੰ ਆਕਰਸ਼ਿਤ ਕੀਤਾ ਹੈ; ਜਿਵੇਂ ਕਿ:

- ਵਿਗਿਆਨਕ ਤਰਜੀਹ ਵਿਵਾਦ
- 1962 ਦੇ ਡੀ.ਐਨ.ਏ. ਇਨਾਮ ਵਿੱਚ ਰੋਸਾਲਿੰਡ ਫ੍ਰੈਂਕਲਿਨ ਨੂੰ ਛੱਡ ਦੇਣਾ
- ਨਿਊਕਲੀਅਰ ਫਿਸ਼ਨ ਲਈ 'ਲੀਜ਼ ਮੀਟਨਰ' ਨੂੰ ਨਜ਼ਰਅੰਦਾਜ਼ ਕਰਨਾ।

ਆਲੋਚਕਾਂ ਦਾ ਤਰਕ ਹੈ ਕਿ ਕੁਝ ਪੁਰਸਕਾਰ ਬਹੁਤ ਜ਼ਿਆਦਾ ਰਾਜਨੀਤਿਕ, ਯੂਰੋਸੈਂਟ੍ਰਿਕ ਜਾਂ ਪ੍ਰਯੋਗਾਤਮਕ ਰਹੇ ਹਨ।

ਸ਼ਾਂਤੀ ਪੁਰਸਕਾਰ ਵਿਵਾਦ ਨੇ ਕੁਝ ਪੁਰਸਕਾਰ ਦੇਣ ਦੇ ਫੈਸਲਿਆਂ 'ਤੇ ਵਿਸ਼ਵਵਿਆਪੀ ਬਹਿਸ ਛੇੜ ਦਿੱਤੀ, ਜਿਸ ਵਿੱਚ ਹੇਠ ਲਿਖੇ ਪੁਰਸਕਾਰ ਜੇਤੂ ਸ਼ਾਮਲ ਹਨ:


- ਹੈਨਰੀ ਕਿਸਿੰਗਰ (1973)
- ਬਰਾਕ ਓਬਾਮਾ (2009, ਰਾਸ਼ਟਰਪਤੀ ਦੇ ਸ਼ੁਰੂਆਤੀ ਦੌਰ ਵਿੱਚ)

ਇਨ੍ਹਾਂ ਮੁੱਦਿਆਂ ਦੇ ਬਾਵਜੂਦ ਇਨਾਮ ਦੀ ਇਮਾਨਦਾਰੀ ਇਸਦੇ ਸਖ਼ਤ ਚੋਣ ਪ੍ਰਕਿਰਿਆਵਾਂ ਅਤੇ ਸੰਸਥਾਗਤ ਸੁਤੰਤਰਤਾ ਦੇ ਕਾਰਨ ਵੱਡੇ ਪੱਧਰ 'ਤੇ ਬਰਕਰਾਰ ਹੈ।

### ਮਨੁੱਖੀ ਸੱਭਿਅਤਾ ਵਿੱਚ ਨੋਬਲ ਪੁਰਸਕਾਰਾਂ ਦਾ ਯੋਗਦਾਨ

**(ੳ)** ਵਿਗਿਆਨ ਵਿੱਚ ਨੋਬਲ ਪੁਰਸਕਾਰਾਂ ਨੇ ਮਨੁੱਖੀ ਜੀਵਨ ਨੂੰ ਬਦਲਣ ਵਾਲੀਆਂ ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਨੂੰ ਬਦਲਣ ਵਾਲੀਆਂ ਸਫਲਤਾਵਾਂ ਨੂੰ ਤੇਜ਼ ਕੀਤਾ ਹੈ। ਉਦਾਹਰਣ ਵਜੋਂ:

- ਐਕਸ-ਰੇ (ਮੈਡੀਕਲ ਡਾਇਗਨੌਸਟਿਕਸ)
- ਕੁਆਂਟਮ ਮਕੈਨਿਕਸ (ਇਲੈਕਟ੍ਰਾਨਿਕਸ, ਸੈਮੀਕੰਡਕਟਰ, ਕੰਪਿਊਟਿੰਗ)
- ਨਿਊਕਲੀਅਰ ਮੈਗਨੈਟਿਕ ਰੈਜ਼ੋਨੈਂਸ (MRI ਤਕਨਾਲੋਜੀ)
- ਹਿਗਜ਼ ਬੋਸੋਨ (ਬੁਨਿਆਦੀ ਭੌਤਿਕ ਵਿਗਿਆਨ)
- ਗੁਰੂਤਾ ਤਰੰਗਾਂ (ਨਵਾਂ ਖਗੋਲ ਵਿਗਿਆਨ)
- ਡੀ.ਐਨ.ਏ. ਸੀਕੁਐਂਸਿੰਗ ਤਕਨਾਲੋਜੀਆਂ
- ਪਲਾਸਟਿਕ, ਪੋਲੀਮਰ ਅਤੇ ਪਦਾਰਥ ਵਿਗਿਆਨ
- ਰਸਾਇਣਕ ਉਦਯੋਗਿਕ ਨਿਰਮਾਣ ਆਦਿ ਸ਼ਾਮਲ ਹਨ।




ਹਰੇਕ ਖੋਜ ਨੇ ਬ੍ਰਹਿਮੰਡ ਦੀ ਮਨੁੱਖੀ ਸਮਝ ਨੂੰ ਵਿਸ਼ਾਲ ਕੀਤਾ ਅਤੇ ਆਧੁਨਿਕ ਸਮਾਜ ਨੂੰ ਪਰਿਭਾਸ਼ਿਤ ਕਰਨ ਵਾਲੀਆਂ ਤਕਨਾਲੋਜੀਆਂ ਵਿੱਚ ਸੁਧਾਰ ਕੀਤਾ।

### ਜੀਨ-ਸੰਪਾਦਨ ਵਿਗਿਆਨ ਦਾ ਜੀਵਨ-ਰੱਖਿਅਕ ਸਫਲਤਾਵਾਂ ਵਿੱਚ ਯੋਗਦਾਨ

- ਐਂਟੀਬਾਇਓਟਿਕਸ
- ਟੀਕੇ
- ਹਾਰਮੋਨ ਥੈਰੇਪੀਆਂ
- ਜੀਨ ਥੈਰੇਪੀ
- ਕੈਂਸਰ ਇਮਯੂਨੋਥੈਰੇਪੀ
- mRNA ਟੀਕਾ ਤਕਨਾਲੋਜੀ


ਇਨ੍ਹਾਂ ਖੋਜਾਂ ਨੇ ਜੀਵਨ ਦੀ ਸੰਭਾਵਨਾ ਨੂੰ ਤਰਜੀਹੀ ਢੰਗ ਨਾਲ ਵਧਾਇਆ ਹੈ ਅਤੇ ਵਿਸ਼ਵਵਿਆਪੀ ਮੌਤ ਦਰ ਨੂੰ ਘਟਾਇਆ ਹੈ।

**(ਅ)** ਨੋਬਲ ਸ਼ਾਂਤੀ ਪੁਰਸਕਾਰ ਨੇ ਕੂਟਨੀਤਕ ਇਤਿਹਾਸ ਨੂੰ ਆਕਾਰ ਦਿੱਤਾ ਹੈ ਅਤੇ ਸ਼ਾਂਤੀ, ਮਨੁੱਖੀ ਅਧਿਕਾਰਾਂ ਅਤੇ ਵਿਸ਼ਵਵਿਆਪੀ ਸਥਿਰਤਾ ਨੂੰ ਅੱਗੇ ਵਧਾਉਂਦਿਆਂ ਅਹਿੰਸਕ ਸਰਗਰਮੀ ਨੂੰ ਵਧਾਇਆ ਹੈ। ਨੋਬਲ ਸ਼ਾਂਤੀ ਇਨਾਮ ਜੇਤੂਆਂ ਵਿੱਚ ਸ਼ਾਮਲ ਹਨ:

***⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ***

# ਨੋਬਲ ਪੁਰਸਕਾਰ: ਉਤਪਤੀ, ਵਿਕਾਸ ਅਤੇ ਮਨੁੱਖੀ ਸੱਭਿਅਤਾ ਉਤੇ ਇਸ ਦਾ ਪਰਿਵਰਤਨਸ਼ੀਲ ਪ੍ਰਭਾਵ





*(ਖੱਬੇ) ਡਾ. ਖੋਰਾਣਾ ਪ੍ਰਯੋਗਸ਼ਾਲਾ ਵਿੱਚ ਅਧਿਅਨ ਕਰਦੇ ਹੋਏ ਅਤੇ (ਸੱਜੇ) ਵਿਲੀਅਮ ਕੈਂਪਬੈਲ ਪਰਜੀਵੀ ਕੀੜਿਆਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਨੂੰ ਪੇਂਟ ਵੀ ਕਰਦੇ। ਉਨ੍ਹਾਂ ਨੇ 2015 ਵਿੱਚ ਟੇਪਵਰਮ ਗੁਲਦਸਤੇ ਦੇ ਨਾਲ ਪਿੱਤਲ ਦਾ ਕਟੋਰਾ ਭਰ ਦਿੱਤਾ।*

***...ਪਿਛਲੇ ਸਫੇ ਦੀ ਬਾਕੀ ⇒***

•ਮਾਰਟਿਨ ਲੂਥਰ ਕਿੰਗ ਜੂਨੀਅਰ- ਨਾਗਰਿਕ ਅਧਿਕਾਰ ਅੰਦੋਲਨ

•ਨੈਲਸਨ ਮੰਡੇਲਾ ਅਤੇ ਐਫ.ਡਬਲਯੂ. ਡੇ ਕਲਰਕ- ਰੰਗਭੇਦ ਨੂੰ ਖਤਮ ਕਰਨਾ

•ਮਦਰ ਟੈਰੇਸਾ- ਮਾਨਵਤਾਵਾਦੀ ਕੰਮ

•ਮਲਾਲਾ ਯੂਸਫ਼ਜ਼ਈ- ਕੁੜੀਆਂ ਦੀ ਸਿੱਖਿਆ

•ਸੰਯੁਕਤ ਰਾਸ਼ਟਰ ਅਤੇ ਆਈ.ਪੀ.ਸੀ.ਸੀ.- ਜਲਵਾਯੂ ਕੂਟਨੀਤੀ

ਸ਼ਾਂਤੀ ਪੁਰਸਕਾਰ ਅਕਸਰ ਅੰਤਰਰਾਸ਼ਟਰੀ ਅੰਦੋਲਨਾਂ ਨੂੰ ਜਾਇਜ਼ ਠਹਿਰਾਉਂਦਾ ਹੈ, ਗੱਲਬਾਤ ਨੂੰ ਤੇਜ਼ ਕਰਦਾ ਹੈ ਅਤੇ ਵਿਆਪਕ ਵਿਸ਼ਵਵਿਆਪੀ ਕਾਰਵਾਈ ਨੂੰ ਪ੍ਰੇਰਿਤ ਕਰਦਾ ਹੈ।

**(ਏ)** ਸਾਹਿਤ ਵਿੱਚ ਨੋਬਲ ਪੁਰਸਕਾਰ ਵਿਸ਼ਵ ਸਾਹਿਤ ਅਤੇ ਸੱਭਿਆਚਾਰਕ ਯਾਦਦਾਸ਼ਤ ਨੂੰ ਸੰਭਾਲਣ ਤੇ ਫੈਲਾਉਣ ਲਈ, ਵਿਭਿੰਨ ਆਵਾਜ਼ਾਂ ਦਾ ਸਨਮਾਨ ਕਰਕੇ ਵਿਸ਼ਵਵਿਆਪੀ ਸਾਹਿਤਕ ਸਿਧਾਂਤ ਦਾ ਵਿਸਤਾਰ ਕਰਦਾ ਹੈ। ਜਿਵੇਂ ਕਿ:

•ਟੈਗੋਰ ਨੇ ਭਾਰਤੀ ਅਧਿਆਤਮਿਕਤਾ ਨੂੰ ਪੱਛਮ ਵਿੱਚ ਪੇਸ਼ ਕੀਤਾ

•ਗਾਰਸੀਆ ਮਾਰਕੇਜ਼ ਨੇ ਜਾਦੂਈ ਯਥਾਰਥਵਾਦ ਨੂੰ ਪ੍ਰਸਿੱਧ ਬਣਾਇਆ

•ਟੋਨੀ ਮੌਰੀਸਨ ਨੇ ਅਫਰੀਕੀ-ਅਮਰੀਕੀ ਅਨੁਭਵਾਂ ਨੂੰ ਉਜਾਗਰ ਕੀਤਾ

•ਸਜ਼ਿੰਬੋਰਸਕਾ ਨੇ ਦਰਸ਼ਨ ਅਤੇ ਗੀਤਕਾਰੀ ਨੂੰ ਮਿਲਾਇਆ

•ਓਰਹਾਨ ਪਾਮੁਕ ਨੇ ਤੁਰਕੀ ਪਛਾਣ ਨੂੰ ਵਿਸ਼ਵਵਿਆਪੀ ਭਾਸ਼ਣ ਵਿੱਚ ਲਿਆਂਦਾ

ਵਿਭਿੰਨ ਸੱਭਿਆਚਾਰਾਂ ਦਾ ਸਨਮਾਨ ਕਰਕੇ ਨੋਬਲ ਇਨਾਮ ਵਿਸ਼ਵਵਿਆਪੀ ਬਿਰਤਾਂਤਾਂ ਨੂੰ ਲੋਕਤੰਤਰੀ ਬਣਾਉਂਦਾ ਹੈ ਅਤੇ ਮਨੁੱਖੀ ਸਮਝ ਨੂੰ ਅਮੀਰ ਬਣਾਉਂਦਾ ਹੈ।

**(ਸ)** ਆਰਥਿਕ ਪੁਰਸਕਾਰ ਜੇਤੂਆਂ ਨੇ ਨੀਤੀ ਨਿਰਮਾਣ ਵਿੱਚ ਬਦਲਾਅ ਲਿਆਂਦਾ ਹੈ:

•ਪਾਲ ਸੈਮੂਅਲਸਨ- ਆਧੁਨਿਕ ਅਰਥ ਸ਼ਾਸਤਰ ਦੀਆਂ ਨੀਂਹਾਂ

•ਅਮਰਤਿਆ ਸੇਨ- ਸਮਰੱਥਾ ਪਹੁੰਚ ਅਤੇ ਮਨੁੱਖੀ ਵਿਕਾਸ

•ਜੋਸਫ਼ ਸਟਿਗਲਿਟਜ਼- ਜਾਣਕਾਰੀ ਅਸਮਾਨਤਾ

•ਡੈਨੀਅਲ ਕਾਹਨੇਮੈਨ- ਵਿਹਾਰਕ ਅਰਥ ਸ਼ਾਸਤਰ

•ਐਸਥਰ ਡੁਫਲੋ ਅਤੇ ਅਭਿਜੀਤ ਬੈਨਰਜੀ- ਪ੍ਰਯੋਗਾਤਮਕ ਵਿਕਾਸ ਅਰਥ ਸ਼ਾਸਤਰ

ਉਨ੍ਹਾਂ ਦੇ ਵਿਚਾਰ ਸਮਾਜਿਕ ਭਲਾਈ ਪ੍ਰੋਗਰਾਮਾਂ ਤੋਂ ਲੈ ਕੇ ਵਿੱਤੀ ਨਿਯਮਾਂ ਅਤੇ ਵਿਕਾਸ ਰਣਨੀਤੀਆਂ ਤੱਕ ਹਰ ਚੀਜ਼ ਨੂੰ ਪ੍ਰਭਾਵਤ ਕਰਦੇ ਹਨ।

**(ਹ)** ਨੋਬਲ ਪੁਰਸਕਾਰ ਦੀ ਪ੍ਰਤੀਕਾਤਮਕ ਸ਼ਕਤੀ ਭਵਿੱਖ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਨ ਲਈ ਸਭ ਤੋਂ ਮਹੱਤਵਪੂਰਨ ਯੋਗਦਾਨ ਹੋ ਸਕਦੀ ਹੈ। ਇਹ ਕੁਝ ਇਸ ਤਰ੍ਹਾਂ ਕੰਮ ਕਰਦਾ ਹੈ:

•ਨੌਜਵਾਨ ਵਿਗਿਆਨੀਆਂ ਅਤੇ ਲੇਖਕਾਂ ਲਈ ਇੱਕ ਪ੍ਰੇਰਣਾਦਾਇਕ ਸ਼ਕਤੀ

•ਇਹ ਯਾਦ ਦਿਵਾਉਣਾ ਕਿ ਵਿਚਾਰ ਮਾਇਨੇ ਰੱਖਦੇ ਹਨ

•ਬੌਧਿਕ ਹਿੰਮਤ ਦਾ ਇੱਕ ਵਿਸ਼ਵਵਿਆਪੀ ਜਸ਼ਨ

ਪੀੜ੍ਹੀਆਂ ਨੇ ਨੋਬਲ ਪੁਰਸਕਾਰ ਜੇਤੂਆਂ ਤੋਂ ਪ੍ਰੇਰਿਤ ਹੋ ਕੇ ਵਿਗਿਆਨ, ਸਾਹਿਤ ਅਤੇ ਮਾਨਵਤਾਵਾਦੀ ਕਾਰਜਾਂ ਵਿੱਚ ਕਰੀਅਰ ਬਣਾਏ ਹਨ।

## ਨੋਬਲ ਪੁਰਸਕਾਰ ਅਤੇ ਵਿਸ਼ਵ ਸੱਭਿਅਤਾ

**(ੳ)** ਇਹ ਪੁਰਸਕਾਰ ਸਰਹੱਦ ਪਾਰ ਖੋਜ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ, ਜੋ ਹੁਣ ਮਹਾਂਮਾਰੀ, ਜਲਵਾਯੂ ਪਰਿਵਰਤਨ ਅਤੇ ਭੋਜਨ ਸੁਰੱਖਿਆ ਵਰਗੀਆਂ ਵਿਸ਼ਵਵਿਆਪੀ ਸਮੱਸਿਆਵਾਂ ਨਾਲ ਨਜਿੱਠਣ ਲਈ ਜ਼ਰੂਰੀ ਹੈ।

**(ਅ)** ਨੋਬਲ ਮਾਨਤਾ ਨੇ ਬੌਧਿਕ ਆਜ਼ਾਦੀ ਦਾ ਸਮਰਥਨ ਕਰਦਿਆਂ ਅਕਸਰ ਸਤਾਏ ਗਏ ਲੇਖਕਾਂ, ਕਾਰਕੁਨਾਂ ਜਾਂ ਵਿਗਿਆਨੀਆਂ ਨੂੰ ਉਨ੍ਹਾਂ ਦੀ ਦੁਰਦਸ਼ਾ ਉਤੇ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨੀ ਪਾ ਕੇ ਸੁਰੱਖਿਅਤ ਰੱਖਿਆ ਹੈ।

**(ੲ)** ਵਿਗਿਆਨ ਵਿੱਚ ਨੈਤਿਕ ਜ਼ਿੰਮੇਵਾਰੀ ਨੂੰ ਮਜਬੂਤ ਅਤੇ ਸ਼ਾਂਤੀਪੂਰਨ ਵਿਗਿਆਨਕ ਤਰੱਕੀ ਦਾ ਸਨਮਾਨ ਕਰਕੇ ਇਨਾਮ ਇਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਵਿਗਿਆਨ ਨੂੰ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ, ਨਾ ਕਿ ਇਸਨੂੰ ਨੁਕਸਾਨ ਪਹੁੰਚਾਉਣਾ। ਇਹ ਨੈਤਿਕ ਢਾਂਚਾ ਏ.ਆਈ., ਬਾਇਓਟੈਕਨਾਲੋਜੀ ਅਤੇ ਪ੍ਰਮਾਣੂ ਤਕਨਾਲੋਜੀ ਦੇ ਯੁੱਗ ਵਿੱਚ ਅਨਮੋਲ ਹੈ।

**(ਸ)** ਗਲੋਬਲ ਭਾਸ਼ਣ ਅਤੇ ਜਨਤਕ ਚਰਚਾਵਾਂ- ਲੋਕਤੰਤਰ, ਮਨੁੱਖੀ ਅਧਿਕਾਰ, ਟਿਕਾਊ ਵਿਕਾਸ ਅਤੇ ਵਿਗਿਆਨਕ ਚੁਣੌਤੀਆਂ ਬਾਰੇ ਵਿਸ਼ਵ ਰਾਏ ਨੂੰ ਆਕਾਰ ਦਿੰਦੀਆਂ ਹਨ। ਵਿਜੇਤਾ ਵਿਦਿਅਕ, ਨੈਤਿਕ ਅਤੇ ਰਾਜਨੀਤਿਕ ਬਹਿਸਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਅਧਿਕਾਰਤ ਆਵਾਜ਼ਾਂ ਬਣ ਜਾਂਦੇ ਹਨ।

## ਇੱਕੀਵੀਂ ਸਦੀ 'ਚ ਨੋਬਲ ਇਨਾਮ ਨੂੰ ਨਵੀਆਂ ਚੁਣੌਤੀਆਂ ਅਤੇ ਵਿਕਸਤ ਹੋ ਰਹੀ ਸਾਰਥਕਤਾ

**(ੳ) ਵਿਗਿਆਨਕ ਜਟਿਲਤਾ ਅਤੇ ਇਨਾਮ ਸੀਮਾਵਾਂ:** ਅੱਜ ਬਹੁਤ ਸਾਰੀਆਂ ਸਫਲਤਾਵਾਂ ਵੱਡੀਆਂ ਗਲੋਬਲ ਟੀਮਾਂ (ਜਿਵੇਂ ਕਿ ਮਨੁੱਖੀ ਜੀਨੋਮ ਪ੍ਰੋਜੈਕਟ, CERN) ਦਾ ਨਤੀਜਾ ਹਨ। ਫਿਰ ਵੀ ਨੋਬਲ ਨਿਯਮ ਪ੍ਰਤੀ ਇਨਾਮ ਵੱਧ ਤੋਂ ਵੱਧ ਤਿੰਨ ਵਿਅਕਤੀਆਂ ਤੱਕ ਸੀਮਤ ਕਰਦੇ ਹਨ। ਇਹ ਇਨਾਮ ਦੀ ਆਧੁਨਿਕ ਵਿਗਿਆਨਕ ਸਹਿਯੋਗ ਨੂੰ ਦਰਸਾਉਣ ਦੀ ਯੋਗਤਾ ਨੂੰ ਚੁਣੌਤੀ ਦਿੰਦਾ ਹੈ।

**(ਅ)** ਹਾਲਾਂਕਿ ਜਨਸੰਖਿਆ ਅਤੇ ਭੂਗੋਲਿਕ ਅਸਮਾਨਤਾਵਾਂ ਸਬੰਧੀ ਸੁਧਾਰ ਹੋ ਰਿਹਾ ਹੈ, ਨੋਬਲ ਪੁਰਸਕਾਰ ਅਜੇ ਵੀ

*ਔਰਤਾਂ ਦੀ ਘੱਟ ਪ੍ਰਤੀਨਿਧਤਾ

*ਗਲੋਬਲ ਦੱਖਣੀ ਯੋਗਦਾਨਾਂ ਦੀ ਘੱਟ ਪਛਾਣ

*ਅਕਾਦਮਿਕ ਬੁਨਿਆਦੀ ਢਾਂਚੇ ਵਿੱਚ ਪੱਛਮੀ ਦਬਦਬਾ

*ਢਾਂਚਾਗਤ ਸੁਧਾਰਾਂ ਲਈ ਲਗਾਤਾਰ ਮੰਗਾਂ ਨੂੰ ਦਰਸਾਉਂਦਾ ਹੈ।

**(ੲ) ਇੱਕ ਧਰੁਵੀਕ੍ਰਿਤ ਸੰਸਾਰ ਵਿੱਚ ਅਧਿਕਾਰ ਬਣਾਈ ਰੱਖਣਾ:** ਸ਼ਾਂਤੀ ਪੁਰਸਕਾਰ ਖਾਸ ਤੌਰ 'ਤੇ ਭੂ-ਰਾਜਨੀਤਿਕ ਤਣਾਅ ਦੇ ਵਿਚਕਾਰ ਨਿਰਪੱਖ ਦਿਖਾਈ ਦੇਣ ਦੀ ਚੁਣੌਤੀ ਦਾ ਸਾਹਮਣਾ ਕਰਦਾ ਹੈ। ਇਸ ਲਈ ਇਨਾਮ ਦੇ ਭਵਿੱਖ ਦੇ ਪ੍ਰਭਾਵ ਲਈ ਨੈਤਿਕ ਭਰੋਸੇਯੋਗਤਾ ਬਣਾਈ ਰੱਖਣਾ ਜ਼ਰੂਰੀ ਹੈ।

## ਸਿੱਟਾ

ਨੋਬਲ ਪ੍ਰਾਈਜ਼ ਇੱਕ ਪੁਰਸਕਾਰ ਤੋਂ ਪਰੇ ਇੱਕ ਵਿਰਾਸਤ ਹੈ। ਇਹ ਪੁਰਸਕਾਰ ਇੱਕ ਸਨਮਾਨ ਤੋਂ ਵੱਧ ਹੈ- ਇਹ ਮਨੁੱਖਤਾ ਦੀਆਂ ਸਭ ਤੋਂ ਉੱਚੀਆਂ ਇੱਛਾਵਾਂ ਦਾ ਪ੍ਰਤੀਕ ਹੈ। ਐਲਫ੍ਰੇਡ ਨੋਬਲ ਦੀ ਆਪਣੀ ਵਿਰਾਸਤ ਨਾਲ ਨਿੱਜੀ ਗਣਨਾ ਤੋਂ ਉਤਪੰਨ ਹੋਇਆ ਇਹ ਪੁਰਸਕਾਰ ਇੱਕ ਵਿਸ਼ਵਵਿਆਪੀ ਸੰਸਥਾ ਵਿੱਚ ਵਿਕਸਤ ਹੋਇਆ ਹੈ, ਜੋ ਸੱਭਿਅਤਾ ਨੂੰ ਤਰੱਕੀ, ਸ਼ਾਂਤੀ ਅਤੇ ਗਿਆਨ ਵੱਲ ਸੇਧਿਤ ਕਰਦਾ ਹੈ। ਨੋਬਲ ਪੁਰਸਕਾਰ ਦਾ ਪ੍ਰਭਾਵ:

•ਵਿਗਿਆਨਕ ਇਨਕਲਾਬ

•ਡਾਕਟਰੀ ਚਮਤਕਾਰ

•ਸਾਹਿਤਕ ਮਾਸਟਰਪੀਸ

•ਸਮਾਜਿਕ ਨਿਆਂ ਅੰਦੋਲਨ


•ਵਿਸ਼ਵ ਸ਼ਾਂਤੀ ਨਿਰਮਾਣ

•ਨੀਤੀਗਤ ਤਬਦੀਲੀਆਂ

•ਉੱਭਰ ਰਹੀਆਂ ਤਕਨਾਲੋਜੀਆਂ ਵਿੱਚ ਨੈਤਿਕ ਮਾਰਗਦਰਸ਼ਨ ਵਿੱਚ ਦੇਖਿਆ ਜਾ ਸਕਦਾ ਹੈ।

ਇੱਕ ਸਦੀ ਤੋਂ ਵੱਧ ਸਮੇਂ ਤੋਂ ਨੋਬਲ ਪੁਰਸਕਾਰ ਇਸ ਵਿਸ਼ਵਾਸ ਦੇ ਪ੍ਰਮਾਣ ਵਜੋਂ ਖੜ੍ਹਾ ਰਿਹਾ ਹੈ ਕਿ ਮਨੁੱਖੀ ਰਚਨਾਤਮਕਤਾ ਅਤੇ ਨੈਤਿਕ ਹਿੰਮਤ ਸੱਭਿਅਤਾ ਨੂੰ ਉੱਚਾ ਚੁੱਕ ਸਕਦੀ ਹੈ। ਇਹ ਯਾਦ ਦਿਵਾਉਂਦਾ ਹੈ ਕਿ ਟਕਰਾਅ ਜਾਂ ਨਿਰਾਸ਼ਾ ਦੇ ਸਮੇਂ ਵਿੱਚ ਵੀ ਦੁਨੀਆ ਅਜਿਹੇ ਵਿਅਕਤੀਆਂ ਅਤੇ ਵਿਚਾਰਾਂ ਨੂੰ ਪੈਦਾ ਕਰਨਾ ਜਾਰੀ ਰੱਖਦੀ ਹੈ, ਜੋ ਮਾਰਗ ਨੂੰ ਰੌਸ਼ਨ ਕਰਨ ਦੇ ਸਮਰੱਥ ਹੁੰਦੇ ਹਨ।

# ਅਣੂ ਪਿੰਜਰਿਆਂ ਦੇ ਆਰਕੀਟੈਕਟ ਨੂੰ ਰਸਾਇਣ ਵਿਗਿਆਨ ਦਾ ਨੋਬਲ



ਸੁਸੁਮੂ ਕਿਤਾਗਾਵਾ, ਰਿਚਰਡ ਰੌਬਸਨ ਅਤੇ ਓਮਰ ਐਮ. ਯਾਗੀ

2025 ਦਾ ਰਸਾਇਣ ਵਿਗਿਆਨ ਦਾ ਨੋਬਲ ਪੁਰਸਕਾਰ ਤਿੰਨ ਵਿਗਿਆਨੀਆਂ- ਸੁਸੁਮੂ ਕਿਤਾਗਾਵਾ (ਕਿਓਟੋ ਯੂਨੀਵਰਸਿਟੀ, ਜਾਪਾਨ), ਰਿਚਰਡ ਰੌਬਸਨ (ਯੂਨੀਵਰਸਿਟੀ ਆਫ਼ ਮੈਲਬੌਰਨ, ਆਸਟ੍ਰੇਲੀਆ), ਅਤੇ ਓਮਰ ਐਮ. ਯਾਗੀ (ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ, ਅਮਰੀਕਾ)- ਨੂੰ 'ਧਾਤੂ-ਜੈਵਿਕ ਢਾਂਚੇ ਦੇ ਵਿਕਾਸ ਲਈ' ਦਿੱਤਾ ਗਿਆ। ਇਨ੍ਹਾਂ ਪੁਰਸਕਾਰ ਜੇਤੂਆਂ ਨੂੰ 'ਅਣੂ ਪਿੰਜਰਿਆਂ ਦੇ ਆਰਕੀਟੈਕਟ' ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੇ ਅਣੂ ਆਰਕੀਟੈਕਚਰ ਦਾ ਇੱਕ ਨਵਾਂ ਰੂਪ ਬਣਾਉਣ ਵਿੱਚ ਮੋਹਰੀ ਕੰਮ ਕੀਤਾ ਹੈ, ਜਿਸਨੇ ਪਦਾਰਥ ਵਿਗਿਆਨ ਵਿੱਚ ਕ੍ਰਾਂਤੀਕਾਰੀ ਐਪਲੀਕੇਸ਼ਨਾਂ ਖੋਲ੍ਹੀਆਂ ਹਨ। ਸਫਲਤਾ: ਧਾਤੂ-ਜੈਵਿਕ ਢਾਂਚੇ (MOFs) ਇਹ ਇਨਾਮ ਧਾਤੂ-ਆਰਗੈਨਿਕ ਫਰੇਮਵਰਕ (MOFs) ਦੇ ਵਿਕਾਸ ਨੂੰ ਮਾਨਤਾ ਦਿੰਦਾ ਹੈ, ਜੋ ਕਿ ਦੋ ਮੁੱਖ ਹਿੱਸਿਆਂ ਤੋਂ ਬਣੇ ਕ੍ਰਿਸਟਲਿਨ, ਪੋਰਸ ਸਮੱਗਰੀ ਹਨ: ਧਾਤੂ ਆਇਨ ਜਾਂ ਧਾਤੂ ਆਇਨਾਂ ਦੇ ਸਮੂਹ।

ਜੈਵਿਕ ਅਣੂ, ਜੋ ਲਿੰਕਰਾਂ ਵਜੋਂ ਕੰਮ ਕਰਦੇ ਹਨ, ਜਦੋਂ ਇਹ ਹਿੱਸੇ ਇਕੱਠੇ ਕੀਤੇ ਜਾਂਦੇ ਹਨ ਤਾਂ ਇਹ ਆਪਣੇ ਆਪ ਵਿੱਚ ਗੁੰਝਲਦਾਰ, ਪਿੰਜਰੇ ਵਰਗੇ 3D ਢਾਂਚੇ ਵਿੱਚ ਇਕੱਠੇ ਹੋ ਜਾਂਦੇ ਹਨ, ਜਿਨ੍ਹਾਂ ਵਿੱਚ ਵਿਸ਼ਾਲ ਅੰਦਰੂਨੀ ਖੱਡਾਂ ਹੁੰਦੀਆਂ ਹਨ, ਜਾਂ 'ਰਸਾਇਣ ਵਿਗਿਆਨ ਲਈ ਕਮਰੇ' ਹੁੰਦੇ ਹਨ, ਜਿਨ੍ਹਾਂ ਵਿੱਚੋਂ ਗੈਸਾਂ ਅਤੇ ਹੋਰ ਰਸਾਇਣ ਵਹਿ ਸਕਦੇ ਹਨ। ਇਹ ਥਾਵਾਂ ਆਮ ਤੌਰ 'ਤੇ ਵੱਡੀਆਂ ਅਤੇ ਟਿਊਨੇਬਲ ਹੁੰਦੀਆਂ ਹਨ, ਜੋ MOF ਨੂੰ ਅਣੂਆਂ ਨੂੰ ਕੈਪਚਰ ਕਰਨ, ਸਟੋਰ ਕਰਨ ਅਤੇ ਵੱਖ ਕਰਨ ਲਈ ਬਹੁਤ ਉਪਯੋਗੀ ਬਣਾਉਂਦੀਆਂ ਹਨ। ਜੇਤੂਆਂ ਦੇ ਮੁੱਖ ਯੋਗਦਾਨ ਜਦੋਂ ਕਿ ਇਹ ਕੰਮ ਸਾਲਾਂ ਦੀ ਮਿਆਦ ਵਿੱਚ ਵੱਖਰੇ ਤੌਰ 'ਤੇ ਕੀਤਾ ਗਿਆ ਸੀ, ਤਿੰਨਾਂ ਵਿਗਿਆਨੀਆਂ ਨੇ MOF ਰਸਾਇਣ ਵਿਗਿਆਨ ਲਈ ਸਥਿਰ ਨੀਂਹ ਰੱਖੀ।

ਰਿਚਰਡ ਰੌਬਸਨ (1989 ਤੋਂ ਸ਼ੁਰੂ) ਨੂੰ ਪਹਿਲਾ ਧਾਤੂ-ਜੈਵਿਕ ਢਾਂਚਾ ਬਣਾਉਣ ਦਾ ਸਿਹਰਾ ਜਾਂਦਾ ਹੈ। ਉਸਨੇ ਦਿਖਾਇਆ ਕਿ ਧਾਤੂ ਆਇਨਾਂ ਨੂੰ ਇੱਕ ਬਹੁ-ਹਥਿਆਰਬੰਦ ਜੈਵਿਕ ਅਣੂ ਨਾਲ ਜੋੜਨ ਨਾਲ ਤਰਕਸੰਗਤ ਤੌਰ 'ਤੇ ਇੱਕ ਬਹੁਤ ਹੀ ਕ੍ਰਮਬੱਧ, ਵਿਸ਼ਾਲ ਕ੍ਰਿਸਟਲ ਬਣਾਇਆ ਜਾ ਸਕਦਾ ਹੈ। ਹਾਲਾਂਕਿ ਉਸਦੇ ਸ਼ੁਰੂਆਤੀ ਨਿਰਮਾਣ ਅਸਥਿਰ ਸਨ, ਉਸਨੇ ਤੁਰੰਤ ਕਸਟਮ-ਬਣਾਈਆਂ ਸਮੱਗਰੀਆਂ ਅਤੇ ਉਤਪ੍ਰੇਰਕ ਲਈ ਸਮੱਗਰੀ ਦੀ ਸੰਭਾਵਨਾ ਨੂੰ ਪਛਾਣ ਲਿਆ।

ਸੁਸੁਮੂ ਕਿਤਾਗਾਵਾ (1992 ਤੋਂ ਸ਼ੁਰੂ) ਨੇ ਬਾਅਦ ਵਿੱਚ ਇਹ ਦਿਖਾ ਕੇ ਯੋਗਦਾਨ ਪਾਇਆ ਕਿ MOFs ਨੂੰ ਸਥਿਰ ਅਤੇ ਕਾਰਜਸ਼ੀਲ ਹੋਣ ਲਈ ਡਿਜ਼ਾਈਨ ਕੀਤਾ ਜਾ ਸਕਦਾ ਹੈ, ਜਿਸ ਨਾਲ ਗੈਸਾਂ ਨੂੰ ਢਾਂਚੇ ਦੇ ਢਹਿਣ ਤੋਂ ਬਿਨਾ ਅੰਦਰ ਅਤੇ ਬਾਹਰ ਸੁਤੰਤਰ ਰੂਪ ਵਿੱਚ ਵਹਿਣ ਦਿੱਤਾ ਜਾ ਸਕਦਾ ਹੈ। ਉਸਨੇ ਇਹ ਵੀ ਭਵਿੱਖਬਾਣੀ ਕੀਤੀ ਅਤੇ ਬਾਅਦ ਵਿੱਚ ਲਚਕਦਾਰ MOFs ਨੂੰ ਵਿਕਸਤ ਕਰਨ ਵਿੱਚ ਮਦਦ ਕੀਤੀ, ਜੋ ਵੱਖ-ਵੱਖ ਅਣੂਆਂ ਨੂੰ ਸੋਖਣ ਅਤੇ ਛੱਡਣ ਲਈ ਆਕਾਰ ਬਦਲ ਸਕਦੇ ਹਨ- ਪ੍ਰਭਾਵਸ਼ਾਲੀ ਢੰਗ ਨਾਲ ਉਨ੍ਹਾਂ ਨੂੰ 'ਸਾਹ' ਲੈਂਦੇ ਹਨ।

ਓਮਰ ਐਮ. ਯਾਗੀ (1995 ਤੋਂ ਸ਼ੁਰੂ ਕਰਦੇ ਹੋਏ) ਨੇ ਬਹੁਤ ਹੀ ਸਥਿਰ ਅਤੇ ਮਜ਼ਬੂਤ MOF ਬਣਾਉਣ 'ਤੇ ਧਿਆਨ ਕੇਂਦਰਿਤ ਕੀਤਾ, ਜੋ ਉੱਚ ਤਾਪਮਾਨ ਅਤੇ ਦਬਾਅ ਦਾ ਸਾਹਮਣਾ ਕਰ ਸਕਦੇ ਹਨ। ਉਸਨੇ ਇਹ ਵੀ ਦਿਖਾਇਆ ਕਿ ਇਨ੍ਹਾਂ ਢਾਂਚਿਆਂ ਨੂੰ ਤਰਕਸ਼ੀਲ ਡਿਜ਼ਾਈਨ ਦੀ ਵਰਤੋਂ ਕਰਕੇ ਸੋਧਿਆ ਜਾ ਸਕਦਾ ਹੈ ਤਾਂ ਜੋ ਉਨ੍ਹਾਂ ਨੂੰ ਨਵੇਂ ਅਤੇ ਲੋੜੀਂਦੇ ਗੁਣ ਮਿਲ ਸਕਣ। ਯਾਗੀ ਨੂੰ 'ਧਾਤੂ-ਜੈਵਿਕ ਢਾਂਚਾ' ਸ਼ਬਦ ਬਣਾਉਣ ਦਾ ਸਿਹਰਾ ਵੀ ਦਿੱਤਾ ਜਾਂਦਾ ਹੈ। ਇਨਕਲਾਬੀ ਐਪਲੀਕੇਸ਼ਨਾਂ ਆਪਣੇ ਸ਼ੁਰੂਆਤੀ ਵਿਕਾਸ ਤੋਂ ਲੈ ਕੇ, ਰਸਾਇਣ ਵਿਗਿਆਨੀਆਂ ਨੇ ਹਜ਼ਾਰਾਂ ਵੱਖ-ਵੱਖ MOF ਬਣਾਏ ਹਨ; ਹਰੇਕ ਨੂੰ ਇੱਕ ਖਾਸ ਕੰਮ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੀ ਵਿਲੱਖਣ ਪੋਰਸ ਬਣਤਰ ਮਨੁੱਖਜਾਤੀ ਦੀਆਂ ਕੁਝ ਸਭ ਤੋਂ ਵੱਡੀਆਂ ਚੁਣੌਤੀਆਂ ਦੇ ਹੱਲ ਪੇਸ਼ ਕਰਦੀ ਹੈ: ਐਪਲੀਕੇਸ਼ਨ - ਵੇਰਵਾ - ਕਾਰਬਨ ਕੈਪਚਰ।

MOFs ਨੂੰ ਉਦਯੋਗਿਕ ਨਿਕਾਸ ਜਾਂ ਇੱਥੋਂ ਤੱਕ ਕਿ ਵਾਯੂਮੰਡਲ ਤੋਂ ਵੱਡੀ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ($CO_2$) ਨੂੰ ਚੋਣਵੇਂ ਰੂਪ ਵਿੱਚ ਕੈਪਚਰ ਕਰਨ ਅਤੇ ਸਟੋਰ ਕਰਨ ਲਈ ਅਨੁਕੂਲਿਤ-ਡਿਜ਼ਾਈਨ ਕੀਤਾ ਜਾ ਸਕਦਾ ਹੈ, ਜੋ ਜਲਵਾਯੂ ਪਰਿਵਰਤਨ ਵਿਰੁੱਧ ਲੜਾਈ ਵਿੱਚ ਸਹਾਇਤਾ ਕਰਦਾ ਹੈ। ਪਾਣੀ ਦੀ ਸੰਭਾਲ - ਖਾਸ MOF ਘੱਟ ਨਮੀ ਵਾਲੀ ਮਾਰੂਥਲ ਦੀ ਹਵਾ ਤੋਂ ਪਾਣੀ ਸੋਖ ਸਕਦੇ ਹਨ ਅਤੇ ਫਿਰ ਇਸਨੂੰ ਸੂਰਜੀ ਗਰਮੀ ਦੀ ਵਰਤੋਂ ਕਰਕੇ ਛੱਡ ਸਕਦੇ ਹਨ, ਜੋ ਸੁੱਕੇ ਖੇਤਰਾਂ ਵਿੱਚ ਤਾਜ਼ਾ ਪੀਣ ਵਾਲਾ ਪਾਣੀ ਪੈਦਾ ਕਰਨ ਦਾ ਇੱਕ ਨਵਾਂ ਤਰੀਕਾ ਪ੍ਰਦਾਨ ਕਰਦੇ ਹਨ। ਗੈਸ ਸਟੋਰੇਜ - ਵੱਡਾ ਅੰਦਰੂਨੀ ਸਤਹ ਖੇਤਰ MOFs ਨੂੰ ਹਾਈਡ੍ਰੋਜਨ ਅਤੇ ਮੀਥੇਨ ਵਰਗੇ ਬਾਲਣਾਂ ਨੂੰ ਕੁਸ਼ਲਤਾ ਨਾਲ ਸਟੋਰ ਕਰਨ ਦੀ ਆਗਿਆ ਦਿੰਦਾ ਹੈ, ਜੋ ਕਿ ਸਾਫ਼ ਊਰਜਾ ਪ੍ਰਣਾਲੀਆਂ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਪ੍ਰਦੂਸ਼ਕ ਕੱਢਣਾ - MOFs ਦੀ ਵਰਤੋਂ ਪਾਣੀ ਵਿੱਚੋਂ ਜ਼ਹਿਰੀਲੇ ਪਦਾਰਥਾਂ, ਜਿਵੇਂ ਕਿ 'ਸਦਾ ਲਈ ਰਸਾਇਣ' (PFAS) ਅਤੇ ਫਾਰਮਾਸਿਊਟੀਕਲ ਟਰੇਸ, ਨੂੰ ਕੱਢਣ ਲਈ ਕੀਤੀ ਜਾ ਸਕਦੀ ਹੈ। ਉਤਪ੍ਰੇਰਕ - ਅੰਦਰੂਨੀ ਖੋੜਾਂ ਖਾਸ ਰਸਾਇਣਕ ਪ੍ਰਤੀਕ੍ਰਿਆਵਾਂ ਨੂੰ ਤੇਜ਼ ਕਰਨ ਜਾਂ ਨਿਯੰਤਰਣ ਕਰਨ ਲਈ ਨੈਨੋ-ਸਕੇਲ ਪ੍ਰਤੀਕ੍ਰਿਆ ਨਾੜੀਆਂ ਵਜੋਂ ਕੰਮ ਕਰ ਸਕਦੀਆਂ ਹਨ। ਕਿਤਾਗਾਵਾ, ਰੌਬਸਨ, ਅਤੇ ਯਾਗੀ ਦੇ ਕੰਮ ਨੇ ਸਮੱਗਰੀ ਵਿਗਿਆਨ ਨੂੰ ਬਦਲ ਦਿੱਤਾ ਹੈ, MOFs ਨੂੰ ਰਸਾਇਣਕ ਉਤਸੁਕਤਾ ਤੋਂ ਇੱਕ ਬਹੁਤ ਹੀ ਉਪਯੋਗੀ ਅਤੇ ਬਹੁਪੱਖੀ ਸ਼੍ਰੇਣੀ ਵਿੱਚ ਬਦਲ ਦਿੱਤਾ ਹੈ, ਜਿਸ ਵਿੱਚ ਬਹੁਤ ਜ਼ਿਆਦਾ ਵਪਾਰਕ ਅਤੇ ਵਾਤਾਵਰਣਕ ਸੰਭਾਵਨਾਵਾਂ ਹਨ।

# ਨਿੱਕੇ-ਨਿੱਕੇ ਕਦਮ ਬਣਦੇ ਨੇ ਵੱਡੀਆਂ ਮੰਜ਼ਿਲਾਂ ਸਰ ਕਰਨ ਦਾ ਜ਼ਰੀਆ

ਵਿਚਾਰ

**ਅਸ਼ਵਨੀ ਚਤਰਥ**
ਫੋਨ:+91-6284220595



ਜ਼ਿੰਦਗੀ 'ਚ ਅਕਸਰ ਵੱਡੇ ਟੀਚਿਆਂ ਦੀ ਪੂਰਤੀ ਦੀ ਸ਼ੁਰੂਆਤ ਛੋਟੇ-ਛੋਟੇ ਕਦਮਾਂ ਨਾਲ ਹੀ ਹੁੰਦੀ ਹੈ। ਕੀਤੇ ਗਏ ਨਿੱਕੇ-ਨਿੱਕੇ ਸੁਧਾਰ ਮਿਲ ਕੇ ਹੀ ਵੱਡੇ ਪ੍ਰਭਾਵ ਪੈਦਾ ਕਰਦੇ ਹਨ। ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਕਿ ਜੇਕਰ ਕਿਸੇ ਵੱਡੇ ਕੰਮ ਨੂੰ ਛੋਟੇ-ਛੋਟੇ ਹਿੱਸਿਆਂ ਵਿੱਚ ਵੰਡ ਕੇ ਕਰ ਲਿਆ ਜਾਏ ਤਾਂ ਕੰਮ ਆਸਾਨ ਹੋ ਜਾਂਦਾ ਹੈ। ਮਨੋਵਿਗਿਆਨਕ ਤੌਰ 'ਤੇ ਵੀ ਛੋਟੀਆਂ-ਛੋਟੀਆਂ ਪ੍ਰਾਪਤੀਆਂ ਆਦਮੀ ਦੇ ਮਨੋਬਲ ਨੂੰ ਤਕੜਾ ਕਰਦੀਆਂ ਹਨ ਅਤੇ ਇਸੇ ਮਜ਼ਬੂਤ ਮਨੋਬਲ ਦੇ ਆਸਰੇ ਆਦਮੀ ਵੱਡੀਆਂ ਚੁਣੌਤੀਆਂ ਨੂੰ ਪਾਰ ਕਰ ਸਕਦਾ ਹੈ। ਇਸ ਲਈ ਜ਼ਿੰਦਗੀ 'ਚ ਕਿਸੇ ਵੀ ਕੰਮ ਵਿੱਚ ਪਰਿਪੱਕਤਾ ਹਾਸਲ ਕਰਨ ਲਈ ਹਮੇਸ਼ਾ ਸ਼ੁਰੂਆਤ ਨਿੱਕੇ ਕਦਮਾਂ ਨਾਲ ਹੀ ਕਰਨੀ ਚਾਹੀਦੀ ਹੈ। ਹਕੀਕੀ ਜ਼ਿੰਦਗੀ ਦੀ ਇਹ ਵੀ ਵਾਸਤਵਿਕਤਾ ਹੈ ਕਿ ਕਦੀ ਵੀ ਕੋਈ ਆਦਮੀ ਆਪਣੇ ਖੇਤਰ ਵਿੱਚ ਪੂਰੀ ਤਰ੍ਹਾਂ ਪਰਿਪੱਕ ਨਹੀਂ ਹੁੰਦਾ, ਭਾਵ ਉਸ ਵਿੱਚ ਕੁਝ ਨਾ ਕੁਝ ਸੁਧਾਰ ਕੀਤੇ ਜਾਣ ਦੀ ਸੰਭਾਵਨਾ ਰਹਿੰਦੀ ਹੀ ਰਹਿੰਦੀ ਹੈ। ਇਸ ਲਈ ਸਾਨੂੰ ਜ਼ਿੰਦਗੀ ਵਿੱਚ ਲਗਾਤਾਰ ਆਪਣੀਆਂ ਊਣਤਾਈਆਂ ਨੂੰ ਦੂਰ ਕਰਦੇ ਰਹਿਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਸਾਡੀ ਜ਼ਿੰਦਗੀ 'ਚੋਂ ਨਿਰਾਸ਼ਾ ਘਟਦੀ ਹੈ ਅਤੇ ਸਰੀਰ ਅੰਦਰ ਨਵੀਂ ਤੇ ਉਸਾਰੂ ਊਰਜਾ ਦਾ ਪ੍ਰਵਾਹ ਹੁੰਦਾ ਹੈ ਅਤੇ ਜ਼ਿਦਗੀ ਨੂੰ ਜ਼ਿੰਦਾਦਿਲੀ ਨਾਲ ਜਿਊਣ ਦੀ ਤੇ ਸਮਾਜ ਲਈ ਕੁਝ ਚੰਗਾ ਕਰਨ ਦੀ ਇੱਛਾ ਪੈਦਾ ਹੁੰਦੀ ਹੈ। ਇੱਥੇ ਬਾਲੀਵੁੱਡ ਦੇ ਸਿਤਾਰੇ ਆਮਿਰ ਖਾਂ ਦਾ ਜ਼ਿਕਰ ਕਰਨਾ ਬਣਦਾ ਹੈ। ਉਹ ਫ਼ਿਲਮ ਇੰਡਸਟਰੀ ਦਾ ਇੱਕ ਚੋਟੀ ਦਾ ਅਭਿਨੇਤਾ, ਨਾਮਵਰ ਨਿਰਦੇਸ਼ਕ ਅਤੇ ਇੱਕ ਉੱਘਾ ਫ਼ਿਲਮ ਨਿਰਮਾਤਾ ਹੈ। ਉਸ ਨੂੰ ਫ਼ਿਲਮ ਜਗਤ ਦਾ 'ਮਿਸਟਰ ਪਰਫੈਕਸ਼ਨਿਸਟ' ਭਾਵ ਕਿ ਆਪਣੇ ਖੇਤਰ ਦੀਆਂ ਸਭਨਾਂ ਕਲਾਵਾਂ ਵਿੱਚ ਪਰਿਪੱਕ ਸ਼ਖ਼ਸੀਅਤ ਵਾਲਾ ਸਿਤਾਰਾ ਆਖਿਆ ਜਾਂਦਾ ਹੈ; ਪਰ ਉਸ ਦਾ ਵੀ ਇਹ ਕਹਿਣਾ ਹੈ ਕਿ ਉਹ ਵੀ ਰੋਜ਼ਾਨਾ ਨਵੇਂ ਤੋਂ ਨਵੇਂ ਲੋਕਾਂ ਨੂੰ ਮਿਲਦਾ ਹੈ ਅਤੇ ਉਨ੍ਹਾਂ ਕੋਲੋਂ ਕੁਝ ਨਵੇਂ ਤੋਂ ਨਵਾਂ ਸਿੱਖਣ ਦੀ ਕੋਸ਼ਿਸ਼ ਕਰਦਾ ਹੈ।

ਜ਼ਿੰਦਗੀ ਵਿੱਚ ਪਰਿਪੱਕਤਾ ਹਾਸਿਲ ਕਰਨ ਲਈ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਹਾਂ-ਪੱਖੀ ਨਜ਼ਰੀਏ ਨਾਲ ਤੱਕਣਾ ਚਾਹੀਦਾ ਹੈ। ਜਿਵੇਂ ਚੜ੍ਹਦਾ ਸੂਰਜ, ਚੱਲਦੇ ਫਿਰਦੇ ਬੱਦਲ ਅਤੇ ਆਲੇ-ਦੁਆਲੇ ਫੈਲੀ ਹੋਈ ਹਰਿਆਵਲ ਆਦਮੀ ਵਿੱਚ ਨਵਾਂ ਉਤਸ਼ਾਹ ਪੈਦਾ ਕਰਦੀ ਹੈ। ਇਨ੍ਹਾਂ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਮਨ ਨਾਲ ਇੱਕ-ਮਿੱਕ ਕਰ ਕੇ ਆਪਣੇ ਅੰਦਰ ਨਵਾਂ ਜੋਸ਼ ਜਗਾਉਣਾ ਚਾਹੀਦਾ ਹੈ। ਕਿਸੇ ਛੋਟੇ ਬੱਚੇ ਦੇ ਚਿਹਰੇ ਦੀ ਕੋਮਲਤਾ ਅਤੇ ਨਿਰਮਲਤਾ ਮਨੁੱਖ ਅੰਦਰ ਜ਼ਿੰਦਗੀ ਜਿਊਣ ਲਈ ਨਵੀਂ ਤਾਕਤ ਅਤੇ ਨਵਾਂ ਉਤਸ਼ਾਹ ਭਰ ਦਿੰਦੀ ਹੈ। ਜ਼ਿੰਦਗੀ ਵਿੱਚ ਕਈ ਵਾਰ ਸਾਡਾ ਕਿਸੇ ਅਜਿਹੇ ਆਦਮੀ ਨਾਲ ਟਾਕਰਾ ਹੋ ਜਾਂਦਾ ਹੈ, ਜਿਸ ਨੇ ਅਨੇਕਾਂ ਹੀ ਭਾਸ਼ਾਵਾਂ ਸਿੱਖੀਆਂ ਹੋਈਆਂ ਹਨ ਜਾਂ ਕੋਈ ਹੋਰ ਆਦਮੀ ਜਿਸ ਨੇ ਕਿੰਨੀਆਂ ਹੀ ਡਿਗਰੀਆਂ ਹਾਸਲ ਕੀਤੀਆਂ ਹੋਈਆਂ ਹਨ। ਅਜਿਹੇ ਆਦਮੀ ਸਾਡੇ ਅੰਦਰੋਂ ਢਾਹੁੰਦੇ ਵਿਚਾਰਾਂ ਨੂੰ ਬਾਹਰ ਕੱਢ ਕੇ ਸਾਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੇ ਹਨ। ਸਾਨੂੰ ਐਸੇ ਲੋਕਾਂ ਕੋਲੋਂ ਨਵੇਂ ਕੰਮ ਕਰਨ ਦੀ ਪ੍ਰੇਰਣਾ ਵੀ ਮਿਲਦੀ ਹੈ।




ਵਿਦਵਾਨਾਂ ਦਾ ਵੀ ਇਹ ਕਹਿਣਾ ਹੈ ਕਿ ਕੋਈ ਵੀ ਆਦਮੀ ਆਪਣੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਮੁਕੰਮਲ ਤਾਂ ਨਹੀਂ ਬਣ ਸਕਦਾ, ਪਰ ਆਪਣੀਆਂ ਛੋਟੀਆਂ-ਛੋਟੀਆਂ ਕਮੀਆਂ ਨੂੰ ਦੂਰ ਕਰਕੇ ਆਪਣੀਆਂ ਊਣਤਾਈਆਂ ਨੂੰ ਘਟਾਅ ਜ਼ਰੂਰ ਸਕਦਾ ਹੈ। ਇੱਕ ਸਮਾਜਿਕ ਮਨੁੱਖ ਦੀ ਇਹੀ ਇੱਕ ਸੱਚਾਈ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਨਿਰਵਿਘਨ ਤਰੱਕੀ ਕਰਦੇ ਰਹਿਣ ਦੀ ਅਤੇ ਉੱਚੇ ਟੀਚਿਆਂ ਨੂੰ ਪ੍ਰਾਪਤ ਕਰਨ ਦੀ ਲਗਾਤਾਰ ਇੱਛਾ ਕਰਦਾ ਰਹਿੰਦਾ ਹੈ; ਪਰ ਇਹ ਤਾਂ ਹੀ ਸੰਭਵ ਹੈ ਜੇਕਰ ਉਹ ਆਪਣੇ ਅੰਦਰੋਂ ਮਾੜੀਆਂ ਆਦਤਾਂ ਤੋਂ ਛੁਟਕਾਰਾ ਪਾ ਕੇ ਅਤੇ ਚੰਗੀਆਂ ਆਦਤਾਂ ਨੂੰ ਜੀਵਨ ਵਿੱਚ ਧਾਰਨ ਕਰੇ। ਜਿਵੇਂ ਕਿ ਸਾਨੂੰ ਆਪਣੇ ਜੀਵਨ ਵਿੱਚ ਸਿਰਜਾਣਤਮਕਤਾ ਲਿਆਉਣ ਲਈ ਰੋਜ਼ਾਨਾ ਦੀ ਅਕਾਊ ਜ਼ਿੰਦਗੀ ਵਿੱਚ ਨਵੇਂ ਸ਼ੌਕ ਪੈਦਾ ਕਰਨੇ ਚਾਹੀਦੇ ਹਨ- ਜਿਵੇਂ ਪੇਟਿੰਗ ਕਰਨਾ, ਡਾਂਸਿੰਗ, ਤੈਰਾਕੀ, ਬਗੀਚੀ ਸੰਵਾਰਨਾ, ਦੌੜ ਲਗਾਉਣਾ, ਯੋਗਾ ਕਰਨਾ ਆਦਿ। ਅਜਿਹੇ ਸ਼ੌਕ ਸਾਡੀ ਜ਼ਿੰਦਗੀ ਵਿੱਚ ਨਵੀਂ ਊਰਜਾ ਪੈਦਾ ਕਰਦੇ ਹਨ। ਮਨੋ-ਵਿਗਿਆਨੀਆਂ ਦਾ ਇਹ ਪੱਕਾ ਵਿਸ਼ਵਾਸ ਹੈ ਕਿ ਹਰੇਕ ਆਦਮੀ ਵਿੱਚ ਕੋਈ ਨਾ ਕੋਈ ਹੁਨਰ ਤਾਂ ਜ਼ਰੂਰ ਲੁਕਿਆ ਹੁੰਦਾ ਹੈ, ਲੋੜ ਹੁੰਦੀ ਹੈ ਉਸ ਨੂੰ ਪਛਾਣ ਕੇ ਆਪਣੀ ਅਮਲੀ ਜ਼ਿੰਦਗੀ ਵਿੱਚ ਧਾਰਨ ਕਰਨ ਦੀ। ਆਦਮੀ ਨੂੰ ਚਾਹੀਦਾ ਹੈ ਕਿ ਆਪਣੀਆਂ ਕਮੀਆਂ ਨੂੰ ਪਛਾਣ ਕੇ ਉਨ੍ਹਾਂ ਨੂੰ ਸਵੀਕਾਰੇ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੇ।

ਕਾਮਯਾਬ ਲੋਕਾਂ ਦੀ ਜ਼ਿੰਦਗੀ ਦੂਜਿਆਂ ਲਈ ਪ੍ਰੇਰਣਾ ਦਾ ਸ੍ਰੋਤ ਹੁੰਦੀ ਹੈ, ਉਨ੍ਹਾਂ ਕੋਲੋਂ ਸੇਧ ਲੈ ਕੇ ਉਨ੍ਹਾਂ ਦੀਆਂ ਚੰਗੀਆਂ ਆਦਤਾਂ ਨੂੰ ਧਾਰਨ ਕੀਤਾ ਜਾਵੇ। ਬੀਤੇ ਸਮੇਂ ਦੀ ਕਿਸੇ ਵੀ ਮਾੜੀ ਘਟਨਾ ਨੂੰ ਜਲਦੀ ਤੋਂ ਜਲਦੀ ਦਿਮਾਗ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਇਸ ਨਾਲ ਜੀਵਨ ਵਿੱਚੋਂ ਨਾਂਹ-ਪੱਖੀ ਊਰਜਾ ਘੱਟਦੀ ਹੈ ਅਤੇ ਸਰੀਰ ਵਿੱਚ ਸਿਰਜਣਾਤਮਕ ਊਰਜਾ ਦਾਖ਼ਲ ਹੁੰਦੀ ਹੈ। ਮੋਬਾਇਲ ਉੱਤੇ ਚੈਟ ਕਰਨ ਜਾਂ ਵਿਹਲੀਆਂ ਗੱਲਾਂ ਵਿੱਚ ਸਮਾਂ ਖ਼ਰਾਬ ਕਰਨ ਦੀ ਬਜਾਏ ਅਜਿਹੇ ਕਿਸੇ ਮਨਪਸੰਦ ਕੰਮ ਜਾਂ ਕਾਰੋਬਾਰ ਵਿੱਚ ਸਮਾਂ ਬਤੀਤ ਕੀਤਾ ਜਾਵੇ, ਜਿਸ ਨਾਲ ਮਨ ਵੀ ਲੱਗਾ ਰਹੇ ਅਤੇ ਕਮਾਈ ਵੀ ਹੋ ਸਕੇ। ਨਾਂਹ-ਪੱਖੀ ਆਦਤਾਂ ਜਿਵੇਂ ਲੋੜ ਤੋਂ ਵੱਧ ਸੌਣਾ, ਵਿਹਲੇ ਬੈਠੇ ਰਹਿਣਾ, ਕੰਮ ਉੱਤੇ ਲੇਟ ਪਹੁੰਚਣਾ ਅਤੇ ਕੋਈ ਨਸ਼ਾ ਕਰਨਾ ਆਦਿ ਤੋਂ ਛੁਟਕਾਰਾ ਪਾਇਆ ਜਾਵੇ। ਕੋਸ਼ਿਸ਼ ਕੀਤੀ ਜਾਏ ਕਿ ਨਾਂਹ-ਪੱਖੀ ਵਿਚਾਰਾਂ ਅਤੇ ਆਦਤਾਂ ਵਾਲੇ ਲੋਕਾਂ ਦੀ ਸੰਗਤ ਤੋਂ ਜਲਦੀ ਤੋਂ ਜਲਦੀ ਛੁਟਕਾਰਾ ਪਾਇਆ ਜਾਏ। ਅਜਿਹੇ ਲੋਕ ਜੋ ਤੁਹਾਡੇ ਲਈ ਮਾੜੀ ਸੋਚ ਰੱਖਦੇ ਹਨ, ਉਨ੍ਹਾਂ ਦੀ ਗਲਤੀ ਨੂੰ ਭੁਲਾ ਕੇ ਉਨ੍ਹਾਂ ਨਾਲ ਹਮਦਰਦੀ ਰੱਖੀ ਜਾਏ ਅਤੇ ਪ੍ਰੇਮ-ਪਿਆਰ ਵਾਲਾ ਵਤੀਰਾ ਅਖਤਿਆਰ ਕੀਤਾ ਜਾਏ। ਆਲੇ-ਦੁਆਲੇ ਦੇ ਲੋੜਵੰਦ ਲੋਕਾਂ ਨਾਲ ਹਮਦਰਦੀ ਕੀਤੀ ਜਾਏ ਅਤੇ ਸਮਰੱਥਾ ਅਨੁਸਾਰ ਉਨ੍ਹਾਂ ਦੀ ਮਦਦ ਵੀ ਕੀਤੀ ਜਾਏ। ਰੋਜ਼ਾਨਾ ਦੀ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਸੈਰ ਕਰਨਾ, ਕਸਰਤ ਕਰਨਾ, ਜਾਗਿੰਗ ਕਰਨਾ, ਪ੍ਰਮਾਤਮਾ ਵਿੱਚ ਧਿਆਨ-ਬਿਰਤੀ ਲਗਾਉਣਾ, ਚਿੰਤਨ ਕਰਨਾ ਅਤੇ ਜਿੰਮ ਜਾਣਾ ਆਦਿ ਕੰਮਾਂ ਵਿੱਚ ਸਮਾਂ ਬਤੀਤ ਕਰਨ ਨਾਲ ਤਨ-ਮਨ ਵਿੱਚ ਤਾਜ਼ਗੀ ਪੈਦਾ ਹੁੰਦੀ ਹੈ। ਕਿਸੇ ਵੀ ਅਕਾਊ ਕੰਮ ਵਿੱਚ ਲੰਮਾ ਸਮਾਂ ਬਤੀਤ ਕਰਨ ਤੋਂ ਬਾਅਦ ਕੁਝ ਸਮੇਂ ਲਈ ਛੁੱਟੀ ਦਾ ਅਨੰਦ ਲੈਣਾ ਚਾਹੀਦਾ ਹੈ, ਜਿਸ ਨਾਲ ਭਵਿੱਖ ਵਿੱਚ ਕੀਤੇ ਜਾਣ ਵਾਲੇ ਕੰਮਾਂ ਲਈ ਨਵੀਂ ਊਰਜਾ ਮਿਲਦੀ ਹੈ। ਕੋਈ ਨਵੀਂ ਭਾਸ਼ਾ ਸਿੱਖਣ ਨਾਲ ਮਨ ਨੂੰ ਨਵਾਂ ਉਤਸ਼ਾਹ ਪ੍ਰਾਪਤ ਹੁੰਦਾ ਹੈ।

ਰੋਜ਼ਾਨਾ ਇੱਕ ਬੁਰੀ ਆਦਤ ਛੱਡ ਕੇ ਕੋਈ ਉਸਾਰੂ ਕੰਮ ਵਿੱਚ ਧਿਆਨ ਲਗਾਉਣਾ ਚਾਹੀਦਾ ਹੈ। ਔਖੇ ਕੰਮ ਨੂੰ ਸ਼ੁਰੂ ਕਰਨ ਲੱਗਿਆਂ ਉਸ ਦੇ ਨਤੀਜਿਆਂ ਬਾਰੇ ਨਾ ਸੋਚਿਆ ਜਾਏ। ਆਪਣੇ ਆਲੇ-ਦੁਆਲੇ ਦੇ ਪ੍ਰੇਸ਼ਾਨੀ ਦੇਣ ਵਾਲੇ ਲੋਕਾਂ ਨੂੰ ਨਜਿੱਠਣ ਦੀ ਜਾਚ ਸਿੱਖੀ ਜਾਏ ਜਾਂ ਫਿਰ ਉਨ੍ਹਾਂ ਤੋਂ ਦੂਰੀ ਹੀ ਬਣਾ ਕੇ ਰੱਖੀ ਜਾਏ। ਅਜੋਕੇ ਸਮੇਂ ਵਿੱਚ ਤਕਨਾਲੋਜੀ ਹਰ ਰੋਜ਼ ਬਦਲ ਰਹੀ ਹੈ, ਵਿਹਲੇ ਸਮੇਂ ਵਿੱਚ ਰੋਜ਼ਾਨਾ ਤਕਨਾਲੋਜੀ ਦੀ ਕੋਈ ਨਵੀਂ ਗੱਲ ਸਿੱਖੀ ਜਾਏ।

# ਹੈਨਰੀ ਫੋਰਡ, ਬਿਲਗੇਟਸ ਤੇ ਬੋਰਨ ਬੋਫੇਟ ਦੇ ਦਿਮਾਗ ਦਾ ਕਮਾਲ

**ਪ੍ਰਿੰਸੀਪਲ ਵਿਜੈ ਕੁਮਾਰ**
ਫੋਨ: +91-9872627136

ਦੁਨੀਆ ਦੇ ਸਭ ਤੋਂ ਵੱਡੇ ਕਾਰੋਬਾਰੀ ਹੈਨਰੀ ਫੋਰਡ ਦਾ ਦਿਮਾਗ ਬਹੁਤ ਹੀ ਕਮਾਲ ਦਾ ਸੀ। ਉਹ ਹਰ ਕੰਮ ਬਹੁਤ ਹੀ ਸੋਚ ਸਮਝ ਕੇ ਅਤੇ ਵਿਉਂਤਬੰਦੀ ਨਾਲ ਕਰਦਾ ਸੀ। ਉਹ ਆਪਣੇ ਕਾਰਖਾਨੇ ਦੇ ਕਰਮਚਾਰੀਆਂ ਨੂੰ ਸਭ ਤੋਂ ਵੱਧ ਤਨਖਾਹ ਦਿੰਦਾ ਸੀ। ਇੱਕ ਦਿਨ ਇੱਕ ਪੱਤਰਕਾਰ ਨੇ ਉਸਦੇ ਦਫਤਰ 'ਚ ਆ ਕੇ ਉਸ ਨੂੰ ਸਵਾਲ ਕੀਤਾ ਕਿ ਉਹ ਆਪਣੇ ਕਾਰਖਾਨੇ 'ਚ ਸਭ ਤੋਂ ਵੱਧ ਤਨਖਾਹ ਕਿਸ ਨੂੰ ਦਿੰਦੇ ਹਨ? ਹੈਨਰੀ ਫੋਰਡ ਨੇ ਅੱਗੋਂ ਹੱਸ ਕੇ ਕਿਹਾ ਕਿ ਤੁਹਾਨੂੰ ਆਪਣੇ ਇਸ ਸਵਾਲ ਦਾ ਜਵਾਬ ਲੈਣ ਲਈ ਮੇਰੇ ਨਾਲ ਚੱਲਣ ਹੋਵੇਗਾ। ਪੱਤਰਕਾਰ ਹੈਨਰੀ ਫੋਰਡ ਦਾ ਜਵਾਬ ਸੁਣ ਕੇ ਬਹੁਤ ਹੈਰਾਨ ਹੋਇਆ। ਉਹ ਉਸ ਨਾਲ ਚੱਲ ਪਿਆ। ਪੱਤਰਕਾਰ ਨੇ ਵੇਖਿਆ ਕਿ ਪ੍ਰੋਡਕਸ਼ਨ ਰੂਮ 'ਚ ਹਰ ਵਿਅਕਤੀ ਆਪਣੇ ਕੰਮ ਵਿੱਚ ਮਸਰੂਫ ਸੀ। ਹਰ ਪਾਸੇ ਕੰਮ ਚੱਲਣ ਦੀ ਆਵਾਜ਼ ਆ ਰਹੀ ਸੀ। ਪੱਤਰਕਾਰ ਨੇ ਸੋਚਿਆ ਕਿ ਹੈਨਰੀ ਫੋਰਡ ਆਪਣੇ ਉਨ੍ਹਾਂ ਕੰਮ ਕਰਦੇ ਮੁਲਾਜਮਾਂ 'ਚੋਂ ਕਿਸੇ ਇੱਕ ਨੂੰ ਬੁਲਾ ਕੇ ਕਹੇਗਾ ਕਿ ਮੇਰੇ ਕਾਰਖਾਨੇ 'ਚ ਇਹ ਵਿਅਕਤੀ ਸਭ ਤੋਂ ਵੱਧ ਤਨਖਾਹ ਲੈਂਦਾ ਹੈ, ਪਰ ਹੋਇਆ ਉਸਦੀ ਸੋਚ ਤੋਂ ਬਿਲਕੁਲ ਉਲਟ। ਹੈਨਰੀ ਫੋਰਡ ਉਸ ਪੱਤਰਕਾਰ ਨੂੰ ਇੱਕ ਅਜਿਹੇ ਕੈਬਿਨ 'ਚ ਲੈ ਗਿਆ, ਜਿੱਥੇ ਇੱਕ ਵਿਅਕਤੀ ਮੇਜ ਉੱਤੇ ਲੱਤਾਂ ਰੱਖ ਕੇ ਸੁੱਤਾ ਹੋਇਆ ਸੀ। ਉਸਨੇ ਆਪਣੇ ਮੂੰਹ ਉੱਤੇ ਹੈਟ ਰੱਖਿਆ ਹੋਇਆ ਸੀ। ਆਪਣੇ ਕੈਬਿਨ 'ਚ ਆਏ ਆਪਣੇ ਕਾਰਖਾਨੇ ਦੇ ਮਾਲਿਕ ਨੂੰ ਵੇਖ ਕੇ ਉਹ ਉੱਠਿਆ ਤੱਕ ਨਹੀਂ। ਉਸਨੇ ਮੂੰਹ ਤੋਂ ਹੈਟ ਹਟਾ ਕੇ ਕਿਹਾ, ਹੈਲੋ ਹੈਨਰੀ। ਹੈਨਰੀ ਫੋਰਡ ਉਸਦੀ ਹੈਲੋ ਦਾ ਜਵਾਬ ਦੇ ਕੇ ਪੱਤਰਕਾਰ ਨਾਲ ਕੈਬਿਨ ਤੋਂ ਬਾਹਰ ਨਿਕਲ ਆਇਆ। ਉਸਨੇ ਕੈਬਿਨ ਤੋਂ ਬਾਹਰ ਆ ਕੇ ਪੱਤਰਕਾਰ ਨੂੰ ਕਿਹਾ ਕਿ ਮੇਰੇ ਕਾਰਖਾਨੇ 'ਚ ਸਭ ਤੋਂ ਵੱਧ ਤਨਖਾਹ ਇਹ ਵਿਅਕਤੀ ਹੀ ਲੈਂਦਾ ਹੈ।

ਪੱਤਰਕਾਰ ਨੇ ਅੱਗੋਂ ਕਿਹਾ, ਤੁਸੀਂ ਇਸ ਵਿਹਲੇ ਵਿਅਕਤੀ ਨੂੰ ਸਭ ਤੋਂ ਵੱਧ ਤਨਖਾਹ ਕਿਵੇਂ ਦਿੰਦੇ ਹੋ? ਹੈਨਰੀ ਫੋਰਡ ਨੇ ਜਵਾਬ ਦਿੱਤਾ, ਸ੍ਰੀਮਾਨ, ਇਹ ਵਿਅਕਤੀ ਵਿਹਲਾ ਨਹੀਂ ਸਗੋਂ ਮੇਰੇ ਲਈ ਇਹ ਸਭ ਤੋਂ ਵੱਧ ਉਪਯੋਗੀ ਮੁਲਾਜ਼ਮ ਹੈ। ਇਹ ਕੇਵਲ ਸੋਚਦਾ ਹੈ। ਮੈਨੂੰ ਨਵੇਂ-ਨਵੇਂ ਆਈਡੀਏ ਦਿੰਦਾ ਹੈ। ਮੇਰੀ ਕੰਪਨੀ ਦੇ ਸਾਰੇ ਸਿਸਟਮ ਅਤੇ ਕਾਰਾਂ ਦੇ ਨਵੇਂ-ਨਵੇਂ ਮਾਡਲ ਇਸਦੇ ਹੀ ਦਿਮਾਗ ਦਾ ਕਮਾਲ ਹਨ। ਮੈਂ ਇਸਦੇ ਤੇਜ ਦਿਮਾਗ 'ਚੋਂ ਨਿਕਲੇ ਆਈਡੀਏ ਤੋਂ ਕਰੋੜਾਂ ਰੁਪਏ ਕਮਾਉਂਦਾ ਹਾਂ। ਦੁਨੀਆਂ 'ਚ ਸਭ ਤੋਂ ਵੱਧ ਕੀਮਤ ਆਈਡੀਏ ਦੀ ਹੁੰਦੀ ਹੈ। ਬਿਹਤਰ ਆਈਡੀਏ ਲਈ ਸਮਾਂ, ਸ਼ਾਂਤੀ ਅਤੇ ਆਰਥਿਕ ਆਜ਼ਾਦੀ ਦੀ ਲੋੜ ਹੁੰਦੀ ਹੈ, ਜੋ ਕਿ ਮੈਂ ਇਸ ਨੂੰ ਮੁਹੱਈਆ ਕਰਵਾਉਂਦਾ ਹਾਂ।

ਬਿਲਗੇਟਸ ਅਤੇ ਬੋਰਨ ਬੋਫੇਟ ਵੀ ਹੈਨਰੀ ਫੋਰਡ ਵਾਂਗ ਤੇਜ ਦਿਮਾਗ ਦੇ ਕਾਰੋਬਾਰੀ ਸਨ। 120 ਬਿਲੀਅਨ ਡਾਲਰ ਦੇ ਮਾਲਕ ਬੋਰਨ ਬੋਫੇਟ ਨੇ ਆਪਣੀ ਦੌਲਤ ਦਾ ਜ਼ਿਆਦਾਤਰ ਹਿੱਸਾ 60 ਸਾਲ ਦੀ ਉਮਰ 'ਚ ਕਮਾਇਆ, ਜਿਸ ਉਮਰ ਨੂੰ ਲੋਕ ਆਰਾਮ ਕਰਨ ਦੀ ਉਮਰ ਮੰਨਦੇ ਹਨ। ਬੋਰਨ ਬੋਫੇਟ ਦਿਨ 'ਚ ਸਾਢੇ ਚਾਰ ਘੰਟੇ ਪੜ੍ਹਦਾ ਹੈ। ਬਿਲਗੇਟਸ ਹਫਤੇ ਦੀਆਂ ਦੋ ਪੁਸਤਕਾਂ ਪੜ੍ਹਦਾ ਹੈ। ਉਹ ਇੱਕ ਸਾਲ ਵਿੱਚ 80 ਪੁਸਤਕਾਂ ਪੜ੍ਹਦਾ ਹੈ। ਉਹ ਆਪਣੀ ਗੱਡੀ ਖੁਦ ਚਲਾਉਂਦਾ ਹੈ। ਉਹ ਸਮਾਰਟ ਫੋਨ ਦੀ ਬਹੁਤ ਘੱਟ ਵਰਤੋਂ ਕਰਦਾ ਹੈ। ਉਹ ਆਮ ਲੋਕਾਂ ਵਾਂਗ ਕਤਾਰ ਵਿੱਚ ਖੜ੍ਹਾ ਹੋ ਕੇ ਕੌਫੀ ਦਾ ਕੱਪ ਅਤੇ ਬਰਗਰ ਲੈਂਦਾ ਹੈ। ਇੱਕ ਪੱਤਰਕਾਰ ਨੇ ਬਿਲਗੇਟਸ ਨੂੰ ਪੁੱਛਿਆ ਕਿ ਤੁਸੀਂ ਐਨੇ ਵੱਡੇ ਵਿਅਕਤੀ ਹੋਣ ਦੇ ਬਾਵਜੂਦ ਆਮ ਲੋਕਾਂ ਵਾਂਗ ਕਤਾਰ ਵਿੱਚ ਖੜ੍ਹੇ ਹੋ ਕੇ ਕੌਫੀ ਅਤੇ ਬਰਗਰ ਕਿਉਂ ਖਰੀਦਦੇ ਹੋ? ਬਿਲਗੇਟਸ ਨੇ ਬਹੁਤ ਹੀ ਕਮਾਲ ਦਾ ਜਵਾਬ ਦਿੱਤਾ। ਉਸਨੇ ਕਿਹਾ ਕਿ ਮਨੁੱਖ ਨੂੰ ਵੱਡਾ ਪੈਸੇ ਦੀ ਅਮੀਰੀ ਨਹੀਂ ਕਰਦੀ, ਸਗੋਂ ਉਸਦਾ ਆਮ ਲੋਕਾਂ ਵਾਂਗ ਜ਼ਿੰਦਗੀ ਜਿਊਣਾ ਉਸਨੂੰ ਵੱਡਾ ਕਰਦਾ ਹੈ।

---

## ਸੁਕਰਾਤ ਅਤੇ ਮਹਾਤਮਾ ਬੁੱਧ ਦੀਆਂ ਧਿਆਨ ਦੇਣ ਯੋਗ ਗੱਲਾਂ

ਸਾਰੇ ਮਨੁੱਖ ਸਰੀਰਕ ਤੌਰ 'ਤੇ ਵੇਖਣ ਨੂੰ ਇੱਕੋ ਜਿਹੇ ਹੀ ਹੁੰਦੇ ਹਨ, ਪਰ ਉਨ੍ਹਾਂ ਦੇ ਵਿਚਾਰ ਅਤੇ ਉਨ੍ਹਾਂ ਦਾ ਵਿਹਾਰ ਉਨ੍ਹਾਂ ਨੂੰ ਦੂਜੇ ਲੋਕਾਂ ਤੋਂ ਵੱਖਰਾ ਕਰ ਦਿੰਦਾ ਹੈ। ਉਹ ਮਹਾਨ ਬਣ ਕੇ ਪੂਜੇ ਅਤੇ ਸਤਿਕਾਰੇ ਜਾਂਦੇ ਹਨ। ਉਹ ਲੋਕ-ਮਨਾਂ ਵਿੱਚ ਆਪਣੀ ਥਾਂ ਬਣਾ ਲੈਂਦੇ ਹਨ। ਉਨ੍ਹਾਂ ਦੇ ਵਿਚਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣ ਜਾਂਦੇ ਹਨ, ਪਰ ਉਨ੍ਹਾਂ ਮਹਾਨ ਲੋਕਾਂ ਦੇ ਮਹਾਨ ਹੋਣ ਦੀ ਸੱਚਾਈ ਦੁਨੀਆ ਦੇ ਲੋਕਾਂ ਨੂੰ ਉਦੋਂ ਸਮਝ ਆਉਂਦੀ ਹੈ, ਜਦੋਂ ਉਹ ਇਸ ਦੁਨੀਆ ਤੋਂ ਤੁਰ ਜਾਂਦੇ ਹਨ।

ਸੁਕਰਾਤ ਅਤੇ ਮਹਾਤਮਾ ਬੁੱਧ ਵੀ ਇਸ ਧਰਤੀ ਉੱਤੇ ਦੋ ਅਜਿਹੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦੇ ਵਿਚਾਰ ਉਨ੍ਹਾਂ ਦੇ ਗ੍ਰੰਥਾਂ ਵਿੱਚ ਲਿਖੇ ਹੋਏ ਹਨ। ਉਨ੍ਹਾਂ ਦੇ ਪੈਰੋਕਾਰ ਉਨ੍ਹਾਂ ਦੇ ਮਹਾਨ ਵਿਚਾਰਾਂ ਨੂੰ ਆਪਣੇ ਪ੍ਰਵਚਨਾਂ ਰਾਹੀਂ ਲੋਕਾਂ ਤੱਕ ਪਹੁੰਚਾਉਂਦੇ ਹਨ। ਉਨ੍ਹਾਂ ਦੇ ਵਿਚਾਰ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀ ਪੁਸਤਕਾਂ ਵਿੱਚ ਵੀ ਪੜ੍ਹਦੇ ਹਨ। ਸੁਕਰਾਤ ਨੇ ਆਪਣੇ ਚੇਲਿਆਂ ਨੂੰ ਸੁਖੀ ਜ਼ਿੰਦਗੀ ਜਿਊਣ ਦੇ ਕੁਝ ਤੌਰ ਤਰੀਕੇ ਦੱਸੇ, ਜਿਨ੍ਹਾਂ ਉੱਤੇ ਹਰ ਬਸ਼ਰ ਨੂੰ ਆਪਣੀ ਜ਼ਿੰਦਗੀ ਵਿੱਚ ਅਮਲ ਕਰਨਾ ਚਾਹੀਦਾ ਹੈ। ਮਹਾਨ ਦਾਰਸ਼ਨਿਕ ਸੁਕਰਾਤ ਨੇ ਆਪਣੇ ਚੇਲਿਆਂ ਦੇ ਮਾਧਿਅਮ ਰਾਹੀਂ ਦੁਨੀਆ ਨੂੰ ਸੁਨੇਹਾ ਦਿੰਦੇ ਹੋਏ ਕਿਹਾ ਕਿ ਜ਼ਿੰਦਗੀ ਦੀਆਂ ਸਮੱਸਿਆਵਾਂ ਦਾ ਬੋਝ ਹਰ ਇੱਕ ਨਾਲ ਸਾਂਝਾ ਕਰਨਾ ਅਕਲਮੰਦੀ ਨਹੀਂ ਹੁੰਦੀ। ਗੱਲਾਂ ਮਨ ਵਿੱਚ ਰੱਖ ਲੈਣਾ ਕਮਜ਼ੋਰੀ ਨਹੀਂ ਹੁੰਦੀ। ਉਹੀ ਬੰਦਾ ਆਪਣੀ ਜ਼ਿੰਦਗੀ 'ਚ ਕਾਮਯਾਬ ਹੁੰਦਾ ਹੈ, ਜਿਹੜਾ ਇਹ ਸਮਝ ਰੱਖਦਾ ਹੈ ਕਿ ਕਿਹੜੀ ਗੱਲ ਕਰਨੀ ਹੈ ਤੇ ਕਿਹੜੀ ਨਹੀਂ ਅਤੇ ਕਿਹੜੀ ਗੱਲ ਕਦੋਂ ਕਰਨੀ ਹੈ! ਆਪਣੀਆਂ ਪ੍ਰੇਸ਼ਾਨੀਆਂ ਦੀ ਨੁਮਾਇਸ਼ ਲਗਾਉਣ 'ਤੇ ਲੋਕ ਤੁਹਾਡੇ ਸਾਹਮਣੇ ਹਮਦਰਦੀ ਜਾਹਰ ਕਰਦੇ ਹਨ ਤੇ ਪਿੱਛੋਂ ਗੱਲਾਂ ਕਰਕੇ ਮਜ਼ਾਕ ਉਡਾਉਂਦੇ ਹਨ।

ਬਾਹਰਲੇ ਲੋਕਾਂ ਦੀ ਸ਼ਮੂਲੀਅਤ ਹੋਣ 'ਤੇ ਉਹ ਤੁਹਾਡੇ ਪਰਿਵਾਰਕ ਮਤਭੇਦਾਂ ਨੂੰ ਸੁਣ ਕੇ ਉਨ੍ਹਾਂ ਨੂੰ ਦੂਰ ਕਰਨ ਦੀ ਬਜਾਏ ਉਨ੍ਹਾਂ ਨੂੰ ਹੋਰ ਡੂੰਘਾ ਕਰਨਗੇ। ਆਪਣੀ ਕਮਾਈ ਅਤੇ ਧਨ ਦੌਲਤ ਬਾਰੇ ਬਾਹਰਲੇ ਲੋਕਾਂ ਨੂੰ ਕਦੇ ਨਾ ਦੱਸੋ, ਕਿਉਂਕਿ ਦੌਲਤ ਦੀ ਹਿਫਾਜ਼ਤ ਛਪਾਉਣ ਵਿੱਚ ਹੈ। ਲੋਕ ਜਦੋਂ ਤੁਹਾਡੀ ਕਮਾਈ ਬਾਰੇ ਜਾਣ ਜਾਂਦੇ ਹਨ ਤਾਂ ਕੁਝ ਲੋਕ ਇਹ ਸੋਚ ਕੇ ਕਿ ਜੋ ਕੁਝ ਤੁਹਾਡੇ ਕੋਲ ਹੈ, ਉਨ੍ਹਾਂ ਕੋਲ ਕਿਉਂ ਨਹੀਂ ਹੈ, ਤੁਹਾਡੇ ਨਾਲ ਹਸਦ ਕਰਨਗੇ, ਕੁਝ ਲਾਭ ਉਠਾਉਣ ਦਾ ਯਤਨ ਕਰਨਗੇ। ਅੱਗੇ ਵਧਣ ਵਾਲੇ ਆਪਣੇ ਮਨ ਦੇ ਮਨਸੂਬੇ ਜਨਤਕ ਨਾ ਕਰੋ, ਕਿਉਂਕਿ ਤੁਹਾਨੂੰ ਅੱਗੇ ਵਧਦੇ ਵੇਖ ਕੇ ਖੁਸ਼ ਹੋਣ ਵਾਲੇ ਲੋਕ ਘੱਟ ਹੋਣਗੇ ਅਤੇ ਤੁਹਾਡੀ ਤਰੱਕੀ ਤੋਂ ਜਲਣ ਵਾਲੇ ਲੋਕਾਂ ਦੀ ਗਿਣਤੀ ਜ਼ਿਆਦਾ ਹੋਵੇਗੀ। ਆਪਣੀਆਂ ਕਮਜ਼ੋਰੀਆਂ ਦੂਜਿਆਂ ਦੇ ਸਾਹਮਣੇ ਜਾਹਰ ਨਾ ਕਰੋ, ਕਿਉਂਕਿ ਹੋ ਸਕਦਾ ਹੈ ਕਿ ਲੋਕ ਤੁਹਾਡੀਆਂ ਕਮਜ਼ੋਰੀਆਂ ਨੂੰ ਤੁਹਾਡੇ ਵਿਰੁੱਧ ਹਥਿਆਰ ਬਣਾ ਲੈਣ! ਆਪਣੇ ਵੱਲੋਂ ਕੀਤੀ ਗਈ ਨੇਕੀ ਦੀ ਦੂਜਿਆਂ ਸਾਹਮਣੇ ਚਰਚਾ ਨਾ ਕਰੋ, ਕਿਉਂਕਿ ਤੁਸੀਂ ਆਪਣੀ ਨੇਕੀ ਦੀ ਚਰਚਾ ਕਰਕੇ ਵੱਡਾ ਬਣਨ ਦਾ ਯਤਨ ਕਰ ਰਹੇ ਹੁੰਦੇ ਹੋ। ਚਰਚਾ ਕਰਨ 'ਤੇ ਨੇਕੀ, ਨੇਕੀ ਨਹੀਂ ਰਹਿੰਦੀ। ਨੇਕੀ ਉਹੀ ਹੁੰਦੀ ਹੈ, ਜਿਸਦਾ ਤੁਹਾਨੂੰ ਅਤੇ ਉਸ ਅਕਾਲ ਪੁਰਖ ਨੂੰ ਹੀ ਪਤਾ ਹੁੰਦਾ ਹੈ। ਆਪਣੀ ਨੇਕੀ, ਪ੍ਰਾਪਤੀ ਅਤੇ ਆਪਣੇ ਗੁਣਾਂ ਦੀ ਦੂਜਿਆਂ ਤੋਂ ਪ੍ਰਸ਼ੰਸਾ ਅਤੇ ਸ਼ਾਬਾਸ਼ ਦੀ ਉਮੀਦ ਨਾ ਰੱਖੋ, ਸਗੋਂ ਉਸ ਪਰਮਾਤਮਾ ਤੋਂ ਉਸ ਦੇ ਫਲ ਦੀ ਕਾਮਨਾ ਕਰੋ। ਆਪਣੀ ਹਾਰ ਅਤੇ ਬੇਇੱਜ਼ਤੀ ਦੀ ਕਹਾਣੀ ਦਾ ਦੂਜਿਆਂ ਸਾਹਮਣੇ ਨਾ ਤਾਂ ਮੁਜਾਹਰਾ ਕਰੋ ਅਤੇ ਨਾ ਹੀ ਦੁੱਖ ਦਾ ਪ੍ਰਗਟਾਵਾ ਕਰਕੇ ਕਾਇਰ ਬਣੋ।

ਇੱਕ ਵਾਰ ਮਹਾਤਮਾ ਬੁੱਧ ਇੱਕ ਸਭਾ 'ਚ ਆਪਣੇ ਸਾਹਮਣੇ ਬੈਠੇ ਆਪਣੇ ਭਗਤਾਂ ਨੂੰ ਪ੍ਰਵਚਨ ਰਾਹੀਂ ਚੰਗੀਆਂ-ਚੰਗੀਆਂ ਗੱਲਾਂ ਦੱਸ ਰਹੇ ਸਨ। ਅਚਾਨਕ ਇੱਕ ਮੂਰਖ ਅਤੇ ਪਾਗਲ ਵਿਅਕਤੀ ਉਨ੍ਹਾਂ ਸਾਹਮਣੇ ਆ ਕੇ ਉਨ੍ਹਾਂ ਨੂੰ ਬਹੁਤ ਮਾੜੇ ਸ਼ਬਦ ਬੋਲਣ ਲੱਗ ਪਿਆ। ਮਹਾਤਮਾ ਬੁੱਧ ਨੂੰ ਭੈੜੇ ਸ਼ਬਦ ਬੋਲਦਿਆਂ ਵੇਖ ਲੋਕਾਂ ਨੂੰ ਉਸ ਮੂਰਖ ਅਤੇ ਪਾਗਲ ਵਿਅਕਤੀ ਉੱਤੇ ਬਹੁਤ ਗੁੱਸਾ ਆਇਆ। ਪਹਿਲਾਂ ਤਾਂ ਉਸ ਸਭਾ ਵਿੱਚ ਬੈਠੇ ਲੋਕਾਂ ਨੇ ਉਸ ਵਿਅਕਤੀ ਨੂੰ ਉੱਥੋਂ ਚਲੇ ਜਾਣ ਲਈ ਕਿਹਾ, ਪਰ ਉਸ ਵਿਅਕਤੀ ਨੇ ਉੱਥੋਂ ਜਾਣ ਦੀ ਬਜਾਏ ਮਹਾਤਮਾ ਬੁੱਧ ਲਈ ਹੋਰ ਵੀ ਭੱਦੀ ਸ਼ਬਦਾਵਲੀ ਵਰਤਣੀ ਸ਼ੁਰੂ ਕਰ ਦਿੱਤੀ। ਹੁਣ ਉਸ ਸਭਾ ਵਿੱਚ ਬੈਠੇ ਮਹਾਤਮਾ ਬੁੱਧ ਦੇ ਭਗਤਾਂ ਤੋਂ ਉਸ ਵਿਅਕਤੀ ਦੀ ਗੁਸਤਾਖੀ ਬਰਦਾਸ਼ਤ ਨਹੀਂ ਹੋਈ। ਕੁਝ ਭਗਤ ਉਸ ਨੂੰ ਮਾਰਨ ਦੌੜੇ। ਮਹਾਤਮਾ ਬੁੱਧ ਨੇ ਉਨ੍ਹਾਂ ਭਗਤਾਂ ਨੂੰ ਸਵਾਲ ਕੀਤਾ ਕਿ ਤੁਸੀਂ ਉਸ ਵਿਅਕਤੀ ਪ੍ਰਤੀ ਆਪਣਾ ਗੁੱਸਾ ਜਾਹਰ ਕਰਦਿਆਂ ਉਸ ਨੂੰ ਮਾਰਨ ਕਿਉਂ ਜਾ ਰਹੇ ਹੋ? ਭਗਤਾਂ ਨੇ ਅੱਗੋਂ ਜਵਾਬ ਦਿੱਤਾ, ਮਹਾਰਾਜ ਉਹ ਵਿਅਕਤੀ ਤੁਹਾਨੂੰ ਬਹੁਤ ਮੰਦਾ ਬੋਲ ਰਿਹਾ ਸੀ।

ਮਹਾਤਮਾ ਬੁੱਧ ਨੇ ਮੁੜ ਸਵਾਲ ਕੀਤਾ, ਅੱਛਾ! ਉਹ ਵਿਅਕਤੀ ਕੀ ਭੈੜੇ ਸ਼ਬਦ ਬੋਲ ਰਿਹਾ ਸੀ? ਭਗਤਾਂ ਨੇ ਮਹਾਤਮਾ ਬੁੱਧ ਨੂੰ ਉਸ ਵਿਅਕਤੀ ਵੱਲੋਂ ਬੋਲੇ ਜਾਣ ਵਾਲੇ ਸਾਰੇ ਭੈੜੇ ਸ਼ਬਦ ਦੱਸ ਦਿੱਤੇ। ਮਹਾਤਮਾ ਬੁੱਧ ਨੇ ਉਸ ਵਿਅਕਤੀ ਨੂੰ ਛੱਡ ਦੇਣ ਲਈ ਕਹਿੰਦੇ ਹੋਏ ਕਿਹਾ, ਤੁਸੀਂ ਮੇਰੇ ਪ੍ਰਵਚਨ ਨਹੀਂ ਸਗੋਂ ਉਸ ਵਿਅਕਤੀ ਵੱਲੋਂ ਬੋਲੇ ਜਾਣ ਵਾਲੇ ਮੰਦੇ ਸ਼ਬਦ ਹੀ ਸੁਣ ਰਹੇ ਸੀ। ਮੈਨੂੰ ਤਾਂ ਉਸ ਵਿਅਕਤੀ ਦੇ ਸ਼ਬਦ ਸੁਣੇ ਹੀ ਨਹੀਂ। ਜੇਕਰ ਤੁਸੀਂ ਉਸ ਵਿਅਕਤੀ ਦੇ ਸ਼ਬਦ ਸੁਣੇ ਹੀ ਨਾ ਹੁੰਦੇ ਤਾਂ ਤੁਹਾਨੂੰ ਉਸ ਵਿਅਕਤੀ ਉੱਤੇ ਗੁੱਸਾ ਆਉਣਾ ਹੀ ਨਹੀਂ ਸੀ। ਇਹੋ ਤਾਂ ਮੇਰੇ ਪ੍ਰਵਚਨ ਸਨ। ਇਸਦਾ ਅਰਥ ਇਹ ਹੋਇਆ ਕਿ ਜਾਂ ਤਾਂ ਤੁਸੀਂ ਮੇਰੇ ਪ੍ਰਵਚਨ ਸੁਣੇ ਹੀ ਨਹੀਂ ਜਾਂ ਫੇਰ ਸੁਣੇ ਪ੍ਰਵਚਨ ਉੱਤੇ ਅਮਲ ਨਹੀਂ ਕੀਤਾ। ਮਹਾਤਮਾ ਬੁੱਧ ਦੇ ਸ਼ਬਦ ਸੁਣ ਕੇ ਉਨ੍ਹਾਂ ਦੇ ਭਗਤਾਂ ਨੂੰ ਬਹੁਤ ਹੈਰਾਨੀ ਹੋਈ।

## ਸਿੱਖ ਤਵਾਰੀਖ ਵਿੱਚ ਪੋਹ ਦਾ ਮਹੀਨਾ ਅਤੇ ਸਫ਼ਰ-ਏ-ਸ਼ਹਾਦਤ


# ਪ੍ਰਨਾਮ ਸ਼ਹੀਦਾਂ ਨੂੰ

## ਮਾਤਾ ਗੁਜਰੀ ਜੀ ਅਤੇ ਦਸਮ ਪਾਤਿਸ਼ਾਹ ਦੇ ਲਖਤ-ਏ-ਜਿਗਰ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਬੇਮਿਸਾਲ ਸ਼ਹਾਦਤ ਨੂੰ

# ਕੋਟਾਨਿ ਕੋਟਿ ਸਜਦਾ

**ਇਤਿਹਾਸ ਗਵਾਹ ਹੈ ਕਿ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਲਾਸਾਨੀ ਸ਼ਹਾਦਤ ਜਿਹੀ ਮਿਸਾਲ ਤਵਾਰੀਖ ਦੇ ਪੰਨਿਆਂ ਉਤੇ ਕਿਧਰੇ ਵੀ ਨਹੀਂ ਮਿਲਦੀ**

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ



ਅਮਰਜੀਤ ਸਿੰਘ ਢੀਂਡਸਾ



ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅੰਮ੍ਰਿਤਪਾਲ ਸਿੰਘ ਗਿੱਲ



ਬਲਵਿੰਦਰ ਸਿੰਘ ਚੱਠਾ


ਅਮਰੀਕ ਸਿੰਘ ਸ਼ਿਕਾਗੋ



ਕਿਰਪਾਲ ਸਿੰਘ ਰੰਧਾਵਾ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਲਾਲੀ ਧਾਲੀਵਾਲ (ਮਿਸ਼ੀਗਨ)


ਬਿਕਰਮ ਸਿੰਘ ਸਿੱਧੂ


ਮਨਜਿੰਦਰ ਸਿੰਘ (ਮੈਕ) ਭਮਰਾ



ਦਰਸ਼ਨ ਸਿੰਘ ਪੰਮਾ



ਮਨਮਿੰਦਰ ਸਿੰਘ ਹੀਰ


ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਪਰਮਜੀਤ ਸਿੰਘ ਸਿੱਧੂ (ਮਹਿਰਾਜ)



ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਇੰਦਰ ਹੁੰਜਣ


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ